
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 20
August 28, 2019
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਜਲਿਆਂਵਾਲਾ ਬਾਗ਼ ਦੀ ਸ਼ਤਾਬਦੀ ਨੂੰ ਸਮਰਪਿਤ ਗ਼ਦਰੀ ਬਾਬਿਆਂ ਦਾ ਸੈਕਰਾਮੈਂਟੋ 'ਚ ਮੇਲਾ ਪਹਿਲੀ ਸਤੰਬਰ ਨੂੰ। **(ਰਿਪੋਰਟ ਦੇਖੋ ਸਫਾ 3 ਅਤੇ 10 ਅਤੇ ਇਸਤਿਹਾਰ ਆਖਰੀ ਪੰਨੇ 'ਤੇ)**



ਬੈਡਮਿੰਟਨ ਦੀ ਦੁਨੀਆਂ 'ਚ ਵਿਸ਼ਵ ਜੇਤੂ ਚੈਂਪੀਅਨ ਭਾਰਤੀ ਦੀ ਧੀ ਪੀ ਵੀ ਸਿੰਧੂ ਨੇ ਰਚਿਆ ਇਤਿਹਾਸ। **(ਖਬਰ ਦੇਖੋ ਸਫਾ 9 'ਤੇ)**



ਸ੍ਰੀ ਕ੍ਰਿਸ਼ਨ ਕੁਮਾਰ (ਆਈ. ਏ. ਐਸ.) ਵੱਲੋਂ ਪਿੰਡ ਮੋਰਾਂਵਾਲੀ ਦੀ ਹਰਸੇਵਾ ਸੰਸਥਾ ਦੀਆਂ ਸੇਵਾਵਾਂ ਲਈ ਪ੍ਰਬੰਧਕਾਂ ਦਾ ਵਿਸ਼ੇਸ਼ ਸਨਮਾਨ। ਇਸ ਸਮੇਂ ਸ ਕਸਮੀਰ ਸਿੰਘ ਹੀਰਾ (ਇੰਡੀਆ ਮਾਰਕੀਟ) ਵਾਲਿਆਂ ਦਾ ਸਨਮਾਨ ਕਰਦੇ ਹੋਏ।
**ਹੋਰ ਯਾਦਗਾਰੀ ਤਸਵੀਰਾਂ ਅਤੇ ਰਿਪੋਰਟ ਦੇਖੋ ਸਫਾ 12 'ਤੇ)**

# ਜਨਮ ਦੇ ਆਧਾਰ 'ਤੇ ਮਿਲਣ ਵਾਲੀ ਨਾਗਰਿਕਤਾ ਦਾ ਅਧਿਕਾਰ ਹੋ ਸਕਦਾ ਹੈ ਖ਼ਤਮ

**ਵਾਸ਼ਿੰਗਟਨ (ਬਿਊਰੋ)–** ਰਾਸ਼ਟਰਪਤੀ ਡੋਨਾਲਡ ਟਰੰਪ ਅਮਰੀਕਾ 'ਚ ਜਨਮ ਦੇ ਆਧਾਰ 'ਤੇ ਮਿਲਣ ਵਾਲੀ ਨਾਗਰਿਕਤਾ ਦਾ ਅਧਿਕਾਰ ਖ਼ਤਮ ਕਰਨ ਦੀ ਤਿਆਰੀ 'ਚ ਲੱਗ ਗਏ ਹਨ। ਉਨ੍ਹਾਂ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਅਮਰੀਕਾ 'ਚ ਜਨਮ ਲੈਣ ਵਾਲੇ ਉਨ੍ਹਾਂ ਬੱਚਿਆਂ ਦੇ ਨਾਗਰਿਕਤਾ ਦੇ ਅਧਿਕਾਰ ਨੂੰ ਖ਼ਤਮ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ, ਜਿਨ੍ਹਾਂ ਦੇ ਮਾਪੇ ਅਮਰੀਕੀ ਨਾਗਰਿਕ ਨਹੀਂ ਹਨ। ਟਰੰਪ ਜੇਕਰ ਇਹ ਅਧਿਕਾਰ ਖ਼ਤਮ ਕਰ ਦਿੰਦੇ ਹਨ ਤਾਂ ਇਸ ਨਾਲ ਵੱਡੀ ਗਿਣਤੀ 'ਚ ਭਾਰਤੀ ਵੀ ਪ੍ਰਭਾਵਿਤ ਹੋਣਗੇ। ਜਨਮ ਦੇ ਆਧਾਰ 'ਤੇ ਨਾਗਰਿਕਤਾ ਬਾਰੇ ਪੁੱਛੇ ਗਏ ਇਕ ਸਵਾਲ 'ਤੇ ਟਰੰਪ ਨੇ ਕਿਹਾ, 'ਅਸੀਂ ਇਸ 'ਤੇ ਬੇਹੱਦ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਾਂ। ਸਾਫ਼ ਤੌਰ 'ਤੇ ਕਹਾਂ ਤਾਂ ਇਹ ਬਕਵਾਸ ਹੈ।' ਟਰੰਪ ਨੇ ਰਾਸ਼ਟਰਪਤੀ ਚੋਣ ਪ੍ਰਚਾਰ ਦੌਰਾਨ ਇਹ ਵਾਅਦਾ ਕੀਤਾ ਸੀ ਕਿ ਉਹ ਜਨਮ ਦੇ ਆਧਾਰ 'ਤੇ ਮਿਲਣ ਵਾਲੀ ਨਾਗਰਿਕਤਾ ਦੇ ਅਧਿਕਾਰ ਨੂੰ ਖ਼ਤਮ ਕਰ ਦੇਣਗੇ।

**ਅਮਰੀਕੀ ਸੰਵਿਧਾਨ ਨੇ ਦਿੱਤਾ ਹੈ ਅਧਿਕਾਰ**



ਅਮਰੀਕੀ ਸੰਵਿਧਾਨ ਦੀ 14ਵੇਂ ਸੋਧ 'ਚ ਅਮਰੀਕਾ 'ਚ ਜਨਮ ਲੈਣ ਵਾਲੇ ਅਜਿਹੇ ਬੱਚਿਆਂ ਨੂੰ ਵੀ ਦੇਸ਼ ਦੀ ਨਾਗਰਿਕਤਾ ਦੇਣ ਦੀ ਗਾਰੰਟੀ ਦਿੱਤੀ ਗਈ ਹੈ, ਜਿਨ੍ਹਾਂ ਦੇ ਮਾਪੇ ਅਮਰੀਕੀ ਨਾਗਰਿਕ ਨਹੀਂ ਹਨ।

**ਸ਼ਰਨਾਰਥੀ ਪਰਿਵਾਰਾਂ ਨੂੰ ਬੰਦੀ ਬਣਾਉਣ ਲਈ ਨਵੇਂ ਨਿਯਮ ਦਾ ਐਲਾਨ**

ਟਰੰਪ ਪ੍ਰਸ਼ਾਸਨ ਨੇ ਇਕ ਨਿਯਮ ਦਾ ਐਲਾਨ ਕੀਤਾ, ਜਿਸ ਨਾਲ ਅਮਰੀਕਾ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਸ਼ਰਨਾਰਥੀ ਪਰਿਵਾਰਾਂ ਨੂੰ ਅਣਮਿੱਥੇ ਸਮੇਂ ਤਕ ਬੰਦੀ ਬਣਾਈ ਰੱਖਣ ਦਾ ਅਧਿਕਾਰ ਮਿਲ ਜਾਵੇਗਾ। ਨਵੇਂ ਨਿਯਮਾਂ ਨਾਲ ਸ਼ਰਨਾਰਥੀ ਪਰਿਵਾਰਾਂ ਦੇ ਬੱਚਿਆਂ ਨੂੰ 20 ਦਿਨ ਤੋਂ ਵੱਧ ਹਿਰਾਸਤ 'ਚ ਰੱਖਣ ਦੀ ਵਿਵਸਥਾ ਵੀ ਖ਼ਤਮ ਹੋ ਗਈ ਹੈ। ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਨੇ ਇਨ੍ਹਾਂ ਨਿਯਮਾਂ ਦਾ ਐਲਾਨ ਕੀਤਾ ਹੈ। ਸਾਲ 2017 'ਚ ਰਾਸ਼ਟਰਪਤੀ ਅਹੁਦਾ ਸੰਭਾਲਣ ਤੋਂ ਬਾਅਦ ਤੋਂ ਹੀ ਟਰੰਪ ਨੇ ਅਮਰੀਕਾ 'ਚ ਨਾਜਾਇਜ਼ ਤੌਰ 'ਤੇ ਦਾਖ਼ਲ ਹੋਣ ਵਾਲੇ ਸ਼ਰਨਾਰਥੀਆਂ ਬਾਰੇ ਸਖ਼ਤ ਰਵੱਈਆ ਅਪਣਾਇਆ ਹੋਇਆ ਹੈ। ਅਮਰੀਕਾ 'ਚ ਸ਼ਰਨਾਰਥੀਆਂ ਨੂੰ ਦਾਖ਼ਲ ਹੋਣ ਤੋਂ ਰੋਕਣ ਲਈ ਉਹ ਮੈਕਸੀਕੋ ਨਾਲ ਲਗਦੀ ਸਰਹੱਦ 'ਤੇ ਕੰਧ ਵੀ ਬਣਵਾ ਰਹੇ ਹਨ।

# ਸੁਪਰੀਮ ਕੋਰਟ 'ਚ ਤੁਗ਼ਲਕਾਬਾਦ ਵਿਚ ਸ੍ਰੀ ਗੁਰੂ ਰਵਿਦਾਸ ਮੰਦਰ ਨਿਰਮਾਣ ਲਈ ਪਟੀਸ਼ਨ ਦਾਇਰ

**ਨਵੀਂ ਦਿੱਲੀ (ਬਿਊਰੋ)–** ਤੁਗ਼ਲਕਾਬਾਦ ਵਣ ਖੇਤਰ 'ਚ ਗੁਰੂ ਰਵਿਦਾਸ ਮੰਦਰ ਦੇ ਨਿਰਮਾਣ ਦੀ ਪ੍ਰਵਾਨਗੀ ਦੇਣ ਦੇ ਨਿਰਦੇਸ਼ ਦੀ ਮੰਗ ਸਬੰਧੀ ਇਕ ਪਟੀਸ਼ਨ ਮੰਗਲਵਾਰ ਨੂੰ ਸੁਪਰੀਮ ਕੋਰਟ ਵਿਚ ਦਾਖ਼ਲ ਕੀਤੀ ਗਈ। ਇਸ ਖੇਤਰ ਵਿਚ ਮੰਦਰ ਨੂੰ ਢਾਹ ਦਿੱਤਾ ਗਿਆ ਸੀ। ਸੁਪਰੀਮ ਕੋਰਟ ਵਿਚ ਇਹ ਪਟੀਸ਼ਨ ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਅਸ਼ੋਕ ਤੰਵਰ ਤੇ ਹਰਿਆਣਾ ਦੇ ਸਾਬਕਾ ਮੰਤਰੀ ਪ੍ਰਦੀਪ ਜੈਨ ਅਦਿਤਿਆ ਨੇ ਦਾਇਰ ਕੀਤੀ ਹੈ। ਪਟੀਸ਼ਨ ਵਿਚ ਉਨ੍ਹਾਂ ਨੇ ਦਲੀਲ ਦਿੱਤੀ ਹੈ ਕਿ ਰਵਿਦਾਸ ਮੰਦਰ ਡੇਗੇ ਜਾਣ ਕਾਰਨ ਉਹ ਪੂਜਾ ਦੇ



ਅਧਿਕਾਰ ਤੋਂ ਵਾਂਝੇ ਹੋ ਗਏ ਹਨ। ਖ਼ੁਦ ਨੂੰ ਗੁਰੂ ਰਵਿਦਾਸ ਦਾ ਭਗਤ ਦੱਸਦਿਆਂ ਦੋਵਾਂ ਨੇ ਗੁਰੂ ਰਵਿਦਾਸ ਦੀ ਮੂਰਤੀ ਨੂੰ ਮੁੜ ਸਥਾਪਤ ਕਰਨ ਦੀ ਮੰਗ ਕੀਤੀ ਹੈ ਜਿਸ ਨੂੰ ਮੰਦਰ ਵਾਲੀ ਥਾਂ ਤੋਂ ਹਟਾ ਦਿੱਤਾ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ 1509 'ਚ ਖ਼ੁਦ ਸੁਲਤਨ ਸਿਕੰਦਰ ਲੋਧੀ ਨੇ ਇਹ ਜ਼ਮੀਨ ਮੰਦਰ ਲਈ ਗੁਰੂ ਰਵਿਦਾਸ ਨੂੰ ਦਿੱਤੀ ਸੀ। ਉਹ ਜ਼ਮੀਨ ਗੁਰੂ ਰਵਿਦਾਸ ਦੇ ਸਾਰੇ ਪੈਰੋਕਾਰਾਂ ਲਈ ਬੇਹੱਦ ਇਤਿਹਾਸਕ ਤੇ ਧਾਰਮਿਕ ਮਹੱਤਵ ਵਾਲੀ ਹੈ। ਦੱਸਣਾ ਬਣਦਾ ਹੈ ਕਿ ਕੇਂਦਰ ਸਰਕਾਰ ਤਹਿਤ ਕੰਮ ਕਰਨ ਵਾਲੀ ਦਿੱਲੀ ਵਿਕਾਸ ਅਥਾਰਟੀ (ਡੀਡੀਏ) ਨੇ 10 ਅਗਸਤ ਨੂੰ ਉਕਤ ਮੰਦਰ ਡੇਗ ਦਿੱਤਾ ਸੀ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਵ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਵ ਪੀਵ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਸੈਕਰਾਮੈਂਟੋ 'ਚ ਗਦਰੀ ਬਾਬਿਆਂ ਦੇ ਮੇਲੇ ਦੀਆਂ ਤਿਆਰੀ ਮੁਕੰਮਲ

## ਪ੍ਰਸਿੱਧ ਖੋਜੀ ਚਰੰਜੀ ਲਾਲ ਕਾਂਗਣੀਵਾਲ ਹੋਣਗੇ ਮੁੱਖ ਮਹਿਮਾਨ

**ਸੈਕਰਾਮੈਂਟੋ (ਬਿਊਰੋ)-** ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਕੈਲੇਫੋਰਨੀਆ ਵੱਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਜਾ ਰਹੇ ਮੇਲੇ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਸਤੰਬਰ ਪਹਿਲੀ, ਐਤਵਾਰ ਨੂੰ ਇਸ ਮੇਲੇ ਦੇ ਮੁੱਖ ਮਹਿਮਾਨ ਦੇਸ਼ ਭਗਤ ਯਾਦਗਾਰ ਜਲੰਧਰ ਦੇ ਟਰੱਸਟੀ ਤੇ ਗਦਰ ਲਹਿਰ ਦੇ ਪ੍ਰਸਿੱਧ ਖੋਜੀ ਚਰੰਜੀ ਲਾਲ ਕਾਂਗਣੀਵਾਲ ਹੋਣਗੇ।



ਚਰੰਜੀ ਲਾਲ ਕਾਂਗਣੀਵਾਲ

ਸ੍ਰੀ ਬਿੰਦਰਾ ਦਾ ਕਹਿਣਾ ਹੈ ਕਿ ਸ੍ਰੀ ਚਿਰੰਜੀ ਲਾਲ ਕੰਗਣੀਵਾਲ ਗਦਰ ਦੇ ਇਤਿਹਾਸ ਦੇ ਕਾਫੀ ਮਾਹਿਰ ਹਨ, ਸੋ ਉਹਨਾਂ ਦੇ ਮੁਖਾਰਬਿੰਦ ਤੋਂ ਸੁਣਨ ਲਈ ਆਓ ਆਪਾਂ ਬਾਕੀ ਹੋਰ ਰੁਝੇਵਿਆਂ ਨੂੰ ਛੱਡ ਕੇ ਇਸ ਗਦਰੀ ਬਾਬਿਆਂ ਦੇ ਮੇਲੇ 'ਚ ਹਾਜ਼ਰੀਆਂ ਭਰ ਕੇ ਮਹਾਨ ਗਦਰੀ ਬਾਬਿਆਂ ਦੀਆਂ ਬੇਮਿਸਾਲ ਕੁਰਬਾਨੀਆਂ ਨੂੰ ਸਜਦਾ ਕਰੀਏ।

ਸਭਿਆਚਾਰਕ ਪ੍ਰੋਗਰਾਮ ਵਿਚ ਢਾਡੀ ਜਥਾ (ਅਵਤਾਰ ਸਿੰਘ ਹੀਰਾ), ਪੰਮੀ ਮਾਨ, ਪੂਨਮ ਮਲਹੋਤਰਾ ਤੇ ਮੁੱਖ ਕਲਾਕਾਰ ਗਿੱਲ ਹਰਦੀਪ ਅਤੇ ਮੱਖਣ ਬਰਾੜ ਪਹੁੰਚ ਰਹੇ ਹਨ। ਯੂਨੀਵਰਸਿਟੀ ਵੱਲੋਂ ਭੰਗੜੇ, ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ। ਜਲ੍ਹਿਆਂ ਵਾਲੇ ਬਾਗ ਦੇ ਖੂਨੀ ਘਾਣ ਦੀ ਸ਼ਤਾਬਦੀ 'ਤੇ ਹੋਣ ਜਾ ਰਹੇ ਮੇਲੇ 'ਤੇ ਗਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ। ਖਾਣਾ, ਪਾਰਕਿੰਗ ਤੇ ਦਾਖਲਾ ਮੁਫਤ ਹੋਵੇਗਾ। ਇਸ ਮੇਲੇ ਦੇ ਪ੍ਰਮੁੱਖ ਸਪਾਂਸਰ ਹੋਣਗੇ Klee Bro Inc, P S Trans Ins, Dhami Trucking, S & B Repair Service, Chinna Jewellers Inc.

ਆਓ ਸਾਰੇ ਹੁੰਮ ਹੁੰਮਾ ਕੇ ਗਦਰੀ ਬਾਬਿਆਂ ਨੂੰ ਉਹਨਾਂ ਦੀਆਂ ਕੁਰਬਾਨੀਆਂ ਨੂੰ ਸਜਦਾ ਕਰਨ ਲਈ 1 ਸਤੰਬਰ 2019, ਐਤਵਾਰ ਨੂੰ ਐਸ. ਈ. ਐਸ. ਹਾਲ 10422 ਈਸਟ ਸਟਾਕਨ, ਬੁਲੇਵਾਰਡ, ਐਲਕ ਗਰੋਵ ਸੈਕਰਾਮੈਂਟੋ (ਕੈਲੇਫੋਰਨੀਆ) 95624 ਪਹੁੰਚੀਏ। ਹੋਰ ਜਾਣਕਾਰੀ ਲਈ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨਾਲ 916-420-2390 'ਤੇ ਸੰਪਰਕ ਕੀਤਾ ਜਾ ਸਕਦਾ ਹੈ।


# ਗੁਰੂ ਨਾਨਕ ਸਪੋਰਟਸ ਕਲੱਬ ਵੱਲੋਂ ਬਾਸਕਟਬਾਲ ਮੁਕਾਬਲੇ ਕਰਵਾਏ ਗਏ



**ਫਰਿਜ਼ਨੋ (ਕੁਲਵੰਤ ਧਾਲੀਆ/ਨੀਟਾ ਮਾਛੀਕੇ)-** ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ ਦੋ ਦਿਨਾ ਟੂਰਨਾਮੈਂਟ ਦੌਰਾਨ ਕਰਮਨ ਹਾਈ ਸਕੂਲ ਦੇ ਵਿਚ ਅੰਡਰ 18 ਸਾਲ ਅਤੇ ਓਪਨ ਬਾਸਕਟਬਾਲ ਦੇ ਮੁਕਾਬਲ ਕਰਵਾਏ ਗਏ, ਜਿਹਨਾਂ ਵਿਚ ਕੈਲੇਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ 15 ਤੋਂ ਵਧੀਕ ਟੀਮਾਂ ਨੇ ਹਿੱਸਾ ਲਿਆ। ਇਸ ਤੋਂ ਇਲਾਵਾ ਛੋਟੇ ਬੱਚਿਆਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ 10 ਸਾਲ ਅਤੇ ਅੰਡਰ ਦਾ ਮੈਚ ਵੀ ਕਰਵਾਇਆ ਗਿਆ। ਜਿਸ ਦੌਰਾਨ ਬੱਚਿਆਂ ਨੇ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜੇਤੂ ਟੀਮਾਂ ਨੂੰ ਦਿਲਕਸ਼ ਸ਼ਾਨਦਾਰ ਇਨਾਮ ਦਿੱਤੇ ਗਏ। ਇਸ ਸਮੇਂ ਬੱਚਿਆਂ ਦੇ ਮਾਪਿਆਂ ਵਿਚ ਵੀ ਖੇਡਾਂ ਪ੍ਰਤੀ ਦਿਲਚਸਪੀ ਨਜ਼ਰ ਆ ਰਹੀ ਸੀ। ਇੱਥੇ ਇਹ ਗੱਲ ਵਰਣਨਯੋਗ ਹੈ ਕਿ ਗੁਰੂ ਨਾਨਕ ਸਪੋਰਟਸ ਕਲੱਬ 1970 ਦੇ ਦਹਾਕੇ ਤੋਂ ਲਗਾਤਾਰ ਕਬੱਡੀ ਟੂਰਨਾਮੈਂਟ ਅਤੇ ਹੋਰ ਬਾਕੀ ਖੇਡਾਂ ਦੇ ਮੁਕਾਬਲੇ ਕਰਵਾਉਂਦਾ ਆ ਰਿਹਾ ਹੈ। ਪਰ ਹੁਣ ਬੱਚਿਆਂ ਦੇ ਖੇਡਾਂ ਵੱਲ ਘੱਟ ਰਹੇ ਰੁਝਾਨ ਨੂੰ ਦੇਖਦੇ ਹੋਏ ਪ੍ਰਬੰਧਕਾਂ ਵੱਲੋਂ ਇਹ ਸਪੈਸ਼ਲ ਬਾਸਕਟਬਾਲ ਟੂਰਨਾਮੈਂਟ ਕਰਵਾਉਣ ਦਾ ਉਪਰਾਲਾ ਕੀਤਾ ਗਿਆ ਹੈ, ਜਿਸ ਦਾ ਮਕਸਦ ਹੈ ਕਿ ਨਵੀਂ ਪੀੜ੍ਹੀ ਨੂੰ ਘਰ ਦੀ ਚਾਰ ਦੀਵਾਰੀ ਅੰਦਰ ਵੀਡੀਓ ਗੇਮਾਂ ਤੋਂ ਬਾਹਰ ਕੱਢ ਕੇ ਸਰੀਰਕ ਖੇਡਾਂ ਵੱਲ ਤੋਰਿਆ ਜਾਵੇ। ਜਿਸ ਨਾਲ ਬੱਚਿਆਂ ਵਿਚ ਸਰੀਰਕ ਤੰਦਰੁਸਤੀ ਅਤੇ ਆਪਸੀ ਭਾਈਚਾਰਕ ਸਾਂਝ ਵਧੇਗੀ। ਇਸ ਸਮੁੱਚੇ ਟੂਰਨਾਮੈਂਟ ਦੀ ਸਫਲਤਾ ਲਈ ਸਮੂਹ ਪ੍ਰਬੰਧਕ ਵਧਾਈ ਦੇ ਪਾਤਰ ਹਨ। ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਇਹ ਦੋ ਦਿਨਾ ਬਾਸਕਟਬਾਲ ਟੂਰਨਾਮੈਂਟ ਯਾਦਗਾਰੀ ਹੋ ਨਿੱਬੜਿਆ।

# ਨਿਊਯਾਰਕ ਦੇ ਮਨਹਾਟਨ ਵਿਚ ਰਿਵਾਲਵਰ ਦੀ ਨੋਕ 'ਤੇ ਲੁਟੇਰਿਆਂ ਨੇ ਇਕ ਜਿਊਲਰਜ਼ ਦੇ ਮੁਲਾਜ਼ਮਾਂ ਨੂੰ ਬੰਨ੍ਹ ਕੇ ਲੁੱਟਿਆ

**ਨਿਊਯਾਰਕ (ਰਾਜ ਗੋਗਨਾ)-** ਮਿਡਟਾਊਨ ਮਨਹਾਟਨ ਵਿਚ ਬੀਤੇ ਦਿਨੀਂ ਇਕ ਗਹਿਣਿਆਂ ਦੀ ਦੁਕਾਨ ਨੂੰ ਲੁੱਟਣ ਵਾਲੇ ਤਿੰਨ ਕਾਲੇ ਮੂਲ ਦੇ ਵਿਅਕਤੀਆਂ ਦੀ ਭਾਲ ਕਰ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਡਾਇਮੰਡ ਜ਼ਿਲ੍ਹੇ ਵਿਚ ਵੈਸਟ 47 ਸਟ੍ਰੀਟ ਮਨਹਾਟਨ ਵਿਖੇ ਇਕ ਗਹਿਣਿਆਂ ਦੇ ਸਟੋਰ ਵਿਚ ਦੁਪਹਿਰ ਤੋਂ ਬਾਅਦ ਵਾਪਰੀ। ਕਾਲੇ ਮੂਲ ਦੇ ਲੁਟੇਰੇ ਡਾਇਮੰਡ ਡਿਸਟ੍ਰਿਕਟ ਦੇ ਮੱਧ ਵਿਚ ਬੇਰਹਿਮੀ ਨਾਲ ਇਕ ਗਹਿਣਿਆਂ ਦੀ ਦੁਕਾਨ 'ਚ ਅਸਲੇ ਨਾਲ ਦਾਖਲ ਹੋਏ, ਜਿਸ ਵਿਚ ਉਚੇ ਮੁੱਲ ਦੀਆਂ



ਘੜੀਆਂ, ਸੋਨੇ ਦੀਆਂ ਮੁੰਦਰੀਆਂ, ਹਾਰ ਅਤੇ ਹੋਰ ਚਮਕਦਾਰ ਗਹਿਣਿਆਂ ਨਾਲ ਭਰੀ ਹੋਈ ਸੀ। ਉਹਨਾਂ ਨੇ ਇਸ ਨੂੰ ਬਹੁਤ ਹੀ ਵਿਉਂਤਬੰਦੀ ਨਾਲ ਲੁੱਟਿਆ। ਜਾਂਚ ਕਰਤਾਵਾਂ ਦੇ ਅਨੁਸਾਰ ਸ਼ੱਕੀ ਵਿਅਕਤੀਆਂ ਨੇ ਮੁਲਾਜ਼ਮਾਂ ਨੂੰ ਪਹਿਲੇ ਬੰਨ੍ਹਿਆ ਤੇ ਫਿਰ ਸਟੋਰ ਨੂੰ ਲੁੱਟਿਆ ਅਤੇ ਫਰਾਰ ਹੋ ਗਏ।

ਫਿਲਹਾਲ ਨੁਕਸਾਨ ਦਾ ਅੰਦਾਜ਼ਾ ਨਹੀਂ ਲੱਗ ਸਕਿਆ। ਸਥਾਨਕ ਪੁਲਿਸ ਦਾ ਕਹਿਣਾ ਹੈ ਕਿ ਉਹ ਲੁੱਟ ਦੇ ਮਾਮਲੇ ਵਿਚ ਤਿੰਨ ਕਾਲੇ ਮਰਦਾਂ ਦੀ ਭਾਲ ਕਰ ਰਹੇ ਹਨ, ਜੋ ਸਟੋਰ 'ਚ ਲੱਗੇ ਸੀਸੀਟੀਵੀ ਕੈਮਰੇ ਵਿਚ ਕੈਦ ਹੋ ਗਏ।


A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431

649 W. Elkhorn Blvd. Suite B2

Rio Linda, CA 95673

Amarjit Sandhu



L.A. MERCHANDISE

Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables





New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।







Baksho Kaur Bisla Hardev Singh Bisla

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

530-671-0439, Fax 530-822-0439 Cell- 530-844-3250

# ਸੰਘਰਸ਼ ਕਮੇਟੀ ਤੁਗਲਕਾਬਾਦ ਦੀ ਰਾਊਂਡ ਟੇਬਲ ਵਾਰਤਾ ਹੋਈ





**ਨਵੀਂ ਦਿੱਲੀ (ਬਿਊਰੋ)-** ਬੀਤੀ ਸ਼ਾਮ ਸੰਘਰਸ਼ ਕਮੇਟੀ ਤੁਗਲਕਾਬਾਦ ਦੀ ਰਾਊਂਡ ਟੇਬਲ ਵਾਰਤਾ ਡਾਕਟਰ ਭੀਮ ਰਾਓ ਅੰਬੇਦਕਰ ਸੈਂਟਰਲ ਰਿਸਰਚ ਕੇਂਦਰ ਵਿਚ ਹੋਈ, ਜਿਸ ਵਿਚ ਪ੍ਰਧਾਨ ਸਤਵਿੰਦਰ ਸਿੰਘ ਹੀਰਾ, ਆਦਿ ਗੁਰੂ ਆਰ. ਐਨ. ਆਦਿਵੰਸ਼ੀ ਜੀ, ਜਨਰਲ ਸਕੱਤਰ ਰਾਮ ਸਿੰਘ ਸ਼ੁਕਲਾ, ਉਪ ਪ੍ਰਧਾਨ ਖਵਿੰਦਰ ਸਿੰਘ ਕੈਪਟਲ, ਗੁਰੂ ਦਿਆਲ ਲਾਲੀ, ਓਮ ਪ੍ਰਕਾਸ਼, ਬੀ. ਕੇ. ਸਿੰਘ ਜੀ, ਓਮ ਪ੍ਰਕਾਸ਼ ਚੋਪੜਾ, ਮਦਨ ਲਾਲ, ਸੁਰਜੀਤ ਸਿੰਘ, ਬੀਰਬਲ ਸਿੰਘ, ਨਰਿੰਦਰ ਜੱਸੀ, ਰਿਸ਼ੀ ਪਾਲ, ਬ੍ਰਹਮ ਪ੍ਰਕਾਸ਼ ਜੀ, ਸੰਤ ਗੁਰਦੀਪ ਗਿਰੀ, ਸੰਤ ਸੁਰਿੰਦਰ ਜੀ, ਸੰਤ ਸਰਵਨ ਦਾਸ ਜੀ, ਸੰਤ ਜੋਗਿੰਦਰ ਜੌਹਰੀ ਜੀ, ਸੰਤ ਬਨਬਾਰੀ ਲਾਲ, ਸੰਤ ਨਿਰਮਲ ਸਿੰਘ, ਸੰਤ ਸੰਦੀਪ ਸਿੰਘ, ਸੰਤ ਜਗਦੀਸ਼ ਜੀ ਅਤੇ ਸਰਕਾਰ ਵੱਲੋਂ ਰਣਜੀਤ ਸਿੰਘ ਅਟਵਾਲ, ਸਾਂਸਦ ਹੰਸ ਰਾਜ ਹੰਸ, ਸਾਂਸਦ ਦੁਸ਼ਿਅੰਤ ਨੇ ਭਾਗ ਲਿਆ।

ਗੱਲਬਾਤ ਬਹੁਤ ਹੀ ਵਧੀਆ ਮਾਹੌਲ ਵਿਚ ਹੋਈ। ਕਮੇਟੀ ਨੇ ਦੋ ਹੀ ਵਿਸ਼ਿਆਂ ’ਤੇ ਸਰਕਾਰ ਨੂੰ ਬੇਨਤੀ ਕੀਤੀ ਕਿ ਤੁਰੰਤ 96 ਬੱਚਿਆਂ ਨੂੰ ਰਿਹਾਅ ਕੀਤਾ ਜਾਵੇ ਅਤੇ ਗੁਰੂ ਰਵਿਦਾਸ ਜੀ ਦੀ ਇਤਿਹਾਸਕ ਧਰੋਹਰ ਨੂੰ ਵਾਪਸ ਕੀਤਾ ਜਾਵੇ, ਜਿਸ ਦੇ ਲਈ ਅਟਵਾਲ ਜੀ ਨੇ ਸਹਿਯੋਗ ਦਾ ਭਰੋਸਾ ਦਿੱਤਾ ਅਤੇ ਸਰਕਾਰ ਤੱਕ ਸਾਡੀ ਗੱਲ ਪਹੁੰਚਾ ਕੇ ਸਮੱਸਿਆਵਾਂ ਦਾ ਹੱਲ ਕਰਨ ਲਈ ਕਿਹਾ।

# ਲੋਕ ਸਾਜ਼ਾਂ ਦੀ ਸੱਥ ਵਿੱਚ ਸੰਗੀਤ ਦੀਆਂ ਛਹਿਬਰਾਂ

## ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਵਲੋਂ ਕਰਵਾਏ ਨਿਵੇਕਲੇ ਪ੍ਰੋਗਰਾਮ ਦਾ ਸਰੋਤਿਆਂ ਨੇ ਮਾਣਿਆ ਆਨੰਦ

PUNJABI CULTURAL CENTER USA





**ਫਰਿਜ਼ਨੋ (ਕੁਲਵੰਤ ਧਾਲੀਆ/ਨੀਟਾ ਮਾਛੀਕੇ)-** ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਵਿਖੇ ਲੰਘੇ ਸ਼ਨਿਚਰਵਾਰ ਜੁੜੀ ਲੋਕ ਸਾਜ਼ਾਂ ਦੀ ਸੰਗੀਤਕ ਸੱਥ ਵਿੱਚ ਕਲਾਕਾਰਾਂ ਨੇ ਐਸਾ ਰੰਗ ਬੰਨ੍ਹਿਆਂ ਕਿ ਮਾਹੌਲ ਵਿੱਚ ਸੁਰਾਂ ਦੀਆਂ ਛਹਿਬਰਾਂ ਮਹਿਸੂਸ ਹੁੰਦੀਆਂ ਸਨ ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਫਰਿਜ਼ਨੋਂ ਸਟੂਡੀਓ 2125 ਐਨ ਬਾਰਟਨ ਐਵੇਨਿਊ (2125 N Barton Ave Fresno CA 93703) ਦੇ ਵਿਹੜੇ ਵਿੱਚ 24 ਅਗਸਤ ਨੂੰ ਲੋਕ ਸਾਜ਼ਾਂ ਦੇ ਇਸ ਵਿਲੱਖਣ ਪ੍ਰੋਗਰਾਮ ’ਚ ਲੋਕ ਸਾਜ਼ਾਂ ਬੀਨ, ਅਲਗੋਜਿਆਂ, ਤੂੰਬੀ ਤੋਂ ਇਲਾਵਾ ਸਦਾ ਬਹਾਰ ਸਾਰੰਗੀ ਅਤੇ ਢੋਲਕ ਦੀਆਂ ਧੁਨਾਂ ਨੇ ਸਰੋਤਿਆਂ ਨੂੰ ਮੰਤਰ- ਮੁਗਧ ਕਰੀ ਰੱਖਿਆ। ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮਪੁਰਬ ਨੂੰ ਸਮਰਪਿਤ ਇਸ ਸੰਗੀਤਕ ਪ੍ਰੋਗਰਾਮ ਦੀ ਸ਼ੁਰੂਆਤ ਸਾਰੇ ਕਲਾਕਾਰਾਂ ਦੀ ਜੁਗਲਬੰਦੀ ਰਾਹੀਂ ‘ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਐ, ਨੀਝਾਂ ਲਾ ਲਾ ਵੇਹਦੀਂ ਦੁਨੀਆਂ ਸਾਰੀ ਐ..’ ਗੀਤ ਨਾਲ ਕੀਤੀ ਗਈ।

ਰੇਡੀਓ ਸਟੂਡੀਓ ਦੇ ਮੁੱਖ ਹਾਲ ਵਿੱਚ ਬਾਅਦ ਦੁਪਹਿਰ 3:30 ਵਜੇ ਤੋਂ ਸ਼ਾਮ 5:00 ਵਜੇ ਤੱਕ ਚੱਲੀ ਇਸ ਮਹਿਫ਼ਲ ਵਿੱਚ ਚੰਡੀਗੜ੍ਹ ਤੋਂ ਆਏ ਕਲਾਕਾਰ ਪਰਮਜੀਤ ਪੱਡਾ ਨੇ ਬੀਨ, ਅਲਗੋਜਿਆਂ ਤੇ ਤੂੰਬੀ ਰਾਹੀਂ ਪੰਜਾਬ ਦੇ ਮੇਲਿਆਂ ਦੇ ਅਖ਼ਾੜਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ।

ਪਰਮਜੀਤ ਪੱਡਾ ਚੰਡੀਗੜ੍ਹ ਤੇ ਪੰਜਾਬ ਦੇ ਲੋਕ ਸਾਜ਼ਾਂ ਦੇ ਖੇਤਰ ’ਚ ਕਾਫ਼ੀ ਜਾਣੇ-ਪਛਾਣੇ ਹਨ। ਪੰਜਾਬ ਦੀਆਂ ਮੁੱਖ ਯੂਨੀਵਰਸਿਟੀਆਂ ਦੇ ਸਾਲਾਨਾ ਯੁਵਕ ਮੇਲਿਆਂ ਦੇ ਲੋਕ ਸਾਜ਼ਾਂ ਦੇ ਮੁਕਾਬਲਿਆਂ ਵਿੱਚ ਜੱਜ ਹੋਣ ਦਾ ਮਾਣ ਹਾਸਲ ਕਰਨ ਵਾਲੇ ਪਰਮਜੀਤ ਪੱਡਾ ਨੇ ਬੀਨ ਦੀ ਵਿਲੱਖਣਤਾ ਅਤੇ ਅਸਲੀ ਬੀਨ ਨੂੰ ਤਿਆਰ ਕਰਨ ਵਿੱਚ ਹੁੰਦੀ ਭਾਰੀ ਮੇਹਨਤ ਤੇ ਮੁਸ਼ਕਲਾਂ ਬਾਰੇ ਵੀ ਸਰੋਤਿਆਂ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਬੀਨ ਦੀ ਮੁੱਖ ਧੁਨ ਲਹਿਰੀਆ ਦੀ ਪੇਸ਼ਕਾਰੀ ਰਾਹੀਂ ਅਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ।



ਪ੍ਰੋਗਰਾਮ ਵਿੱਚ ਉਚੇਚਾ ਸੱਦੇ ਉੱਤੇ ਪੁੱਜੇ ਸਾਰੰਗੀ ਮਾਸਟਰ ਜਗਜੀਤ ਸਿੰਘ ਨੇ ਸਾਰੰਗੀ ਦੀਆਂ ਮੋਹ ਲੈਣ ਵਾਲੀਆਂ ਸੁਰਾ ਰਾਹੀਂ ਸਰੋਤਿਆਂ ਤੋਂ ਭਰਵੀਂ ਵਾਹਵਾ ਕਮਾਈ। ਉਨ੍ਹਾਂ ਵਲੋਂ ਸਾਰੰਗੀ ਰਾਹੀਂ ਬੀਨ ਅਤੇ ਅਲਗੋਜਿਆਂ ਦਾ ਵਾਦਨ ਕਮਾਲ ਸੀ।

ਪ੍ਰੋਗਰਾਮ ਦਾ ਸਿਖ਼ਰ ਸੀ ਪੰਜਾਬੀ ਰੇਡੀਓ ਯੂ.ਐਸ.ਏ. ਅਤੇ ਕਲਚਰਲ ਸੈਂਟਰ ਦੀ ਟੀਮ ਮੈਂਬਰ ਜੋਤ ਰਣਜੀਤ ਵਲੋਂ ਲੋਕ ਸਾਜ਼ ਢੱਡ ਨਾਲ ਵਾਰ ਗਾਇਣ। ਪੰਜਾਬ ਦੇ ਮਸ਼ਹੂਰ ਢਾਡੀ ਜਥੇ ਗਲਵੱਟੀ ਵਾਲੀਆਂ ਬੀਬੀਆਂ ਦੀ ਮੈਂਬਰ ਵਜੋਂ ਹਰਮਨਪਿਆਰੀ ਰਹੀ ਜੋਤ ਰਣਜੀਤ ਨੇ ਬਾਬਾ ਬੰਦਾ ਬਹਾਦਰ ਜੀ ਦੀ ਵਾਰ ਦੇ ਗਾਇਣ ਨਾਲ ਅਪਣੀ ਬੁਲੰਦ ਆਵਾਜ਼ ਦਾ ਜਲਵਾ ਵਿਖਾਇਆ।

ਅੰਮ੍ਰਿਤਜੋਤ ਸਿੰਘ ਬੇਕਰਜ਼ਫੀਲਡ ਨੇ ਢੋਲਕ ਰਾਹੀਂ ਪ੍ਰੋਗਰਾਮ ਦੌਰਾਨ ਸੰਗੀਤਕ ਇਕਸੁਰਤਾ ਬਣਾਉਣ ’ਚ ਵੱਡਾ ਯੋਗਦਾਨ ਪਾਇਆ।

ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਅਪਣੇ ਸਵਾਗਤੀ ਭਾਸ਼ਨ ਮੌਕੇ ਕਿਹਾ ਕਿ ਪੰਜਾਬ ਦੇ ਅਲੋਪ ਹੋ ਰਹੇ ਲੋਕ ਸਾਜ਼ਾਂ ਨੂੰ ਜਿਉਂਦਾ ਰੱਖਣ ਲਈ ਕੀਤੇ ਗਏ ਸਾਡੇ ਇਸ ਨਿਮਾਣੇ ਜਿਹੇ ਯਤਨ ਵਾਂਗ ਸਾਰੇ ਪੰਜਾਬੀਆਂ ਨੂੰ ਉਚੇਚੇ ਉਪਰਾਲੇ ਕਰਨੇ ਚਾਹੀਦੇ ਹਨ।

ਸੰਗੀਤਕ ਸੱਥ ਵਿੱਚ ਪੁਜਣ ਵਾਲੇ ਪਤਵੰਤਿਆਂ ਵਿੱਚ ਉੱਘੇ ਪੰਜਾਬੀ ਚਰਨਜੀਤ ਸਿੰਘ ਬਾਠ, ਡਾ. ਗੁਰੂਮੇਲ ਸਿੱਧੂ, ਸ਼ਾਇਰ ਹਰਜਿੰਦਰ ਕੰਗ, ਲੇਖਕ ਕਰਮ ਸਿੰਘ ਮਾਨ, ਸੰਤੋਖ ਮਿਨਹਾਸ, ਅਵਤਾਰ ਗੋਂਦਾਰਾ, ਗੁਰਦੀਪ ਸ਼ੇਰਗਿੱਲ, ਰਾਣਾ ਗਿੱਲ, ਸਰਬਜੀਤ ਸਿੰਘ ਸਰਾਂ, ਮਨਜੀਤ ਕੁਲਾਰ, ਤੇਜੀ ਪੱਡਾ, ਦੇਵਿੰਦਰ ਸਿੰਘ ਗਰੇਵਾਲ, ਮਨਜੀਤ ਸਿੰਘ ਦੀਵਾਨਾ, ਇੰਦਰਜੀਤ ਸਿੰਘ ਬਰਾੜ,ਜਸਵੰਤ ਸਿੰਘ ਟਿਵਾਣਾ, ਜਲੰਧਰ ਤੋਂ ਆਏ ਹੋਏ ਗੁਰਸ਼ਰਨ ਸਿੰਘ ਅਤੇ ਅਮਰਜੀਤ ਸਿੰਘ ਪਟਿਆਲਾ ਸ਼ਾਮਲ ਸਨ।



BERKSHIRE HATHAWAY
Home Services
ELITE REAL ESTATE
BHHS BERKSHIRE HATHAWAY HOMESERVICES
Shangara Ram
Realtor CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


## ਸੁਪਰੀਮ ਕੋਰਟ ਵੱਲੋਂ ਚਿਦੰਬਰਮ ਦੀ ਅਰਜ਼ੀ ’ਤੇ ਸੁਣਵਾਈ ਤੋਂ ਨਾਂਹ

**ਨਵੀਂ ਦਿੱਲੀ (ਬਿਊਰੋ)-** ਸੁਪਰੀਮ ਕੋਰਟ ਨੇ ਸਾਬਕਾ ਵਿੱਤ ਮੰਤਰੀ ਤੇ ਕਾਂਗਰਸ ਆਗੂ ਪੀ. ਚਿਦੰਬਰਮ ਨੂੰ ਅੱਜ ਇਕ ਵੱਡਾ ਝਟਕਾ ਦਿੰਦਿਆਂ ਆਈਐੱਨਐਕਸ ਮੀਡੀਆ ਮਾਮਲੇ ਵਿੱਚ ਸੀਬੀਆਈ ਵੱਲੋਂ ਦਰਜ ਭ੍ਰਿਸ਼ਟਾਚਾਰ ਕੇਸ ਵਿਚ ਦਾਇਰ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਦਿੱਲੀ ਹਾਈ ਕੋਰਟ ਵੱਲੋਂ ਰੱਦ ਕਰਨ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ ’ਤੇ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ। ਜਸਟਿਸ ਆਰ. ਭਾਨੂਮਤੀ ਤੇ ਏ.ਐੱਸ. ਬੋਪੰਨਾ ਦੇ ਬੈਂਚ ਨੇ ਸਾਫ਼ ਕਰ ਦਿੱਤਾ ਕਿ ਚਿਦੰਬਰਮ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਤੇ ਉਹ ਪਹਿਲਾਂ ਹੀ ਸੀਬੀਆਈ ਦੀ ਹਿਰਾਸਤ ਵਿੱਚ ਹਨ, ਲਿਹਾਜ਼ਾ ਉਨ੍ਹਾਂ ਦੀ ਅਪੀਲ ’ਤੇ ਸੁਣਵਾਈ ਕਰਨਾ ‘ਵਿਅਰਥ’ ਹੈ। ਉਂਜ ਬੈਂਚ ਨੇ ਕਿਹਾ ਕਿ ਚਿਦੰਬਰਮ ਨੂੰ ਕਾਨੂੰਨ ਮੁਤਾਬਕ ਰਾਹਤ (ਰੈਗੂਲਰ ਜ਼ਮਾਨਤ) ਹਾਸਲ ਕਰਨ ਦੀ ਪੂਰੀ ਆਜ਼ਾਦੀ ਹੈ। ਇਸ ਦੌਰਾਨ ਸੀਬੀਆਈ ਨੇ ਹਿਰਾਸਤ ਦੀ ਮਿਆਦ ਮੁੱਕਣ ਮਗਰੋਂ ਚਿਦੰਬਰਮ ਨੂੰ ਅੱਜ ਮੁੜ ਟਰਾਇਲ ਕੋਰਟ ਵਿੱਚ ਪੇਸ਼ ਕਰਕੇ ਚਾਰ ਦਿਨਾਂ ਰਿਮਾਂਡ ਹਾਸਲ ਕਰ ਲਿਆ।

## ਅਨਮੋਲ ਬਚਨ

ਤੀਰਥ ਇਸ਼ਨਾਨ ਨਿਰੇ ਭੁਲੇਖੇ ਹਨ, ਤਨ ਧੋਣ ਨਾਲ ਕਦੇ ਮਨ ਨਹੀਂ ਧੋਤਾ ਜਾ ਸਕਦਾ।

- ਸ੍ਰੀ ਗੁਰੂ ਅਮਰਦਾਸ ਜੀ

ਜੀਵਨ ’ਚ ਜ਼ਿਆਦਾ ਰਿਸ਼ਤਾ ਹੋਣਾ ਜ਼ਰੂਰੀ ਨਹੀਂ, ਪਰ ਜੋ ਹਨ ਉਹਨਾਂ ’ਚ ਜੀਵਨ ਹੋਣਾ ਜ਼ਰੂਰੀ ਹੈ।

- ਸਵਾਮੀ ਵਿਵੇਕਾਨੰਦ

ਵਿਗਿਆਨ ਸਾਡੇ ਸੰਸਾਰ ਦਾ ਸਾਂਝਾ ਹੈ, ਧਰਮ ਸਭ ਥਾਈਂ ਵੰਡੇ ਹੋਏ ਹਨ।

- ਨਰਿੰਦਰ ਸਿੰਘ ਕਪੂਰ

ਰਾਜਨੀਤੀ ਵਿਚ ਹਿੱਸਾ ਨਾ ਲੈਣ ਦੀ ਸਭ ਤੋਂ ਵੱਡੀ ਸਜ਼ਾ ਇਹ ਹੈ ਕਿ ਨਿਕੰਮੇ ਬੰਦੇ ਤੁਹਾਡੇ ’ਤੇ ਰਾਜ ਕਰਦੇ ਹਨ।

- ਅਫਲਾਤੂਨ

# ਗਾਖ਼ਲ ਭਰਾਵਾਂ ਨੇ ਹੜ੍ਹ ਪੀੜਤਾਂ ਦੀ ਮਦਦ ਲਾਈ ਸਹਾਇਤਾ ਸੰਸਥਾ ਨੂੰ ਦਿੱਤੇ 11 ਹਜ਼ਾਰ ਡਾਲਰ

## 15 ਸਤੰਬਰ ਨੂੰ ਹੋਣ ਵਾਲੇ ਵਿਸ਼ਵ ਕਬੱਡੀ ਕੱਪ ਦੌਰਾਨ ਸਹਾਇਤਾ ਸੰਸਥਾ ਦਾ ਲੱਗੇਗਾ ਬੂਥ- ਗਾਖਲ

**ਹੇਅਵਰਡ (ਬਿਓਰੋ)** – ਪੰਜਾਬ ਵਿਚ ਹੜ੍ਹਾਂ ਦੀ ਕੁਦਰਤੀ ਆਫਤ ਨਾਲ ਵਿਲਕਦੇ ਪੰਜਾਬੀਆਂ ਲਈ ਗਾਖ਼ਲ ਭਰਾਵਾਂ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਸਮੂਹ ਐੱਨ.ਆਰ.ਆਈ ਭਰਾਵਾਂ ਨੂੰ ਹੱਥ ਬੰਨ੍ਹ ਕੇ ਬੇਨਤੀ ਕੀਤੀ ਹੈ ਕਿ ਉਹ ਇਸ ਕੁਦਰਤ ਦੀ ਮਾਰ ਝੱਲ ਰਹੇ ਦੁਖੀ ਲੋਕਾਂ ਦੀ ਦਿਲ ਖੋਲ੍ਹ ਕੇ ਮਦਦ ਕਰਨ ਤੇ ਖਾਸ ਤੌਰ ’ਤੇ ਧਾਰਮਿਕ ਸੰਸਥਾਵਾਂ, ਗੁਰੂਘਰਾਂ, ਮੰਦਿਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਉਨ੍ਹਾਂ ਅਪੀਲ ਕੀਤੀ ਕਿ ਜਿੰਨਾ ਵੀ ਪੈਸਾ ਉਨ੍ਹਾਂ ਕੋਲ ਹੈ ਉਹ ਸਾਰੇ ਦਾ ਸਾਰਾ ਪੰਜਾਬ ਦੇ ਲੋਕਾਂ ਨੂੰ ਇਸ ਕੁਦਰਤੀ ਕਰੋਪੀ ਦੀ ਮਾਰ ਝੱਲਣ ’ਚ ਮਦਦ ਕਰਨ ਲਈ ਅੱਗੇ ਹੋ ਕੇ ਦੇਣ। ਇਸ ਵੇਲੇ ਹੜ੍ਹ ਪੀੜਤ ਲੋਕਾਂ ਨੂੰ ਡਾਕਟਰੀ ਸੇਵਾਵਾਂ ਦੀ ਵੀ ਲੋੜ ਹੈ। ਡਾਕਟਰ ਹਰਕੇਸ਼ ਸੰਧੂ ਦੀ ਅਗਵਾਈ ਹੇਠ ਚੱਲ ਰਹੀ ਸਹਾਇਤਾ ਸੰਸਥਾ ਪੰਜਾਬ ਵਿਚ ਆਪਣੀਆਂ ਟੀਮਾਂ ਜ਼ਰੀਏ ਮੈਡੀਕਲ ਕੈਂਪਾਂ ਰਾਹੀਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਜਾ



ਰਹੀ ਹੈ, ਕਿਉਂਕਿ ਇਹ ਸੰਸਥਾ ਪਹਿਲਾਂ ਹੀ ਪੰਜਾਬ ਵਿਚ ਆਸ਼ਿਰਤਾਂ, ਅਪੰਗਾਂ ਤੇ ਲੋੜਵੰਦਾਂ ਨੂੰ ਜ਼ਰੂਰੀ ਸਿਹਤ ਸੇਵਾਵਾਂ ਪ੍ਰਦਾਨ ਕਰਕੇ ਬੇਹੱਦ ਸਤਿਕਾਰ ਹਾਸਲ ਕਰ ਚੁੱਕੀ ਹੈ ਤੇ ਉਨ੍ਹਾਂ ਆਪਣੀ ਕਿਰਤ ਕਮਾਈ ’ਚੋਂ 11 ਹਜ਼ਾਰ ਡਾਲਰ ਦਾ ਚੈੱਕ ਸਹਾਇਤਾ ਸੰਸਥਾ ਨੂੰ ਦਿੱਤਾ ਹੈ। ਸ. ਅਮੋਲਕ ਸਿੰਘ ਗਾਖ਼ਲ ਨੇ ਕਿਹਾ ਕਿ ਇਕ ਸਿੱਖ ਹਮੇਸ਼ਾ ਨਿਆਸਰੇ ਅਤੇ ਲੋੜਵੰਦ ਦੀ ਬਾਂਹ ਫੜਦਾ ਹੈ। ਇਸ ਲਈ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਬਹੁਤ ਅੱਗੇ ਵਧ ਕੇ ਆਪਣਾ ਇਸ ਵੇਲੇ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ’ਤੇ ਸ. ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ ਅਤੇ ਬਲਜੀਤ ਸਿੰਘ ਸੰਧੂ ਨੇ ਸਹਾਇਤਾ ਸੰਸਥਾ ਨੂੰ 11-11 ਸੌ ਡਾਲਰ ਦੀ ਮਦਦ ਭੇਂਟ ਕੀਤੀ।

ਗਾਖ਼ਲ ਭਰਾਵਾਂ ਨੇ ਇਹ ਵੀ ਕਿਹਾ ਕਿ ਉਹ ਭਵਿੱਖ ਵਿਚ ਹੋਰ ਵੀ ਆਪਣੇ ਪਰਿਵਾਰ ਵਲੋਂ ਪੰਜਾਬੀਆਂ ਦੀ ਮਦਦ ਲਈ ਆਪਣਾ ਬਣਦਾ ਯੋਗਦਾਨ ਪਾਉਂਦੇ ਆਏ ਹਨ ਅਤੇ ਪਾਉਂਦੇ ਰਹਿਣਗੇ। ਸਹਾਇਤਾ ਸੰਸਥਾ ਦੇ ਕਸ਼ਮੀਰ ਸਿੰਘ ਗਿੱਲ, ਸਰੂਪ ਸਿੰਘ ਝੱਜ ਨੇ ਸਾਰੇ ਦਾਨੀ ਸੱਜਣਾਂ ਦਾ ਧੰਨਵਾਦ ਕਰਦਿਆਂ ਸਹਾਇਤਾ ਦੇ ਮਿਸ਼ਨ ’ਤੇ ਵਿਸਥਾਰ ਨਾਲ ਚਾਨਣਾ ਪਾਇਆ। ਤੀਰਥ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਐੱਸ.ਅਸ਼ੋਕ. ਭੌਰਾ ਵੀ ਇਸ ਮੌਕੇ ’ਤੇ ਹਾਜ਼ਰ ਸਨ। ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ 15 ਸਤੰਬਰ ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਹੋਣ ਵਾਲੇ 15ਵੇਂ ਵਿਸ਼ਵ ਕੱਪ ਦੌਰਾਨ ਸਹਾਇਤਾ ਸੰਸਥਾ ਆਪਣਾ ਵੱਖਰਾ ਬੂਥ ਲਗਾਏਗੀ ਜਿੱਥੇ ਹਰ ਪੰਜਾਬੀ ਨੂੰ ਤਿਲ ਫੁੱਲ ਭੇਟਾ ਦੇਣ ਲਈ ਬੇਨਤੀ ਕੀਤੀ ਜਾਵੇਗੀ।

# ਬਸਪਾ 30 ਅਗਸਤ ਤੋਂ ਲੜੇਗੀ ਆਰ ਪਾਰ ਦੀ ਲੜਾਈ : ਡਾ: ਗੜ੍ਹੀ

**ਲੁਧਿਆਣਾ–** ਜਮਾਲਪੁਰ ਦੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਨੂੰ ਢਾਹੁਣ ਦੇ ਮਾਮਲੇ ਨੇ ਹੋਰ ਗਰਮੀ ਫੜ੍ਹ ਲਈ ਹੈ। ਜਿਥੇ ਕੱਲ ਪੰਜਾਬ ਭਰ ਤੋਂ ਵੱਖ ਵੱਖ ਦਲਿਤ ਤੇ ਧਾਰਮਿਕ ਜੱਥੇਬੰਦੀਆਂ ਦੇ ਆਗੂ ਗੁਰਦੁਆਰਾ ਸਾਹਿਬ ਪਹੁੰਚੇ ਸਨ ਉਥੇ ਅੱਜ ਦੂਜੇ ਦਿਨ ਵੀ ਪੰਜਾਬ ਭਰ ਤੋਂ ਵੱਖ ਵੱਖ ਜੱਥੇਬੰਦੀਆਂ ਦੇ ਆਗੂ, ਸੰਤ ਸਮਾਜ ਦੇ ਆਗੂ ਅਤੇ ਵੱਡੀ ਗਿਣਤੀ ਵਿੱਚ ਸੰਗਤ ਪਹੁੰਚੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਡਾ: ਜਸਵੀਰ ਸਿੰਘ ਗੜ੍ਹੀ ਵੀ ਪੂਰੀ ਟੀਮ ਨਾਲ ਪਹੁੰਚੇ। ਉਨ੍ਹਾਂ ਸਾਰੇ ਮਾਮਲੇ ਲਈ ਪੰਜਾਬ ਸਰਕਾਰ ਨੂੰ ਦੋਸ਼ੀ ਆਖ ਉਸਦੇ ਨਾਲ ਆਰ ਪਾਰ ਦੀ ਲੜਾਈ ਲੜ੍ਹਨ ਦਾ ਐਲਾਨ ਤੱਕ ਕਰ ਦਿੱਤਾ। ਉਨ੍ਹਾਂ ਅਪਣੇ ਭਾਸਣ ਰਾਹੀਂ ਅਤੇ ਮੀਡੀਆ ਦੇ ਰੁਬਰੂ ਹੋ ਕੇ ਸਾਫ ਕਰ ਦਿੱਤਾ ਕਿ ਅੱਜ ਐਤਵਾਰ ਦੀ ਛੁੱਟੀ ਹੋਣ ਤੇ ਵੀ ਗਲਾਡਾ ਦੇ ਕਰਮਚਾਰੀ ਦੁਕਾਨਦਾਰਾਂ ਨੂੰ ਦੁਕਾਨਾ ਢਾਹੁਣ ਦਾ ਆਖਰੀ ਨੋਟਿਸ ਦੇ ਕੇ 29 ਅਗਸਤ ਤੱਕ ਦਾ ਜੋ ਸਮਾਂ ਦੇ ਕੇ ਗਏ ਹਨ ਬਸਪਾ ਉਸਦਾ ਵਿਰੋਧ ਕਰਦੀ ਹੋਈ ਸਰਕਾਰ ਅਤੇ ਗਲਾਡਾ ਤੋਂ ਇਸਨੂੰ ਵਾਪਸ ਲੈਣ ਦੀ ਮੰਗ ਕਰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀ ਮੰਗ ਵੱਲ 29 ਅਗਸਤ ਤੱਕ ਧਿਆਨ ਨਾ ਦਿੱਤਾ ਤਾਂ 30 ਅਗਸਤ ਤੋਂ ਬਸਪਾ ਸਰਕਾਰ ਅਤੇ ਗਲਾਡਾ ਨਾਲ ਸਿੱਧਮ ਸਿੱਧੀ ਲੜਾਈ ਲੜ੍ਹੇਗੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਦੀ ਪ੍ਰੰਬਧਕ ਕਮੇਟੀ ਕਾਨੂੰਨੀ ਲੜਾਈ ਵੱਲ ਹੀ ਧਿਆਨ ਦੇਵੇਗੀ ਜਦਕਿ ਬਸਪਾ ਸੜਕੀ ਲੜਾਈ ਨੂੰ ਅਪਣੇ




ਹੱਥ ਲੈਣ ਦਾ ਐਲਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਲੀ ਦੇ ਤੁਗਲਕਾਬਾਦ ਮੰਦਰ ਨੂੰ ਢਾਹੇ ਜਾਣ ਤੋਂ ਬਾਅਦ ਦੇਸ਼ ਭਰ ਵਿੱਚ ਪੈਦਾ ਹੋਏ ਹਾਲਾਤਾਂ ਤੋਂ ਸਬਕ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਭਾਵੇਂ ਸਾਡੇ ਤੋਂ ਦੂਰ ਸੀ ਫੇਰ ਵੀ ਲੱਖਾਂ ਦੀ ਗਿਣਤੀ ਵਿੱਚ ਸੰਗਤ ਮਿਥੇ ਸਮੇਂ ਤੇ ਉਥੇ ਪਹੁੰਚੀ। ਮੁੱਖ ਮੰਤਰੀ ਸਾਬ੍ਹ ਏਹ ਅੰਦਾਜਾ ਲਗਾ ਕੇ ਚੱਲਣ ਕਿ ਜੇਕਰ ਲੁਧਿਆਣਾ 'ਚ ਅਜਿਹਾ ਕੀਤਾ ਗਿਆ ਤਾਂ ਸੰਗਤ ਦੀ ਗਿਣਤੀ ਕਿੰਨੀ ਹੋਵੇਗੀ ਜਿਸ ਦਾ ਸਾਹਮਣਾ ਕਰਨਾ ਸਰਕਾਰ ਅਤੇ ਪ੍ਰਸ਼ਾਸਨ ਦੇ ਵੱਸ ਦੀ ਗੱਲ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਕੈਪਟਨ ਵਿੱਚ ਆਰ ਆਰ ਐਸ ਦੀ ਰੂਹ ਪ੍ਰਵੇਸ਼ ਕਰ ਚੁੱਕੀ ਅਤੇ ਉਹ ਆਰ ਆਰ ਐਸ ਦੇ ਲੁੱਕਵੇਂ ਅਜੰਡੇ ਤੇ ਕੰਮ ਕਰ ਰਿਹਾ ਹੈ ਜਿਸਨੂੰ ਬਸਪਾ ਕਿਸੇ ਵੀ ਕੀਮਤ ਤੇ ਹੋਣ ਨਹੀਂ ਦੇਵੇਗੀ। ਉਨ੍ਹਾਂ ਕਿਹਾ ਕਿ ਬਸਪਾ ਦੀ ਲੜਾਈ ਹੁਣ ਕੇਵਲ ਇਸ ਗੁਰਦੁਆਰਾ ਸਾਹਿਬ ਨੂੰ ਢਾਹੁਣ ਤੋਂ ਬਚਾਉਣ ਦੀ ਹੀ ਨਹੀਂ ਬਲਕਿ ਇਸਦੀ ਮਾਲਕੀਅਤ ਲੈਣ ਦੀ ਹੈ ਜੋ ਅਸੀ ਲੈ ਕੇ ਰਹਾਂਗੇ। ਉਨ੍ਹਾਂ ਕਾਂਗਰਸ ਦੇ ਦਲਿਤ ਮੰਤਰੀਆਂ, ਵਿਧਾਇਕਾਂ ਅਤੇ ਉਨ੍ਹਾਂ ਆਗੂਆਂ ਨੂੰ ਵੀ ਕਟਿਹਰੇ ਵਿੱਚ ਖੜ੍ਹਾ ਕੀਤਾ ਜੋ ਪਿਛਲੇ ਦਿਨੀਂ ਦਿੱਲੀ ਦੇ ਤੁਗਲਕਾਵਾਦ ਮੰਦਰ ਨੂੰ ਬਚਾਉਣ ਲਈ ਸੰਘਰਸ਼ ਦੀਆਂ ਗੱਲਾਂ ਤਾਂ ਕਰਦੇ ਸਨ ਪਰ ਉਨ੍ਹਾਂ ਦੀ ਅਪਣੀ ਕੈਪਟਨ ਸਰਕਾਰ ਉਨ੍ਹਾਂ ਦਾ ਦਹਾਕਿਆਂ ਪਹਿਲਾਂ ਗੁਰਦੁਆਰਾ ਸਾਹਿਬ ਢਾਹੁਣ ਲਈ ਨੋਟਿਸ ਜਾਰੀ ਕਰ ਚੁੱਕੀ ਹੈ। ਇਸ ਮੌਕੇ ਹਾਜਰ ਸ੍ਰੀ ਗੁਰੂ ਰਵਿਦਾਸ ਸਾਧੂ ਸੰਤ ਸਮਾਜ ਦੇ ਪ੍ਰਧਾਨ ਨਿਰਮਲ ਦਾਸ ਜੋੜੇ ਅਤੇ ਹੋਰਨਾਂ ਸੰਤਾਂ ਨੇ ਪੰਜਾਬ ਸਰਕਾਰ ਦੀ ਤੁਲਨਾ ਗਿੱਦੜ ਨਾਲ ਕਰਦਿਆਂ ਕਿਹਾ ਕਿ ਜਦੋਂ ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਨੂੰ ਭੱਜਦਾ ਹੈ। ਕੈਪਟਨ ਸਰਕਾਰ ਦਾ ਦਲਿਤਾਂ ਨਾਲ ਆਢੇ ਲੈਣਾ ਇਸਦੇ ਅੰਤ ਨੂੰ ਸਾਬਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਕਾਨੂੰਨੀ ਲੜਾਈ ਲੜ੍ਹਨ ਦੇ ਨਾਲ ਨਾਲ ਸੰਘਰਸ਼ ਨੂੰ ਵੀ ਹਰ ਪ੍ਰਕਾਰ ਦਾ ਸਹਿਯੋਗ ਦੇਵਾਂਗੇ। ਇਸ ਮੌਕੇ ਐਡਵੋਕੇਟ ਹਰਪ੍ਰੀਤ ਸਿੰਘ ਜਮਾਲਪੁਰ, ਪ੍ਰਧਾਨ ਮਨਜੀਤ ਸਿੰਘ, ਗੁਰਮੇਲ ਸਿੰਘ ਜੀਕੇ, ਗੁਰਮੇਲ ਸਿੰਘ ਸੰਧੂ, ਪ੍ਰਧਾਨ ਬਸਪਾ ਪ੍ਰਗਣ ਬਿਲਗਾ ਅਤੇ ਨਿਰਮਲ ਸਿੰਘ ਸਾਇਆ, ਸੰਤੋਖ ਕੁਮਾਰੀ, ਲਾਭ ਸਿੰਘ ਭਾਮੀਆਂ, ਰਾਮਲੋਕ, ਰਾਮਾਨੰਦ, ਬਲਦੇਵ ਸਿੰਘ ਕੂੰਮ, ਕਮਲਜੀਤ ਕੌਰ ਅਟਵਾਲ ਅਤੇ ਹੋਰ ਹਾਜਰ ਸਨ।




ਦੇਸ਼ ਦੁਆਬਾ

# ਪੰਜਾਬ ਵਿਚ ਹੜ੍ਹਾਂ ਦੀ ਤ੍ਰਾਸਦੀ

ਹੜ੍ਹ ਇਕ ਕੁਦਰਤੀ ਆਫਤ ਹੈ ਅਤੇ ਇਹ ਪਤਾ ਨਹੀਂ ਕਦੋਂ ਕਿੱਥੇ ਆ ਜਾਣ, ਅਜਿਹਾ ਕੁਝ ਕਿਹਾ ਨਹੀਂ ਜਾ ਸਕਦਾ ਪਰ ਅਸੀਂ ਗੱਲ ਕਰ ਰਹੇ ਹਾਂ ਪੰਜਾਬ ਦੀ। ਪੰਜਾਬ ਦੇ ਜਲੰਧਰ, ਲੁਧਿਆਣਾ, ਸ਼ਹੀਦ ਭਗਤ ਸਿੰਘ ਨਗਰ, ਰੂਪਨਗਰ ਅਤੇ ਹੋਰ ਕਈ ਜ਼ਿਲ੍ਹੇ ਅਕਸਰ ਹੜ੍ਹਾਂ ਦੀ ਲਪੇਟ ਵਿਚ ਆ ਜਾਂਦੇ ਹਨ। ਅੰਮ੍ਰਿਤਸਰ, ਤਰਨਤਾਰਨ ਤੋਂ ਇਲਾਵਾ ਫਿਰੋਜ਼ਪੁਰ ਵਿਚ ਵੀ ਹੜ੍ਹਾਂ ਦੀ ਮਾਰ ਰਹਿੰਦੀ ਹੈ। ਕਈ ਵਾਰ ਪੰਜਾਬ ਦੇ ਬਾਕੀ ਬਚੇ ਜ਼ਿਲ੍ਹੇ ਵੀ ਇਸਦੀ ਲਪੇਟ ਵਿਚ ਆ ਜਾਂਦੇ ਹਨ।

ਅਗਲੇਰੇ ਦਿਨਾਂ ਵਿਚ ਮੀਂਹ ਪੈਣ ਦੀ ਸੰਭਾਵਨਾ ਵਾਲੀ ਸੂਚਨਾ ਨੇ ਲੋਕਾਂ ਦੀ ਚਿੰਤਾ ਹੋਰ ਵਧਾ ਦਿੱਤੀ ਹੈ। ਇਸ ਤੋਂ ਪਹਿਲਾਂ ਹੀ ਅੱਧਾ ਦਰਜਨ ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ ਅਤੇ ਲਗਭੱਗ ਇਕ ਲੱਖ ਏਕੜ ਫ਼ਸਲ ਬਰਬਾਦ ਹੋ ਗਈ ਹੈ। ਮਰੇ ਪਸ਼ੂਆਂ ਨਾਲ ਫੈਲ ਰਹੀ ਬਦਬੂ ਲੋਕਾਂ ਲਈ ਵੱਡੀਆਂ ਮੁਸ਼ਕਿਲਾਂ ਪੈਦਾ ਕਰ ਰਹੀ ਹੈ। ਫਿਰੋਜ਼ਪੁਰ, ਜਲੰਧਰ, ਕਪੂਰਥਲਾ ਅਤੇ ਰੋਪੜ ਜ਼ਿਲ੍ਹਿਆਂ ਵਿਚ ਜ਼ਿਆਦਾ ਨੁਕਸਾਨ ਹੋਇਆ ਹੈ। ਇਸੇ ਦੌਰਾਨ ਉੱਤੇ ਹੜ੍ਹਾਂ ’ਤੇ ਕਾਬੂ ਪਾਉਣ ਦੇ ਮੁੱਦੇ ਵੀ ਉੱਭਰਨੇ ਸ਼ੁਰੂ ਹੋਏ ਹਨ। ਭਾਖੜਾ ਬੰਨ੍ਹ ਤੋਂ ਸਤਲੁਜ ਵਿਚ ਛੱਡੇ ਪਾਣੀ ਅਤੇ ਰੋਪੜ ਕੋਲੋਂ ਸੁਆਂ ਨਦੀ ਸਮੇਤ ਕਈ ਛੋਟੀਆਂ ਨਦੀਆਂ ਰਾਹੀਂ ਆਏ ਪਾਣੀ ਦੇ ਕਾਰਨ ਨੁਕਸਾਨ ਵਿਚ ਵਾਧਾ ਹੋਇਆ ਹੈ। ਘਰਾਂ ਅੰਦਰ ਵੜੇ ਪਾਣੀ ਕਰਕੇ ਘਰ ਛੱਡਣ ਲਈ ਮਜਬੂਰ ਹੋਣ ਵਾਲੇ ਲੋਕ ਪਾਣੀ ਸੁੱਕ ਜਾਣ ਦਾ ਇੰਤਜ਼ਾਰ ਕਰ ਰਹੇ ਹਨ। ਜੀਵਨ ਨਿਰਬਾਹ ਲਈ ਸਾਂਭਿਆ ਹੋਇਆ ਜ਼ਰੂਰੀ ਸਮਾਨ ਵੀ ਮੀਂਹ ਦੀ ਭੇਂਟ ਚੜ੍ਹ ਗਿਆ ਹੈ। ਅਜਿਹੀ ਸਥਿਤੀ ਵਿਚ ਲੋਕਾਂ ਨੂੰ ਤੁਰੰਤ ਰਾਹਤ ਮੁਹੱਈਆ ਕਰਵਾਉਣੀ ਸਰਕਾਰ ਅਤੇ ਸਮਾਜ ਦੀ ਜ਼ਿੰਮੇਵਾਰੀ ਹੈ। ਮਾਹਿਰਾਂ ਅਨੁਸਾਰ ਕਈ ਸਾਲਾਂ ਤੋਂ ਹੜ੍ਹ ਨਾ ਆਉਣ ਕਰਕੇ ਇਸ ਮਸਲੇ ਪ੍ਰਤੀ ਲਾਪ੍ਰਵਾਹੀ ਵਰਤੀ ਗਈ ਹੈ। ਇਹ ਸਵਾਲ ਪੁੱਛਣਾ ਵੀ ਵਾਜਬ ਹੋਵੇਗਾ ਕਿ ਆਫ਼ਤ ਪ੍ਰਬੰਧਨ ਅਥਾਰਟੀ ਦੀਆਂ ਕਿੰਨੀਆਂ ਮੀਟਿੰਗਾਂ ਕਿਹੜੇ ਪੱਧਰ ’ਤੇ ਹੋਈਆਂ ਤਾਂ ਕਿ ਸਮੇਂ ਤੋਂ ਪਹਿਲਾਂ ਲੋੜੀਂਦੇ ਇੰਤਜ਼ਾਮ ਕੀਤੇ ਜਾ ਸਕਣ? ਅਧਿਕਾਰੀ ਸਮੇਂ ਸਿਰ ਪੈਸਾ ਜਾਰੀ ਨਾ ਕਰਨ ਅਤੇ ਆਫ਼ਤ ਦੇ ਲੋੜੀਂਦੇ ਪ੍ਰਬੰਧ ਵੇਲੇ ਸਿਰ ਨਾ ਕਰਨ ਦੀ ਜ਼ੁੰਮੇਵਾਰੀ ਤੋਂ ਬਚ ਨਹੀਂ ਸਕਦੇ।

ਪੰਜਾਬ ਵਿਚ ਹੜ੍ਹ ਦਰਿਆਵਾਂ ਵਿਚ ਜ਼ਿਆਦਾ ਪਾਣੀ ਆਉਣ ਕਾਰਨ ਆਉਂਦੇ ਹਨ। ਜਦੋਂ ਤੋਂ ਡੈਮ ਉਸਾਰੇ ਗਏ ਹਨ, ਲੋਕਾਂ ਨੇ ਦਰਿਆਵਾਂ ਦੇ ਪਾਣੀ ਦੇ ਰਸਤਿਆਂ ਨੂੰ ਹੀ ਦੱਬ ਲਿਆ ਹੈ, ਇਸ ਕਰਕੇ ਦਰਿਆਵਾਂ ਦੇ ਕੁਦਰਤੀ ਵਹਿਣ ਪ੍ਰਭਾਵਿਤ ਹੋ ਰਹੇ ਹਨ। ਜਦੋਂ ਵੀ ਬਰਸਾਤ ਜ਼ਿਆਦਾ ਹੁੰਦੀ ਹੈ ਅਤੇ ਡੈਮ ਜ਼ਿਆਦਾ ਭਰ ਜਾਂਦੇ ਹਨ ਤਾਂ ਪਾਣੀ ਛੱਡਣਾ ਪੈਂਦਾ ਹੈ। ਉਦੋਂ ਹੀ ਪੰਜਾਬ ਵਿਚ ਹੜ੍ਹਾਂ ਦੀ ਗੰਭੀਰ ਸਥਿਤੀ ਪੈਦਾ ਹੋ ਜਾਂਦੀ ਹੈ। ਇਸ ਸਥਿਤੀ ਤੋਂ ਬਚਾਅ ਲਈ ਦਰਿਆਵਾਂ ਦੇ ਕੁਦਰਤੀ ਵਹਿਣ ਨੂੰ ਦਰੁੱਸਤ ਕਰਨਾ ਅਤੇ ਦਰਿਆਵਾਂ ਕਿਨਾਰੇ ਬੰਨ੍ਹ ਮਾਰਨ ਨਾਲ ਕਾਫੀ ਹੱਦ ਤੱਕ ਹੋ ਸਕਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

ਲੜੀ ਨੰਬਰ-115

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਗੁਰਮੰਤ੍ਰ ਦੇ ਅਸਲ ਅਰਥ ਤੇ ਭੁਲੇਖੇ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰਮੰਤ੍ਰ ਦੋ ਸ਼ਬਦਾਂ ਗੁਰ ਤੇ ਮੰਤ੍ਰ ਦਾ ਜੋੜ ਹੈ। ਗੁਰ ਦੇ ਮੇਨ ਅਰਥ ਸਿਧਾਂਤ ਅਤੇ ਗਿਆਨ ਦਾ ਪ੍ਰਕਾਸ਼ ਦੇਣ ਵਾਲਾ ਅਤੇ ਮੰਤ੍ਰ ਭਾਵ ਜੋ ਮਨ ਅੰਤਰ ਹੋਵੇ, ਬ੍ਰਾਹਮਣ ਮੱਤ ਅਨੁਸਾਰ ਗਿਣਤੀ ਦੇ ਅੱਖਰਾਂ ਵਾਲਾ ਸ਼ਲੋਕ, ਗੁਰਮਤਿ ਅਨੁਸਾਰ ਸਲਾਹ ਅਤੇ ਉਪਦੇਸ਼ ਹਨ। "ਸ਼ਬਦ ਗੁਰੂ ਗ੍ਰੰਥ" ਵਿਖੇ ਮੰਗਲਾ ਚਰਨ ਵਜੋਂ ਪ੍ਰਮੁੱਖ ਸ਼ਬਦ ਹੀ ਗੁਰੂ ਦਾ ਉਪਦੇਸ਼ (ਗੁਰਮੰਤ੍ਰ) ਜਿਸ ਨੂੰ ਮੂਲ ਮੰਤ੍ਰ ਵੀ ਕਿਹਾ ਜਾਂਦਾ ਹੈ। ਇਸ ਦਾ ਸਰੂਪ ਗੁਰਬਾਣੀ ਵਿਖੇ ਇਹ ਹੈ-ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ (ਜਪੁਜੀ)

ਉਪ੍ਰੋਕਤ ਪੰਕਤੀ ਦਾ ਉਦੇਸ਼ ਹਿੰਦੂਆਂ ਵਾਂਗ ਗਿਣਤੀ ਮਿਣਤੀ ਦਾ ਮੰਤ੍ਰ ਨਹੀਂ ਸਗੋਂ ਮੁੱਖ ਉਪਦੇਸ਼ ਹੈ। ਇਸ ਦਾ ਜਿਕਰ "ਸ਼ਬਦ ਗੁਰੂ ਗ੍ਰੰਥ" ਵਿਖੇ ਕਈ ਥਾਈਂ ਇਉਂ ਆਇਆ ਹੈ-ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਨ ਕਉ॥ ਖੋਜਿ ਲਹਿਉ ਨਾਨਕ ਸੁਖ ਥਾਨਾ ਹਰਿ ਨਾਮਾ ਬਿਸ੍ਰਾਮ ਕਉ॥ (ਮ:੫-੧੨੦੮) ਮੈ ਗੁਰੂ ਦੇ ਸਬਦ (ਗੁਰਬਾਣੀ) ਦਾ ਹੀ ਮਨ'ਚ ਧਿਆਨ ਰੱਖਦਾ ਤੇ ਮੇਰਾ ਮਨ ਗੁਰ-ਸਬਦ (ਗੁਰਬਾਣੀ) ਨੂੰ ਹੀ ਮੰਤ੍ਰ (ਉਪਦੇਸ਼) ਮੰਨਦਾ ਹੈ-ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਗੁਰ ਕੈ ਸਬਦਿ ਮੰਤ੍ਰ ਮਨੁ ਮਾਨੁ॥ (੮੬੪)ਅੰਮ੍ਰਿਤ ਬਾਣੀ ਹੀ ਸੱਚਾ ਗੁਰ ਉਪਦੇਸ਼ ਹੈ-ਸਚੁ ਮੰਤ੍ਰ ਤੁਮਾਰਾ ਅੰਮ੍ਰਿਤ ਬਾਣੀ॥ (ਮ:੫-੫੬੨) ਜਿਸ ਦੇ ਦਿਲ 'ਚ ਗੁਰੂ ਉਪਦੇਸ਼ ਦ੍ਰਿੜ ਹੁੰਦਾ ਹੈ ਉਸ ਨੂੰ ਮਾਨਸਿਕ ਦੁੱਖ-ਕਲੇਸ਼ ਤੇ ਡਰ ਨਹੀਂ ਲਗਦਾ-ਦੁਖੁ ਕਲੇਸੁ ਨ ਭਉ ਬਿਆਪੈ ਗੁਰਮੰਤ੍ਰ ਹਿਰਦੈ ਹੋਇ॥(ਮ:੫-੫੧) ਜੋ ਪ੍ਰਾਣੀ ਗੁਰ ਉਪਦੇਸ਼ ਤੋਂ ਹੀਣੇ ਹਨ ਉਨ੍ਹਾਂ ਦਾ ਜਨਮ ਧ੍ਰਿਗ, ਫਿਟਕਾਰਯੋਗ, ਕੁੱਤਿਆਂ, ਸੂਰਾਂ,ਗਧਿਆਂ, ਕਾਵਾਂ, ਸੱਪਾਂ ਤੇ ਮੂਰਖਾਂ ਵਰਗਾ ਹੈ ਜੋ ਭੌਂਕਦੇ ਵੱਢਦੇ, ਗੰਦ ਖਾਂਦੇ, ਡੰਗ ਮਾਰਦੇ ਤੇ ਮੂਰਖ ਹਨ-ਗੁਰਮੰਤ੍ਰ ਹੀਣਸਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨ ਤੁਲਿ ਖਲਹ॥(ਮ:੫-੧੩੫੬)

ਭਾਈ ਗੁਰਦਾਸ ਜੀ ਨੇ ਵੀ ਇਸ ਬਾਰੇ ਸੰਕੇਤ ਦਿੱਤੇ ਹਨ ਕਿ ਵਾਹ! ਗੁਰੂ ਤੇਰਾ ਉਪਦੇਸ਼ ਸਮਝਣ ਨਾਲ ਹਾਉਮੈ ਨਾਸ ਹੁੰਦੀ ਹੈ-ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈ ਖੋਈ। (ਵਾਰ-੧੩,ਪਉੜੀ-੨) ਗੁਰੂ ਦੇ ਬਚਨ ਹੀ ਮੂਲ ਗੁਰ ਉਪਦੇਸ਼ ਤੇ ਮਨ ਕਰਕੇ ਕੋਈ ਵਿਰਲਾ ਧਾਰਨ ਕਰਦਾ ਹੈ-ਮੰਤ੍ਰ ਮੂਲੁ ਸਤਿਗੁਰ ਬਚਨ ਇਕ ਮਨਿ ਹੋਇ ਅਰਾਧੇ ਕੋਈ। (ਵਾਰ-੬,ਪਉੜੀ-੬) ਉਹ ਕੰਨ ਫਿਟਕਾਰ ਯੋਗ ਨੇ ਜੋ ਗੁਰ-ਉਪਦੇਸ਼ ਨੂੰ ਧਿਆਨ ਨਾਲ ਨਹੀ ਸੁਣਦੇ ਅਤੇ ਉਹ ਜੀਭਾ ਫਿਟਕਾਰਯੋਗ ਹੈ ਜੋ ਗੁਰਬਾਣੀ ਨੂੰ ਛਡ ਕੇ ਹੋਰ ਮੰਤ੍ਰ ਸਿਮਰਦੀ ਹੈ-ਧ੍ਰਿਗੁ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ। ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ। (ਵਾਰ-੨੭, ਪਉੜੀ-੧੦) ਸਪਸ਼ਟ ਹੈ ਕਿ ਭਾਈ ਗੁਰਦਾਸ ਜੀ ਵੀ ਉਹੀ ਗੱਲ ਕਹਿ ਰਹੇ ਹਨ ਕਿ ਮੂਲ ਮੰਤ੍ਰ ਗੁਰੂ ਦਾ ਬਚਨ (ਗੁਰਬਾਣੀ) ਹੈ ਤੇ ਇਹੀ ਸਚਾ ਸਬਦ ਸਤਿਗੁਰੂ ਸੁਣਾਉਂਦਾ ਹੈ-ਮੰਤ੍ਰ ਮੂਲ ਗੁਰਵਾਕ ਹੈ ਸਚੁ ਸਬਦੁ ਸਤਿਗੁਰੂ ਸੁਣਾਏ। (ਵਾਰ-੪੦ ਪਉੜੀ-੨੨)

ਭੁਲੇਖੇ-ਹਿੰਦੂ ਧਰਮ ਵਿੱਚ ਮੰਤ੍ਰਾਂ ਦੇ ਜਪਣ ਦਾ ਕਰਮਕਾਂਡ ਬਹੁਤ ਪ੍ਰਚਲਤ ਹੈ ਇਸ ਲਈ ਸਹਿਜੇ ਹੀ ਇਹ ਭੁਲੇਖਾ ਪੈਂਦਾ ਹੈ ਕਿ ਇਹ ਵਿਧੀ ਕਿਤੇ ਉਥੋਂ ਤਾਂ ਸਿਖਾਂ 'ਚ ਨਹੀਂ ਆਈ? "ਸ਼ਬਦ ਗੁਰੂ ਗ੍ਰੰਥ" ਵਿਖੇ ਇਸ ਵਿਧੀ ਦਾ ਕਿਤੇ ਜ਼ਿਕਰ ਨਹੀਂ ਪਰ ਇਸ ਦਾ ਖੰਡਣ ਜ਼ਰੂਰ ਮਿਲਦਾ ਹੈ। ਇਸ ਭੁਲੇਖੇ ਦਾ ਕਾਰਨ ਭਾਈ ਗੁਰਦਾਸ ਜੀ ਦੀ ਇਸ ਪੰਕਤੀ-ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈ ਖੋਈ।(ਵਾਰ-੧੩, ਪਉੜੀ-੨) ਦੇ ਕੀਤੇ ਗਲਤ ਅਰਥ ਵੀ ਹੋ ਸਕਦੇ ਹਨ। ਗੁਰਬਾਣੀ 'ਚ "ਵਾਹਿਗੁਰੂ" ਸਬਦ ਭੱਟਾਂ ਦੀ ਬਾਣੀ ਵਿੱਚ ਆਇਆ ਹੈ ਜੋ ਦੋ ਸਬਦਾਂ ਦਾ ਮੇਲ ਹੈ "ਵਾਹ" ਅਤੇ "ਗੁਰੂ" ਇਸ ਨੂੰ ਗੁਰਬਾਣੀ ਵਿੱਚ ਰੱਬ ਦੇ ਨਾਮ ਲਈ ਨਹੀਂ ਵਰਤਿਆ ਗਿਐ, ਇਸ ਸਿਧਾਂਤ ਤੋਂ ਭਾਈ ਗੁਰਦਾਸ ਜੀ ਵੀ ਪੂਰੀ ਤਰਾ ਜਾਣੂ ਸਨ- ਗੁਰ ਸਿਖੀ ਗੁਰ ਸਿਖ ਸੁਣ ਅੰਦਰਿ ਸਿਆਣਾ ਬਾਹਰਿ ਭੋਲਾ। ਸਬਦ ਸੁਰਤਿ ਸਾਵਧਾਨ ਹੋਇ ਵਿਣੁ ਗੁਰ ਸਬਦ ਨ ਸੁਣਾਈ ਬੋਲਾ। ਸਤਿਗੁਰੂ ਦਰਸਨੁ ਦੇਖਣਾ ਸਾਧ ਸੰਗਤਿ ਵਿਣੁ ਅੰਨ੍ਹਾ ਖੋਲਾ। ਵਾਹਿਗੁਰੂ ਗੁਰ ਸਬਦ ਲੈ ਪਿਰਮ ਪਿਆਲਾ ਚੁਪਿ ਚਬੋਲਾ। ਪੈਰੀ ਪੈ ਪਾਖਾਕ ਹੋਇ ਚਰਣ ਧੋਇ ਚਰਣੋਦਕ ਝੋਲਾ। ਚਰਣ ਕਵਲ ਚਿਤੁ ਭਵਰੁ ਕਰਿ ਭਵਜਲ ਅੰਦਰਿ ਰਹੈ ਨਿਰੋਲਾ। ਜੀਵਣਿ ਮੁਕਤਿ ਸਚਾਵਾ ਚੋਲਾ। (ਵਾਰ-੪,ਪਉੜੀ-੧੭) ਇਸ ਪਉੜੀ 'ਚ ਭਾਈ ਗੁਰਦਾਸ ਜੀ (ਗੁਰਬਾਣੀ) ਦੀ ਹੀ ਪ੍ਰਸੰਸਾ ਕਰਦੇ ਹਨ। ਗੁਰ-ਸਿਖਿਆ ਦੁਆਰਾ ਹੀ ਗੁਰਸਿਖ ਨੇ ਅੰਦਰੋਂ ਸਿਆਣਾ ਤੇ ਬਾਹਰੋਂ ਭੋਲਾ ਹੋਣਾ ਹੈ। ਗੁਰਬਾਣੀ ਨੂੰ ਹੀ ਸਾਵਧਾਨ ਹੋ ਕੇ ਸੁਣਨਾ ਤੇ ਬਾਣੀ ਬਿਨਾ ਹੋਰ ਕੁਛ ਲਈ ਬੋਲੇ ਬਣ ਜਾਣਾ ਹੈ। ਸਾਧ ਸੰਗਤਿ (ਗੁਰਬਾਣੀ ਦੀ ਸੰਗਤਿ) ਬਿਨਾ ਹੋਰ ਕਿਸੇ ਬਾਣੀ ਨੂੰ ਨਹੀਂ ਮੰਨਣਾ। ਧੰਨ ਗੁਰੂ! ਦੀ ਬਾਣੀ ਦਾ ਚੁੱਪ ਕਰਕੇ ਪਿਆਲਾ ਪੀਣਾ (ਗੁਰਬਾਣੀ ਤੇ ਚਲਣਾ) ਹੈ। ਨਿਮਰਤਾ ਨਾਲ ਗੁਰਬਾਣੀ ਦੇ ਭਾਵ ਨੂੰ ਅੰਦਰ ਵਸਾਉਣਾ ਹੀ ਗੁਰੂ ਦੀ ਚਰਣਾਮ੍ਰਿਤ (ਸਿਖਿਆ) ਲੈਣਾ ਹੈ। ਚਿੱਤ ਨੂੰ ਚਰਨ ਕਵਲ (ਗੁਰਬਾਣੀ) ਨਾਲ ਜੋੜ ਕੇ ਸੰਸਾਰ ਤੋਂ ਨਿਰਲੇਪ ਰਹਿਣਾ, ਇਹੀ ਜੀਵਨ ਨੂੰ ਸਫਲ ਕਰਨਾ ਹੈ। ਜੇ ਇਥੇ "ਵਾਹਿਗੁਰੂ" ਸਬਦ ਨੂੰ ਮੰਤ੍ਰ ਬਣਾ ਕੇ ਜਪਣ ਦੀ ਤਾਕੀਦ ਕੀਤੀ ਮੰਨੀ ਜਾਵੇ ਤਾਂ ਬਾਕੀ ਪੰਗਤੀਆਂ ਵਿੱਚ ਕੀਤੀ ਗੁਰਬਾਣੀ ਦੀ ਮਹੱਤਤਾ ਨਿਰਾਰਥ ਹੋ ਜਾਂਦੀ ਹੈ ਕਿਉਂਕਿ ਇਥੇ ਸਾਰੀ ਵਿਸ਼ੇਸ਼ਤਾ ਗੁਰਬਾਣੀ ਦੀ ਹੀ ਹੈ ਇਸ ਲਈ "ਵਾਹਿਗੁਰੂ" ਦਾ ਭਾਵ ਅਰਥ ਧੰਨ ਗੁਰੂ! ਵੱਧ ਢੁਕਵਾਂ ਹੈ। ਸਤਿਗੁਰ ਪੁਰਖ (ਪ੍ਰਮਾਤਮਾ) ਨੇ ਦਇਆਲ ਹੋ ਕੇ (ਗੁਰੂ ਦੁਆਰਾ ਆਈ ਗੁਰਬਾਣੀ ਦਾ) ਸਚਾ ਮੰਤ੍ਰ ਸੁਣਾਇਆ। ਪਿਛੇ ਵੇਖ ਆਏ ਹਾਂ ਕਿ ਭਾਈ ਗੁਰਦਾਸ ਜੀ ਨੇ ਗੁਰਮੰਤ੍ਰ ਗੁਰਬਾਣੀ ਨੂੰ ਹੀ ਆਖਿਆ ਹੈ-ਸਤਿਗੁਰ ਪੁਰਖ ਦਇਆਲੁ ਹੋਇ ਵਾਹਿਗੁਰੂ ਸਚੁ ਮੰਤ੍ਰ ਸੁਣਾਇਆ। (ਵਾਰ-੧੧ ਪਉੜੀ-੩) ਗੁਰਬਾਣੀ ਹੀ ਅਗੰਮ ਮੰਤ੍ਰ ਹੈ ਜੋ ਸਾਰੇ ਸੰਸਾਰ ਨੂੰ ਤਾਰਨ ਦੇ ਸਮਰੱਥ ਹੈ। ਜੋ ਮਨੁਖ, ਪ੍ਰੇਮ ਨਾਲ, ਇਸ ਨੂੰ ਸਮਝਦਾ, ਇਸ ਤੇ ਚਲਦੈ, ਉਹ ਪ੍ਰਭੂ ਦਰ ‘ਤੇ ਕਬੂਲ ਹੋ ਜਾਂਦਾ ਹੈ-ਹਰਿ ਵਾਹਿਗੁਰੂ ਮੰਤ੍ਰ ਅਗਮ ਹੈ ਜਗ ਤਾਰਨ ਹਾਰਾ। ਜੋ ਸਿਮਰਹਿ ਨਰ ਪ੍ਰੇਮ ਸੋਂ ਪਹੁੰਚੈ ਦਰਬਾਰਾ। (ਵਾਰ-੪੧ ਪਉੜੀ-੧੮)

ਗੁਰਬਾਣੀ ਹੀ ਗਰੁਮੰਤ੍ਰ ਹੈ ਜਿਸ ‘ਤੇ ਚਲ ਕੇ ਹਉਮੈ ਤੋਂ ਮੁਕਤ ਹੋਇਆ ਜਾ ਸਕਦਾ ਹੈ। ਆਪਣੀ ਮਤਿ ਗਵਾ ਕੇ ਗੁਰੂ ਦੀ ਮਤਿ ਦੁਆਰਾ ਆਪੇ ਦੀ ਸੋਝੀ ਹੁੰਦੀ ਤੇ ਗੁਣਾਂ ਨੂੰ ਧਾਰਨ ਕਰਕੇ ਗੁਣੀ ਨਿਧਾਨ ਨਾਲ ਮੇਲ ਹੋ ਜਾਂਦਾ ਹੈ-ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ। ਆਪੁ ਗਵਾਏ ਆਪਿ ਹੈ ਗੁਣ ਗੁਣੀ ਪਰੋਈ।(ਵਾਰ-੧੩ ਪਉੜੀ-੨) ਇਥੇ ਸਪਸ਼ਟ ਕੀਤਾ ਗਿਆ ਹੈ ਕਿ ਗੁਰਬਾਣੀ ਹੀ ਗੁਰਮੰਤ੍ਰ ਹੈ ਜਿਸਨੂੰ ਜਾਨਣਾ ਪਰ ਮੰਤ੍ਰ ਵਾਂਗ ਜਪਣਾ ਨਹੀ, ਗੁਰ-ਫੁਰਮਾਣ ਹੈ-ਜਪਿ ਮਨ ਮੇਰੇ ਗੋਵਿੰਦ ਕੀ ਬਾਣੀ॥(੧੯੨) ਗੁਰਬਾਣੀ ਨੂੰ ਜਪਿਆ ਨਹੀ ਸਗੋਂ ਜਾਣਿਆਂ ਜਾਂਦਾ ਹੈ। ਜੇ ਇਸ ਵਾਰ ਦਾ ਭਾਵ ਗੁਰਮਤਿ ਸਿਧਾਂਤ ਦੇ ਉਲਟ, ਕਿਸੇ ਇੱਕ ਸਬਦ ਦੇ ਜਪਣ-ਜਪਾਣ ਦਾ ਹੁੰਦਾ ਤਾਂ ਭਾਈ ਗੁਰਦਾਸ ਜੀ ਨੂੰ ਆਪਣੀਆਂ ਵਾਰਾਂ ਵਿੱਚ ਗੁਰਬਾਣੀ ਦੀ ਵਿਸ਼ੇਸ਼ਤਾ ਲਿਖਣ ਦੀ ਕੀ ਲੋੜ ਸੀ? ਉਹ ਗੁਰਮਤਿ ਦੇ ਸਿਧਾਂਤਾਂ ਤੋ ਪੂਰੀ ਤਰਾਂ ਜਾਣੂ ਸਨ। ਇਸ ਲਈ ਉਨ੍ਹਾਂ ਨੇ ਵੀ ਕਿਸੇ ਕਰਮ ਕਾਂਡ ਦੀ ਨਹੀਂ ਸਗੋਂ ਗੁਰਬਾਣੀ ਦੀ ਹੀ ਵਿਸ਼ੇਸ਼ਤਾ ਦਰਸਾਈ ਪਰ ਟੀਕਾ ਕਾਰਾਂ ਦੀ ਭੁੱਲ ਨੇ ਹੀ ਇਸ ਅਖੌਤੀ ਨਾਮ ਜਪਣ ਦੇ ਕਰਮ ਕਾਂਡ ਨੂੰ ਜਨਮ ਦਿੱਤਾ ਹੈ।

ਭਾਈ ਗੁਰਦਾਸ ਜੀ ਗੁਰਬਾਣੀ ਦੀ ਮਹੱਤਤਾ ਦਰਸਾਉਂਦੇ ਲਿਖਦੇ ਹਨ ਕਿ ਗੁਰੂ ਦਾ ਸਬਦ ਪਾਰਬ੍ਰਹਮ ਦਾ ਸਰੂਪ ਤੇ ਜਿਸ ਵਿੱਚ ਰੱਬੀ ਗੁਣਾਂ ਨੂੰ ਧਾਰਨ ਕਰਨ ਦਾ ਹੀ ਉਪਦੇਸ਼ ਹੈ-ਪਾਰਬ੍ਰਹਿਮ ਗੁਰਸਬਦ ਹੈ ਨਿਝਰ ਧਾਰ ਵਰ੍ਹੈ ਗੁਣ ਗੁਝੈ। (ਵਾਰ-੭ ਪਉੜੀ-੧੯) ਗੁਰਬਾਣੀ ਨੂੰ ਹੀ ਗੁਰੂ ਦਾ ਸਰੂਪ ਜਾਨਣਾ ਤੇ ਏਸੇ ਨੂੰ ਧਿਆਨ ਨਾਲ ਵਿਚਾਰਨਾ ਤੇ ਇਸ ਤੇ ਚਲਣਾ ਗੁਰਮੁਖ ਹੋਣਾ ਹੈ-ਸਬਦ ਗੁਰੂ ਗੁਰ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ। (ਵਾਰ-੭ ਪਉੜੀ-੨੦) ਗੁਰੂ ਦਾ ਮਾਰਗ ਓਹੀ ਆਖਿਆ ਜਾਂਦਾ ਹੈ ਜਦੋਂ ਗੁਰੂ ਦੀ ਮਤਿ ਨਾਲ ਪਿਆਰ ਹੋ ਜਾਵੇ। ਗੁਰਬਾਣੀ ਦੀ ਵਿਚਾਰ ਕਰਕੇ ਉਸ 'ਤੇ ਅਮਲ ਕਰਨਾ ਹੀ ਗੁਰੂ ਦੀ ਰਜ਼ਾ ਵਿੱਚ ਚਲਣਾ ਹੈ-ਗੁਰਮੁਖਿ ਮਾਰਗ ਆਖੀਐ ਗੁਰਮਤਿ ਹਿਤਕਾਰੀ। ਹੁਕਮਿ ਰਜਾਈ ਚਲਣਾ ਗੁਰ ਸਬਦ ਵਿਚਾਰੀ। (ਵਾਰ-੯ ਪਉੜੀ-੩) ਗੁਰ ਉਪਦੇਸ਼ ਤੇ ਚਲ ਕੇ ਹੀ ਪਰਮ ਪਦ ਦੀ ਪ੍ਰਾਪਤੀ ਹੋ ਸਕਦੀ ਹੈ-ਗੁਰ ਉਪਦੇਸੁ ਅਵੇਸੁ ਕਰਿ ਅਨਭਉ ਪਦ ਪਾਈ। (ਵਾਰ-੯ ਪਉੜੀ-੫) ਜਿਸ ਦਾ ਮਨ ਗੁਰਮਤਿ ਨਾਲ ਜੁੜ ਜਾਂਦੈ, ਗੁਰੂ ਦੀ ਮਤ ਹਿਰਦੇ ਵਿੱਚ ਵਸ ਜਾਂਦੀਐ ਉਹ ਪੂਰਨ ਤੌਰ ਤੇ ਪ੍ਰਭੂ ਦਾ ਹੋ ਜਾਂਦਾ ਹੈ-ਗੁਰਮਤਿ ਅੰਦਰਿ ਚਿਤੁ ਹੈ ਚਿਤੁ ਗੁਰਮਤਿ ਜਿਸੈ। ਪਾਰਬ੍ਰਹਮ ਪੂਰਨ ਬ੍ਰਹਮੁ ਸਤਿਗੁਰ ਹੈ ਤਿਸੈ। (ਵਾਰ-੯ ਪਉੜੀ-੧੧)


ਹੁਣ ਤਾਂ ਕੋਈ ਭੁਲੇਖਾ ਨਹੀਂ ਰਹਿ ਜਾਣਾ ਚਾਹੀਦਾ ਕਿ ਗੁਰਬਾਣੀ ਹੀ ਸਿਰਮੌਰ ਗੁਰਮੰਤ੍ਰ ਜਾਂ ਮੂਲ ਮੰਤ੍ਰ ਹੈ। ਜੇਕਰ ਵਾਹਿਗੁਰੂ ਸਬਦ ਦੇ ਜਪਣ-ਜਪਾਣ ਦੀ ਕੋਈ ਮਹੱਤਤਾ ਹੋਵੇ ਤਾਂ ਗੁਰਬਾਣੀ ਦੇ ਪੜਨ, ਸੁਣਨ, ਵਿਚਾਰਨ ਤੇ ਧਾਰਨ ਦਾ ਕੋਈ ਲਾਭ ਨਹੀਂ ਰਹਿ ਜਾਂਦਾ। ਇਸ ਲਈ ਸਪਸ਼ਟ ਹੈ ਕਿ ਟੀਕਾ ਕਾਰਾਂ ਦੀ ਇਸ ਭੁੱਲ ਨੇ ਇੱਕ ਕਰਮਕਾਂਡ ਨੂੰ ਜਨਮ ਦੇ ਕੇ, ਵੱਡੀ ਉਲਝਣ ਪੈਦਾ ਕਰ ਦਿੱਤੀ ਜਿਸ 'ਚੋਂ ਨਿਕਲਣਾ ਬਹੁਤ ਕਠਨ ਜਾਪਦਾ ਹੈ-ਪੂਛਤ ਪਥਕ ਤਿਹ ਮਾਰਗ ਨ ਧਾਰੈ ਪਗ, ਪ੍ਰੀਤਮ ਕੇ ਦੇਸ ਕੈਸੇ ਬਾਤਨ ਕੈ ਜਾਈਐ। ਪੂਛਤ ਹੈ ਬੈਦ ਖਾਤ ਔਖਧਿ ਨ ਸੰਜਮ ਸੇ, ਕੈਸੇ ਮਿਟੈ ਰੋਗ ਸੁਖਿ ਸਹਜ ਸਮਾਈਐ ਪੂਛਤਿ ਸੁਹਾਗਣਿ, ਹੈ ਕਰਮ ਦੁਹਾਗਣਿ ਕੈ, ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ ਗਾਏ ਸੁਣੇ ਆਂਖੇ ਮੀਚੈ ਪਾਈਐ ਨ ਪਰਮਪਦ, ਗੁਰ ਉਪਦੇਸ਼ ਗਹਿ ਜੌ ਲੌ ਨ ਕਮਾਈਐ। (ਕਬਿਤ ੪੩੯) ਜਿੰਨੀ ਦੇਰ ਗੁਰ ਉਪਦੇਸ਼ ਤੇ ਨਹੀਂ ਚਲਿਆ ਜਾਂਦਾ ਉਨੀ ਦੇਰ ਪ੍ਰੀਤਮ ਕੇ ਦੇਸ ਜਾਣਾ ਸੰਭਵ ਨਹੀਂ ਭਾਵੇਂ ਕੋਈ ਵੀ ਜਾਪ ਜਪਣ-ਜਪਾਣ ਦਾ ਕਰਮ ਕਾਂਡ ਕੀਤਾ ਜਾਵੇ।

ਇਸ ਭੁਲੇਖੇ ਦਾ ਲਾਭ ਉਠਾ, ਅਖੌਤੀ ਸਾਧ, ਸੰਤ, ਡੇਰੇ, ਠਾਠਾਂ ਦੇ ਬਾਬਿਆਂ ਅਤੇ ਉਨ੍ਹਾਂ ਦੇ ਪ੍ਰਚਾਰਕਾਂ, ਰਾਗੀਆਂ ਤੇ ਕਥਾਕਾਰਾਂ ਨੇ ਇਸ ਅਖੌਤੀ "ਨਾਮ ਜਪ ਵਿਧੀ" ਨੂੰ ਏਨਾਂ ਪ੍ਰਚਲਤ ਕਰ ਦਿਤਾ ਕਿ ਹੁਣ ਇਸ 'ਚੋਂ ਨਿਕਲਨਾ ਮੁਸ਼ਕਲ ਹੋਇਆ ਪਿਆ ਹੈ। ਕਿੰਨੀ ਤਰਸਯੋਗ ਹਾਲਤ ਹੈ ਕਿ ਅਗਿਆਨਤਾ ਕਾਰਨ ਗੁਰਬਾਣੀ ਨਾਲੋਂ ਵੱਧ ਲੋਕ ਅਖੌਤੀ ਸਾਧਾਂ, ਸੰਤਾਂ ਤੇ ਬਾਬਿਆਂ ਦੇ ਬਚਨਾਂ ਤੇ ਭਰੋਸਾ ਕਰਦੇ ਹਨ।

ਇੱਕ ਸੌਖੀ ਗੱਲ ਹੀ ਸਮਝ 'ਚ ਨਹੀਂ ਆਉਂਦੀ ਕਿ ਜੇ ਮੰਤ੍ਰਾਂ ਦੇ ਜਪਣ-ਜਪਾਣ ਨਾਲ ਜੀਵਨ ਸੁਖੀ, ਖੁਸ਼ਹਾਲ ਤੇ ਅਨੰਦਤ ਤੇ ਸੁਖਾਂ ਦੀ ਪ੍ਰਾਪਤੀ ਹੁੰਦੀ, ਕਾਰਜ ਰਾਸ, ਮਨੋਕਾਮਨਾ ਪੂਰਨ ਹੋ ਜਾਂਦੀਆਂ ਤਾਂ ਸਾਰੀ ਦੁਨੀਆਂ ਵਿਹਲੜ, ਆਲਸੀ ਹੋ ਜਾਂਦੀ ਤੇ ਕੌਨ ਹੱਥੀਂ ਲੱਕ ਤੋੜ ਸਖਤ ਮਿਹਨਤਾਂ ਕਰਦਾ? ਦੇਖੋ! ਜਿਹੜੇ ਅਖੌਤੀ ਡੇਰੇਦਾਰ ਸਾਧ, ਆਪਣੇ ਕਾਰਜ, ਮਨੋਕਾਮਨਾਵਾਂ ਪੂਰਨੀਆਂ, ਆਪਣੇ ਮਨ ਨੂੰ ਕਾਬੂ ਨਹੀਂ ਰੱਖਦੇ, ਆਪ ਮਿਹਨਤ ਨਹੀਂ ਕਰਦੇ, ਉਹ ਦੂਸਰਿਆਂ ਦਾ ਕੀ ਸਵਾਰ ਸਕਦੇ ਹਨ?ਉਹ ਗ੍ਰਿਹਸਤ ਜੀਵਨ ਦੀਆਂ ਸਖਤ ਜ਼ਰੂਰਤਾਂ ਤੇ ਔਕੜਾਂ ਦਾ ਸਾਹਮਣਾ ਕਰਨ ਤੋਂ ਭਗੌੜੇ ਹੋਏ ਹਨ। ਜਿਨ੍ਹਾਂ 'ਚ ਥੋੜੀ ਮਿਹਨਤ ਮਜੂਰੀ ਕਰਨ ਦਾ ਵੀ ਹੌਸਲਾ ਨਹੀਂ, ਉਹ ਦੂਸਰਿਆਂ ਦੇ ਕਾਰਜ ਕੀ ਸਵਾਰ ਸਕਦੇ ਹਨ? ਸੋ ਮੰਗਲਾ ਚਰਨ ਮੁਢਲਾ ਉਪਦੇਸ਼ ਬਲਕਿ ਸਾਰੀ ਬਾਣੀ ਹੀ ਗੁਰਮੰਤ੍ਰ (ਗੁਰ ਉਪਦੇਸ਼) ਹੈ। ਹੋਰ ਜੰਤ੍ਰ, ਮੰਤ੍ਰ ਤੇ ਤੰਤ੍ਰ ਤਾਂਤ੍ਰਿਕ ਮਤਿ ਦੀ ਹੀ ਦੇਣ ਹਨ। ਅਜੋਕੇ ਸੰਪ੍ਰਦਾਈ ਟਕਸਾਲੀ ਸਿੱਖੀ ਭੇਸ ‘ਚ ਗੁਰਬਾਣੀ ਨੂੰ ਭਗਵੇ ਤਾਂਤ੍ਰਿਕਾਂ ਦੇ ਮੰਤ੍ਰਾਂ ਵਾਂਗ ਪੜ੍ਹ ਕੇ ਸਿੱਖੀ ਦਾ ਵੀ ਭਗਵਾਕਰਨ ਕਰੀ ਜਾ ਰਹੇ ਹਨ। ਮੰਤ੍ਰਾਂ ਦਾ ਤੋਤਾ ਰਟਨ ਕੀਤਾ ਜਾਂਦਾ ਤੇ ਗੁਰ ਉਪਦੇਸ਼ ਵਿਚਾਰ ਕੇ ਧਾਰਨ ਕਰੀਦਾ ਹੈ। ਸੋ ਪਿਆਰਿਓ! ਗੁਰਮੰਤ੍ਰ ਦਾ ਮੁੱਖ ਅਰਥ ਭਾਵ ਗੁਰ ਉਪਦੇਸ਼ ਨਾ ਕਿ ਕੋਈ ਬ੍ਰਾਹਮਣੀ ਤੰਤ੍ਰ ਮੰਤ੍ਰ ਹੈ।

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 13 ਅਕਤੂਬਰ ਨੂੰ

**ਯੂਬਾ ਸਿਟੀ-** ਬੀਤੇ ਐਤਵਾਰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਦੀ ਪ੍ਰਧਾਨਗੀ ਹੇਠ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਹੋਈ, ਜਿਸ ਵਿਚ ਵਿਸ਼ਾਲ ਸ਼ਰਬਤੀ, ਦੀਪਕ ਥਾਪਰ, ਬਲਵੀਰ ਥਾਪਰ ਸੈਕਰਾਮੈਂਟੋ, ਸੰਤੋਖ ਸਿੰਘ ਗਿੱਲ, ਕੁੰਦਨ ਲਾਲ ਸੌਂਧੀ, ਜੋਗਿੰਦਰ ਸਿੰਘ ਸ਼ੌਂਕੀ, ਬਲਵੀਰ ਧਾਰੀਵਾਲ (ਸੋਨੀ), ਸੈਕਰਾਮੈਂਟੋ ਤੇ ਬਹੁਤ ਸਾਰੀਆਂ ਬੀਬੀਆਂ ਨੇ ਵੀ ਭਾਗ ਲਿਆ। ਲੰਮੇ ਵਿਚਾਰ ਵਟਾਂਦਰੇ ਤੋਂ ਬਾਅਦ ਸਰਵ-ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ 11 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਵਾਲਮੀਕ ਰਮਾਇਣ ਸਾਹਿਬ ਦੇ ਪਾਠ ਆਰੰਭ ਕੀਤੇ ਜਾਣਗੇ। 12 ਅਕਤੂਬਰ ਦਿਨ



ਸ਼ਨਿਚਰਵਾਰ ਨੂੰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ ਅਤੇ 13 ਅਕਤੂਬਰ ਦਿਨ ਐਤਵਾਰ ਨੂੰ ਰਮਾਇਣ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣਗੇ ਤੇ ਭੋਗ ਉਪਰੰਤ ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਦੇ ਕਲਾਕਾਰ ਤੇ ਹੋਰ ਮੰਨੇ-ਪ੍ਰਮੰਨੇ ਕਲਾਕਾਰ ਵੀ ਗੁਰੂ ਸਾਹਿਬ ਦੀ ਮਹਿਮਾ ਗਾਉਣਗੇ। ਕਥਾਵਾਚਕ ਤੇ ਬੁਲਾਰੇ ਆਪਣੇ-ਆਪਣੇ ਵਿਚਾਰ ਸੰਗਤਾਂ ਨਾਲ ਸਾਝੇ ਕਰਨਗੇ। ਤਿੰਨੇ ਦਿਨ ਲੰਗਰ ਅਤੁੱਟ ਵਰਤਣਗੇ। ਪ੍ਰੋਗਰਾਮਾਂ ਦੌਰਾਨ ਜੋ ਸੇਵਾਦਾਰ ਕਿਸੇ ਤਰ੍ਹਾਂ ਦੀ ਸੇਵਾ ਲੈਣਾ ਚਾਹੁੰਦਾ ਹੋਵੇ ਤਾਂ ਪ੍ਰਧਾਨ ਪ੍ਰੇਮ ਸੌਂਧੀ ਨਾਲ 530-813-3877 ’ਤੇ ਸੰਪਰਕ ਕਰ ਸਕਦੇ ਹਨ। ਅਦਾਰਾ ’ਦੇਸ਼ ਦੁਆਬਾ’ ਨੂੰ ਇਹ ਜਾਣਕਾਰੀ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਮਨਾਇਆ









**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਮਿਤੀ 23, 24, 25 ਅਗਸਤ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਨਾਇਆ ਗਿਆ, ਜਿਸ ਵਿਚ 23 ਅਗਸਤ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 25 ਅਗਸਤ ਦਿਨ ਐਤਵਾਰ ਨੂੰ ਪਾਏ ਗਏ।

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਮਨਜੀਤ ਸਿੰਘ ਜੀ ਹੂਜ਼ਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਸਾਹਿਬ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਸਤਿਗੁਰੂ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦੇ ਜੀਵਨ ਤੇ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ ਗੁਰੂ ਘਰ) ਨੇ ਨਿਭਾਈ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ ਮਿਤੀ ਅਗਸਤ 30, 31, 1 ਸਤੰਬਰ ਨੂੰ ਬੜੀ ਧੂੰਮ ਧਾਮ ਨਾਲ ਮਨਾਇਆ ਜਾ ਰਿਹਾ ਹੈ।

**ਪ੍ਰੋਗਰਾਮ:**
**30 ਅਗਸਤ 2019 ਦਿਨ ਸ਼ੁੱਕਰਵਾਰ,**
**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
**1 ਸਤੰਬਰ 2019 ਦਿਨ ਐਤਵਾਰ**
**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**

# ਕੈਲੀਫੋਰਨੀਆ 'ਚ ਪੈਂਦੇ ਸ਼ਹਿਰ ਟਰੇਸੀ ਵਿਚ ਸਿੱਖ ਭਾਈਚਾਰੇ ਨਾਲ ਸਬੰਧਤ 64 ਸਾਲਾ ਪ੍ਰੀਤਮ ਸਿੰਘ ਦਾ ਅਣਪਛਾਤੇ ਵਲੋਂ ਚਾਕੂ ਮਾਰ ਕੇ ਕਤਲ

**ਟਰੇਸੀ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ 'ਚ ਪੈਂਦੇ ਸ਼ਹਿਰ ਟਰੇਸੀ ਦੀ ਗਰੇਚੇਨ ਟੱਲੀ ਪਾਰਕ ਵਿਚ ਸਿੱਖ ਭਾਈਚਾਰੇ ਨਾਲ ਸਬੰਧਤ 64 ਸਾਲਾ ਪ੍ਰੀਤਮ ਸਿੰਘ ਦਾ ਕਿਸੇ ਅਣਪਛਾਤੇ ਨੇ ਚਾਕੂ ਮਾਰ ਕੇ ਮਾਰ ਦਿੱਤਾ। ਭਾਈਚਾਰੇ ਦੇ ਲੋਕਾਂ ਨੇ ਇਸ ਮੌਤ ਤੋਂ ਬਾਅਦ ਸਥਾਨਕ ਪ੍ਰਸ਼ਾਸਨ ਨੂੰ ਸਵਾਲ ਖੜੇ ਕੀਤੇ ਤੇ ਹੱਤਿਆਰਿਆਂ ਦੇ ਲੱਭਣ ਦੀ ਜਲਦੀ ਮੰਗ ਕੀਤੀ। ਇਹ ਹਮਲਾ ਐਤਵਾਰ ਕਰੀਬ 9 ਵਜੇ ਰਾਤ ਵੇਲੇ ਹੋਇਆ। ਸਥਾਨਕ ਗਰੇਚੇਨ ਟੱਲੀ ਪਾਰਕ ਦੇ ਖੇਤਰ ਵਿੱਚ ਪ੍ਰੀਤਮ ਸਿੰਘ ਆਪਣੇ ਪਰਿਵਾਰ ਨਾਲ ਰਹਿ ਰਿਹਾ ਸੀ ਉਨਾਂ ਦੇ ਜਵਾਈ ਦੇ ਅਨੁਸਾਰ ਪ੍ਰੀਤਮ ਸਿੰਘ ਇੱਕ ਸ਼ਾਂਤਮਈ ਅਤੇ ਪਰਿਵਾਰਕ ਆਦਮੀ ਸੀ ਉਸ ਲਈ ਪਿਤਾ ਵਰਗਾ ਸੀ। ਹਰਨੇਕ ਸਿੰਘ ਕੰਗ ਨੇ ਕਿਹਾ ਕਿ ਪ੍ਰੀਤਮ ਸਿੰਘ ਸਾਲ 2016 ਵਿੱਚ ਇੱਕ ਕਿਸਾਨ ਦੇ ਤੌਰ ਤੇ ਭਾਰਤ ਤੋਂ ਇਥੇ ਆਏ ਸੀ, ਉਸਨੇ ਇਥੇ ਦੀ ਸਿੰਚਾਈ ਪ੍ਰਣਾਲੀ ਦਾ ਅਧਿਐਨ ਕੀਤਾ ਸੀ, ਉਸਦੇ ਦੋ ਬੱਚੇ ਅਤੇ ਤਿੰਨ ਪੋਤੇ ਸਨ। ਪੁਲਿਸ ਦਾ ਕਹਿਣਾ ਹੈ ਕਿ ਉਸਨੂੰ ਚਾਕੂ ਮਾਰਿਆ ਗਿਆ ਸੀ ਅਤੇ ਉਸਦੇ ਵੈਂਡਾ ਹਰਸ਼ ਐਲੀਮੈਂਟਰੀ ਸਕੂਲ ਤੋਂ ਕੁਝ ਫੁੱਟ ਦੂਰ ਫੁੱਟਪਾਥ 'ਤੇ ਪਏ ਦਾ ਖੂਨ ਵਗ ਰਿਹਾ ਸੀ। ਇਸ ਮੌਕੇ ਟ੍ਰੇਸੀ ਪੁਲਿਸ 911 ਦੀ ਕਾਲ ਤੇ ਦੋ ਮਿੰਟਾਂ ਦੇ ਅੰਦਰ ਅੰਦਰ ਆ ਗਈ, ਪਰ ਪ੍ਰੀਤਮ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ, ਉਸ ਦੀ ਮੌਤ ਨੇ ਹੁਣ ਭਾਈਚਾਰੇ ਵਿਚ ਚਿੰਤਾਵਾਂ ਖੜ੍ਹੀਆਂ ਕਰ ਦਿੱਤੀਆਂ ਹਨ। ਕਮਿਉਨਿਟੀ ਮੀਟਿੰਗ ਦਾ ਆਯੋਜਨ ਵਾਲੇ "ਜੱਸ ਸੰਘਾ ਨੇ ਕਿਹਾ ਕਿ "ਕਿੰਨੇ ਲੋਕ ਪਾਰਕ ਤੇ ਸੈਰ ਕਰਨ ਲਈ ਜਾਂਦੇ ਹਨ? ਇਹ ਮੇਰਾ ਰਿਸ਼ਤੇਦਾਰ, ਮੇਰਾ ਚਾਚਾ, ਮੇਰੇ ਪਰਿਵਾਰ ਦਾ ਮੈਂਬਰ ਹੋ ਵੀ ਸਕਦਾ ਸੀ, "ਕੋਈ ਵੀ ਇਸ ਤਰਾਂ ਦੀ ਮੌਤ ਦਾ ਹੱਕਦਾਰ ਨਹੀਂ ਹੈ। "ਪੁਲਿਸ ਹੁਣ ਦਿਲਚਸਪੀ ਨਾਲ ਹਮਲਾ ਕਰਨ ਵਾਲੇ ਵਿਅਕਤੀ ਦੀ ਭਾਲ ਕਰ ਰਹੀ ਹੈ। ਵਰਨਣਯੋਗ ਹੈ ਕਿ ਇਸੇ ਹੀ ਖੇਤਰ ਵਿੱਚ ਚੱਲ ਰਹੇ ਕੈਮਰਿਆਂ ਚ ਇੱਕ ਚਿੱਟ ਕਪੜੀਆ ਆਦਮੀ ਵੇਖਿਆ, ਜਿਥੇ ਪ੍ਰੀਤਮ ਸਿੰਘ ਮਾਰਿਆ ਗਿਆ ਸੀ। "ਇਹ ਗਵਾਹ ਜਾਂ ਸ਼ੱਕੀ ਹੋ ਸਕਦਾ ਹੈ। ਪੁਲੀਸ ਮੁਖੀ "ਐਲੇਕਸ ਨੀਕੂ, ਟਰੇਸੀ ਨੇ ਕਿਹਾ ਕਿ ਅਸੀਂ ਉਮੀਦ ਕਰ ਰਹੇ ਹਾਂ ਕਿ ਭਾਈਚਾਰੇ ਵਿਚੋਂ ਕੋਈ ਵਿਅਕਤੀ ਉਸ ਵਿਅਕਤੀ ਨੂੰ ਲੱਭਣ ਚ ਮੱਦਦ ਦੇਵੇਗਾ ।ਅੱਜ ਇੱਕ ਹੰਗਾਮੀ ਬੈਠਕ ਵਿੱਚ ਮੇਅਰ ਅਤੇ "ਐਲੇਕਸ ਨੀਕੂ ਨੇ ਸਿੱਖ ਭਾਈਚਾਰੇ ਨੂੰ ਡਰ ਚੋਂ ਬਾਹਰ ਨਿਕਲਣ ਅਤੇ ਪ੍ਰਸ਼ਨਾਂ ਦੇ ਜਵਾਬ ਦੇਣ ਲਈ ਸਿੱਖ ਭਾਈਚਾਰੇ ਨਾਲ ਗੱਲਬਾਤ ਕੀਤੀ।ਟਰੇਸੀ ਦੇ ਮੇਅਰ ਰੌਬਰਟ ਰਿਕਮੈਨ ਨੇ ਕਿਹਾ, "ਅਸੀਂ ਇਸ ਸ਼ਹਿਰ, ਚ ਹਰ ਉਪਲਬਧ ਸਰੋਤਾਂ ਦੀ ਵਰਤੋਂ ਕਰਾਂਗੇ, ਜਿਸਨੇ ਵੀ ਅਜਿਹਾ ਕੀਤਾ ਹੈ ਉਸਨੂੰ ਲੱਭਣ ਅਤੇ ਉਨ੍ਹਾਂ ਨੂੰ ਨਿਆਂ ਦਿਵਾਉਣ ਲਈ."ਪੁਲਿਸ ਕੈਮਰੇ 'ਤੇ ਫੜੇ ਵਿਅਕਤੀ ਦੀ ਪਛਾਣ ਕਰਨ ਲਈ ਲੋਕਾਂ ਦੀ ਮਦਦ ਮੰਗ ਰਹੀ ਹੈ। ਬਿਨਾਂ ਸ਼ੱਕ ਸਥਾਨਕ ਸਿੱਖ ਭਾਈਚਾਰਾ ਇਸ ਘਟਨਾਂ ਤੋਂ ਬਾਅਦ ਚਿੰਤਤ ਹੈ।






# ਭਾਰਤ 'ਚ ਘੱਟ ਗਿਣਤੀ ਲੋਕਾਂ 'ਤੇ ਹੁੰਦੇ ਜੁਲਮ ਨਿੰਦਣਯੋਗ-ਸ: ਜਗਮੀਤ ਸਿੰਘ

## ਦਿੱਲੀ ਦੇ ਇਤਿਹਾਸਿਕ ਮੰਦਰ ਨੂੰ ਤੋੜਣ ਸਬੰਧੀ ਭਾਰਤ ਸਰਕਾਰ ਦੀ ਕੀਤੀ ਕਰੜੇ ਸ਼ਬਦਾਂ 'ਚ ਨਿਖੇਧੀ

















**ਵੈਨਕੂਵਰ (ਵਿਰਦੀ)–** ਦਿੱਲੀ ਦੇ ਤੁਗਲਕਾਬਾਦ ਵਿੱਚ ਸਥਿਤ ਇਤਿਹਾਸਕ ਤੀਰਥ ਸਥਾਨ ਗੁਰੂ ਰਵਿਦਾਸ ਮੰਦਰ ਨੂੰ ਭਾਰਤ ਸਰਕਾਰ ਵਲੋਂ ਢਾਹੇ ਜਾਣਾ ਬਹੁਤ ਹੀ ਨਿੰਦਣਯੋਗ ਕਾਰਵਾਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਰਨਵੀ ਇਲਾਕੇ ਤੋਂ ਐਮ.ਪੀ. ਅਤੇ ਐਨ.ਡੀ.ਪੀ. ਦੇ ਪ੍ਰੈਜੀਡੈਂਟ ਸ: ਜਗਮੀਤ ਸਿੰਘ ਨੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਬਰਨਵੀ ਵਿਖੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦਿਨ ਪ੍ਰਤੀ ਦਿਨ ਘੱਟ ਗਿਣਤੀ ਲੋਕਾਂ 'ਤੇ ਬਹੁਤ ਜੁਲਮ ਢਾਹ ਰਹੀ ਹੈ ਤੇ ਇਸੇ ਸਾਜ਼ਿਸ ਅਧੀਨ ਬੀਤੇ ਦਿਨ ਗੁਰੂ ਰਵਿਦਾਸ ਜੀ ਦਾ ਮੰਦਰ ਢਾਹਿਆ ਗਿਆ।



ਉਨ੍ਹਾਂ ਕਿ ਗੁਰੂ ਰਵਿਦਾਸ ਜੀ ਨੇ ਹਮੇਸ਼ਾ ਏਕੇ ਦਾ ਸਾਨੂੰ ਪਾਠ ਪੜਾਇਆ ਹੈ, ਪ੍ਰੰਤੂ ਇਹ ਸਮੇਂ ਦੀ ਸਰਕਾਰ ਨਾਦਰਸ਼ਾਹੀ ਫੁਰਮਾਨ ਜਾਰੀ ਕਰਕੇ ਘੱਟ ਗਿਣਤੀ ਲੋਕਾਂ ਦਾ ਜਿਉਣਾ ਦੁਭਰ ਕਰ ਰਹੀ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਮੁੜ ਉਸੇ ਥਾਂ ਮੰਦਿਰ ਬਣਾਉਣ ਦੀ ਅਪੀਲ ਵੀ ਕੀਤੀ। ਉਨ੍ਹਾਂ ਜੰਮੂ ਕਸ਼ਮੀਰ ਵਿੱਚ ਮੁਸਲਮਾਨ ਭਾਈਚਾਰੇ ਤੇ ਹੋ ਰਹੇ ਅੱਤਿਆਚਾਰ ਦੀ ਵੀ ਸ਼ਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

ਦੱਸਣਯੋਗ ਕਿ ਸ: ਜਗਮੀਤ ਸਿੰਘ ਇਥੇ ਕੈਨੇਡਾ ਦੀ ਪਾਰਲੀਮੈਂਟ ਦੀਆਂ ਆ ਰਹੀਆਂ ਚੋਣਾਂ ਸਬੰਧੀ ਸੰਗਤਾਂ ਨੂੰ ਸੰਬੋਧਨ ਕਰਨ ਲਈ ਆਏ ਸਨ। ਇਸ ਮੌਕੇ ਸ੍ਰੀ ਰਾਜ ਚੌਹਾਨ ਸਪੀਕਰ ਵਿਧਾਨ ਸਭਾ ਬੀ.ਸੀ. ਅਤੇ ਗੁਰਦੁਆਰਾ ਪ੍ਰਧਾਨ ਸ੍ਰੀ ਬਿੱਲ ਬਸਰਾ ਨੇ ਵੀ ਇਤਿਹਾਸਿਕ ਮੰਦਰ ਨੂੰ ਤੋੜੇ ਜਾਣ ਦੀ ਕਰੜੇ ਸ਼ਬਦਾਂ 'ਚ ਨਿਖੇਧੀ ਕੀਤੀ। ਇਸ ਮੌਕੇ ਪਰਮਜੀਤ ਲਾਖਾ, ਬਲਵੀਰ ਬੈਂਸ, ਸੋਢੀ ਦਦਰਾਲ, ਮਾਈਕਲ ਘੀਰਾ, ਰਛਪਾਲ ਭਾਰਦਵਾਜ, ਕਮਲਜੀਤ ਲਾਖਾ, ਰਛਪਾਲ ਲਾਖਾ ਤੋਂ ਇਲਾਵਾ ਹੋਰ ਸ਼ਖਸ਼ੀਅਤਾਂ ਤੇ ਸੰਗਤਾਂ ਹਾਜ਼ਰ ਸਨ।

# ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਬੁਲਾਈ ਕਾਨਫਰੰਸ 'ਚ ਫਾਸ਼ੀਵਾਦ ਖਿਲਾਫ਼ ਲੋਕ-ਲਹਿਰ ਉਸਾਰਨ ਦਾ ਸੱਦਾ








**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕੀਤੀ ਫਾਸ਼ੀਵਾਦ ਵਿਰੋਧੀ ਕਾਨਫਰੰਸ 'ਚ ਚਿੰਤਾ ਪ੍ਰਗਟ ਕੀਤੀ ਗਈ ਕਿ ਜ਼ਰਾ ਜਿੰਨਾ ਵੀ ਅਵੇਸਲਾਪਣ, ਦੇਰੀ, ਖਾਮੋਸ਼ੀ ਅਤੇ ਸਾਂਝੀ ਜਨਤਕ ਲਹਿਰ ਉਸਾਰਨ ਵਿਚ ਕੀਤੀ ਢਿੱਲ ਮੱਠ ਦੇਸ਼-ਭਗਤ, ਜਮਹੂਰੀ, ਲੋਕ-ਪੱਖੀ, ਅਗਾਂਹ-ਵਧੂ ਇਨਕਲਾਬੀ ਸ਼ਕਤੀਆਂ ਅਤੇ ਚੌਤਰਫ਼ੇ ਹੱਲੇ ਦੇ ਪੰਜਿਆਂ ਹੇਠ ਫਸੇ ਲੋਕਾਂ ਕੋਲੋਂ ਭਾਰੀ ਕੀਮਤ ਵਸੂਲੇਗੀ।

ਕਾਨਫਰੰਸ ਨੇ ਸੱਦਾ ਦਿੱਤਾ ਕਿ ਫਾਸ਼ੀਵਾਦ ਨੂੰ ਲੱਕ ਤੋੜਵੀਂ ਹਾਰ ਦੇਣ ਲਈ ਜਿੱਥੇ ਫਾਸ਼ੀਵਾਦ ਵੱਲੋਂ ਲੋਕਾਂ ਦੀ ਸੰਘੀ ਨੱਪਣ, ਭੀੜ-ਤੰਤਰ ਪੈਦਾ ਕਰਨ, ਲੋਕਾਂ ਨੂੰ ਧਰਮ, ਫ਼ਿਰਕੇ, ਜਾਤ ਆਧਾਰ 'ਤੇ ਆਪੋ ਵਿਚ ਲੜਾਉਣ, ਫੋਕੀ ਦੇਸ਼ ਭਗਤੀ ਅਤੇ ਅੰਧ-ਰਾਸ਼ਟਰਵਾਦ ਖਿਲਾਫ਼ ਲੋਕ-ਤਾਕਤ ਉਸਾਰਨਾ ਜ਼ਰੂਰੀ ਹੈ, ਉਥੇ ਲੋਕਾਂ ਦੀ ਜ਼ਿੰਦਗੀ ਦੇ ਹਕੀਕੀ ਮੁੱਦਿਆਂ ਕਰਜ਼ੇ, ਖੁਦਕੁਸ਼ੀਆਂ, ਨਸ਼ੇ, ਬੇਰੁਜ਼ਗਾਰੀ, ਸਿੱਖਿਆ, ਸਿਹਤ, ਆਰਥਕ ਮੰਦਹਾਲੀ ਆਦਿ ਬੁਨਿਆਦੀ ਅਤੇ ਰੋਜ਼ ਮਰ੍ਹਾ ਦੇ ਮਸਲਿਆਂ ਉਪਰ ਵਿਸ਼ਾਲ ਜਨਤਕ ਲਹਿਰ ਉਸਾਰਨਾ ਲਾਜ਼ਮੀ ਹੈ।

ਕਸ਼ਮੀਰ ਉਪਰ ਬੋਲੇ ਹਕੂਮਤੀ ਧਾਵੇ ਦਾ ਵਿਰੋਧ ਕਰਦਿਆਂ ਕਾਨਫਰੰਸ ਨੇ ਸਮੂਹ ਲੋਕ-ਹਿਤੈਸ਼ੀ ਸ਼ਕਤੀਆਂ ਨੂੰ ਕਸ਼ਮੀਰੀਆਂ ਦੀ ਜਮਹੂਰੀ ਆਵਾਜ਼ ਨਾਲ ਆਵਾਜ਼ ਮਿਲਾਉਣ ਦਾ ਸੱਦਾ ਦਿੱਤਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਨੌਨਿਹਾਲ ਸਿੰਘ, ਕਮੇਟੀ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਸ ਕਾਨਫਰੰਸ ਮੌਕੇ ਮੰਚ 'ਤੇ ਸਸ਼ੋਭਤ ਸਨ।

ਕਮੇਟੀ ਦੀ ਰਹਿਨੁਮਾਈ 'ਚ ਹੋਈ ਇਸ ਕਾਨਫਰੰਸ ਦਾ ਆਗਾਜ਼ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਵੱਲੋਂ ਫਾਸ਼ੀਵਾਦ ਵਿਰੋਧੀ ਕਾਨਫਰੰਸ ਦੇ ਮਨੋਰਥ ਬਾਰੇ ਚਾਨਣਾ ਪਾਉਣ ਨਾਲ ਹੋਇਆ। ਉਹਨਾਂ ਨੇ ਇਸ ਮਹੀਨੇ ਦੇ ਸਮੂਹ ਅਮਰ ਸ਼ਹੀਦਾਂ ਅਤੇ ਇਤਿਹਾਸਕ ਲਹਿਰਾਂ ਨੂੰ ਸਿਜਦਾ ਕੀਤਾ। ਕਾਮਰੇਡ ਜਗਰੂਪ ਨੇ ਜੋਰ ਦੇ ਕੇ ਕਿਹਾ ਕਿ ਗਹਿਰੇ ਸੰਕਟ 'ਚ ਘਿਰੀ ਹਾਕਮ ਜਮਾਤ ਦੀ ਕਾਰਸ਼ਤਾਨੀ ਨੂੰ ਸਮਝੋ; ਉਸ ਵਲੋਂ ਲੋਕਾਂ ਦੇ ਪਾੜੇ 'ਚ ਸੁੱਟੇ ਜਾ ਰਹੇ ਮੁੱਦਿਆਂ ਤੇ ਆਵਾਜ਼ ਉਠਾਉਂਦੇ ਹੋਏ, ਲੋਕ-ਮਸਲਿਆਂ ਦਾ ਸਾਡਾ ਆਪਣਾ ਅਜੰਡਾ ਪ੍ਰਮੁੱਖਤਾ ਨਾਲ ਹੱਥ ਲੈਣ ਦੀ ਲੋੜ ਹੈ। ਉਹਨਾਂ ਕਿਹਾ ਕਿ ਵਿਸ਼ੇਸ਼ ਕਰਕੇ ਆਰਥਕ ਮਸਲੇ ਉਠਾਉਣਾ ਸਮੇਂ ਦੀ ਲੋੜ ਹੈ।

ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਭਾਵੇਂ ਲੋਕਾਂ ਦੇ ਆਰਥਕ ਮਸਲੇ ਉਠਾਉਣਾ ਜ਼ਰੂਰੀ ਹੈ ਪਰ ਜੋ ਹਾਲਤ ਕਸ਼ਮੀਰੀ ਲੋਕਾਂ ਦੀ ਘਾਣ ਕਰਕੇ ਬਣਾਈ ਜਾ ਰਹੀ ਹੈ। ਇਹ ਲੜਾਈ ਵੀ ਘਰ-ਘਰ ਲੈ ਕੇ ਜਾਣ ਦੀ ਲੋੜ ਹੈ। ਉਹਨਾਂ ਕਿਹਾ ਘੱਟ ਗਿਣਤੀਆਂ ਦੇ ਨਾਂਅ 'ਤੇ ਜਿਹੜੇ ਘੱਟ ਗਿਣਤੀਆਂ ਨੂੰ ਆਰ.ਐਸ.ਐਸ. ਵਾਲੇ ਮਾਰਗ 'ਤੇ ਹੀ ਲੈ ਕੇ ਜਾਣਾ ਚਾਹੁੰਦੇ ਨੇ ਇਸ ਪਾਸੇ ਤੋਂ ਵੀ ਚੌਕੰਨੇ ਰਹਿਣ ਦੀ ਲੋੜ ਹੈ।

ਕਾਮਰੇਡ ਰਮਿੰਦਰ ਪਟਿਆਲਾ ਨੇ ਕਿਹਾ ਕਿ ਇੰਦਰਾ ਕਾਂਗਰਸ ਦੇ ਫਾਸ਼ੀ ਹੱਲੇ ਨੂੰ ਵੀ ਲੋਕਾਂ ਨੇ ਪਛਾੜਿਆ ਸੀ ਅਤੇ ਆਰ.ਐਸ.ਐਸ. ਦੇ ਫਾਸ਼ੀ ਹੱਲੇ ਨੂੰ ਵੀ ਘੱਟ ਗਿਣਤੀਆਂ ਅਤੇ ਦਲਿਤ ਹਿੱਸਿਆਂ ਨੂੰ ਨਾਲ ਲੈ ਕੇ ਪਛਾੜਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਘੱਟ ਗਿਣਤੀਆਂ ਦੇ ਆਰ.ਐਸ.ਐਸ. ਵਰਗੇ ਹੀ ਫ਼ਿਰਕੂ ਪੈਂਤੜੇ ਤੋਂ ਵੀ ਪੂਰੀ ਤਰ੍ਹਾਂ ਖ਼ਬਰਦਾਰ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰੀ ਲੋਕਾਂ ਦੇ ਹੱਕ 'ਚ ਪੰਜਾਬ ਵਾਸੀ ਮੈਦਾਨ 'ਚ ਆਏ ਹਨ।

ਡਾ. ਪਰਮਿੰਦਰ ਨੇ ਕਿਹਾ ਕਿ ਸਾਡੇ ਸਮਾਜ ਦੀ ਵਸੋਂ ਨੂੰ ਜਿਵੇਂ ਫਾਸ਼ੀ ਤਾਕਤਾਂ ਪਾੜ ਰਹੀਆਂ ਨੇ ਅਸੀਂ ਵਸੋਂ ਦੀ ਹਾਕਮਾਂ ਦੇ ਪੈਂਤੜੇ ਤੋਂ ਤਕਸੀਮ ਕਰਨ ਨਾ ਬੈਠ ਜਾਈਏ।

ਡਾ. ਪਰਮਿੰਦਰ ਨੇ ਕਿਹਾ ਕਿ ਕਸ਼ਮੀਰੀ ਲੋਕਾਂ ਨੇ ਜੋ ਅਧਿਕਾਰ ਹਾਸਲ ਵੀ ਕੀਤੇ ਸਨ, ਉਹਨਾਂ ਉਪਰ 1953 ਤੋਂ ਹੀ ਤਿੱਖੇ ਹੱਲੇ ਵਿਢੇ ਜਾ ਰਹੇ ਹਨ। ਕਾਲੇ ਕਾਨੂੰਨਾਂ ਦੇ ਸਮੇਂ-ਸਮੇਂ ਦੰਦ ਤਿੱਖੇ ਕਰਨ ਲਈ ਕਾਂਗਰਸ, ਭਾਜਪਾ ਇੱਕ ਦੂਜੇ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਉਹਨਾਂ ਕਿਹਾ ਕਿ ਸਾਂਝੇ ਇਤਿਹਾਸਕ ਸਭਿਆਚਾਰਕ ਵਿਰਸੇ ਦੀ ਲੋਕ-ਸ਼ਕਤੀ ਉਸਾਰਦੇ ਅਤੇ ਸੰਘਰਸ਼ ਕਰਦੇ ਹੋਏ ਹੀ ਫਾਸ਼ੀਵਾਦ ਦੇ ਹੱਲੇ ਨੂੰ ਪਛਾੜ ਸਕਦੇ ਹਾਂ।

ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਕਾਨ-ਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਰ.ਐਸ.ਐਸ. ਦੀ ਵਿਸ਼ੇਸ਼ ਤੌਰ 'ਤੇ ਮਾਲਵੇ ਉਪਰ ਅੱਖ ਹੈ। ਜਲੰਧਰ 'ਚ ਲੱਗਦੇ ਵਿਸ਼ੇਸ਼ ਕੈਂਪ ਵਿੱਚ ਮਾਲਵੇ ਤੋਂ ਦਲਿਤਾਂ ਅਤੇ ਸਿੱਖ ਪਰਿਵਾਰਾਂ 'ਚੋਂ ਮੈਂਬਰਾਂ ਨੂੰ ਲਿਆਕੇ ਆਰ.ਐਸ.ਐਸ. ਦੇ ਰੰਗ 'ਚ ਰੰਗਿਆ ਜਾ ਰਿਹਾ ਹੈ।

ਉਹਨਾਂ ਕਿਹਾ ਕਿ ਸਾਡਾ ਮੁਲਕ ਬਹੁ-ਕੌਮੀ, ਬਹੁ-ਭਾਸ਼ਾਈ, ਬਹੁ-ਸਭਿਆਚਾਰਕ ਪਹਿਚਾਣਾਂ ਦਾ ਮੁਲਕ ਹੈ, ਭਾਜਪਾ ਇਸ ਇਤਿਹਾਸਕ ਹਕੀਕਤ ਨੂੰ ਮੇਸਕੇ ਆਪਣੇ ਮਨਪਸੰਦ ਦੇ ਇਕ ਰਾਸ਼ਟਰ ਦੇ ਰੰਗ 'ਚ ਰੰਗਣਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਵੱਧ ਤੋਂ ਵੱਧ ਵਿਸ਼ਾਲ ਏਕਾ ਉਸਾਰਕੇ ਹਕੂਮਤੀ ਫਾਸ਼ੀ ਹੱਲੇ ਖਿਲਾਫ਼ ਮੈਦਾਨ 'ਚ ਨਿਤਰਨ ਦੀ ਲੋੜ ਹੈ ਤਾਂ ਜੋ ਪੰਜਾਬ ਦੇ ਗੌਰਵਮਈ ਇਤਿਹਾਸ ਅਤੇ ਵਿਰਸੇ ਨੂੰ ਸੰਭਾਲਿਆ ਅਤੇ ਬੁਲੰਦ ਕੀਤਾ ਜਾ ਸਕੇ।

ਪ੍ਰਧਾਨਗੀ ਮੰਡਲ ਵੱਲੋਂ ਬੋਲਦਿਆਂ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਨੇ ਕਿਹਾ ਕਿ ਬੇਰੁਜ਼ਗਾਰੀ, ਨਸ਼ੇ ਦੇ ਮਸਲੇ, ਜੁਆਨੀ ਦੀ ਬਾਂਹ ਫੜਨ ਦੇ ਮੁੱਦੇ ਅਤੇ ਭੁੱਖਾਂ-ਦੁੱਖਾਂ ਦੇ ਮਾਰੇ ਲੋਕਾਂ ਦੀ ਸਾਰ ਲੈਂਦੇ ਹੋਏ ਸਾਨੂੰ ਹਰ ਤਰ੍ਹਾਂ ਦੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਆਵਾਮ ਨੂੰ ਚੇਤਨ ਕਰਨ ਦੀ ਲੋੜ ਹੈ। ਕਾਨਫਰੰਸ ਦਾ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

## ਮੈਨੂਅਲ ਸਕੈਵੈਂਜਿੰਗ, ਭਾਰਤੀ ਆਧੁਨਿਕੀਕਰਨ ਦੇ ਬਾਵਜੂਦ ਅਜੇ ਵੀ ਕਾਇਮ : ਸਮਤਾ ਸੈਨਿਕ ਦਲ

**ਜਲੰਧਰ-** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਯੂਨਿਟ ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਕਿ ਸਫਾਈ ਕਰਮਚਾਰੀਆਂ ਲਈ ਰਾਸ਼ਟਰੀ ਕਮਿਸ਼ਨ (ਐਨਸੀਐਸਕੇ) ਦੀ ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ 'ਸਫਾਈ ਕਰਮਚਾਰੀਆਂ' ਦੇ ਸਭ ਤੋਂ ਵੱਡੇ ਮਾਲਕ ਭਾਰਤੀ ਰੇਲਵੇ ਹਨ ਅਤੇ ਕਿਹਾ ਗਿਆ ਹੈ ਕਿ "ਮੈਨੂਅਲ ਸਕੈਵੈਂਜਿੰਗ ਦੀ ਸਮੱਸਿਆ ਜਿੰਨੀ ਰੇਲਵੇ ਵਿੱਚ ਗੰਭੀਰ ਹੈ ਉੱਨੀ ਹੋਰ ਕਿਤੇ ਵੀ ਨਹੀਂ"। ਇੰਡੀਅਨ ਐਕਸਪ੍ਰੈਸ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ 2019 ਦੇ ਪਹਿਲੇ ਛੇ ਮਹੀਨਿਆਂ ਵਿਚ ਸੀਵਰੇਜ ਦੀ ਸਫਾਈ ਕਰਦਿਆਂ 50 ਤੋਂ ਜ਼ਿਆਦਾ 'ਸਫਾਈ ਕਰਮਚਾਰੀਆਂ' ਜਾਂ ਸਫਾਈ ਸੇਵਕਾਂ ਦੀ ਮੌਤ ਹੋ ਗਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇੱਕ ਰਾਜ-ਮਲਕੀਅਤ ਸੰਸਥਾ ਨੈਸ਼ਨਲ ਸਫਾਈ ਕਰਮਚਾਰੀਸ ਕਮਿਸ਼ਨ (ਐਨ.ਸੀ.ਐੱਸ.ਕੇ.) ਦੇ ਅਨੁਸਾਰ, ਅਸਲ ਵਿੱਚ ਇਹ ਗਿਣਤੀ ਅਸਲ ਅੰਕੜਾ ਕੀ ਹੋ ਸਕਦੀ ਹੈ ਦਾ ਇੱਕ ਘਟੀਆ ਅੰਦਾਜਾ ਹੈ, ਕਿਉਂਕਿ ਅੰਕੜੇ 36 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚੋਂ ਸਿਰਫ ਉੱਤਰ ਪ੍ਰਦੇਸ਼, ਗੁਜਰਾਤ, ਪੰਜਾਬ, ਮਹਾਰਾਸ਼ਟਰ, ਹਰਿਆਣਾ, ਦਿੱਲੀ, ਕਰਨਾਟਕ ਅਤੇ ਤਾਮਿਲ-ਨਾਡੂ ਜਿਹੇ ਅੱਠ ਰਾਜਾਂ ਵਿੱਚੋਂ ਇਕੱਠੇ ਕੀਤੇ ਗਏ ਹਨ। ਇਸ ਤੋਂ ਇਲਾਵਾ, ਰਿਪੋਰਟ ਦੇ ਅਨੁਸਾਰ, ਇਨ੍ਹਾਂ ਅੱਠ ਰਾਜਾਂ ਵਿਚੋਂ ਬਹੁਤਿਆਂ ਦੀ ਗਿਣਤੀ ਘੱਟ ਦੱਸੀ ਜਾ ਸਕਦੀ ਹੈ. ਉਦਾਹਰਣ ਵਜੋਂ, ਰਿਪੋਰਟ ਵਿਚ ਕਿਹਾ ਗਿਆ ਹੈ ਕਿ ਤਿੰਨ ਮੌਤਾਂ ਸਰਕਾਰੀ ਤੌਰ 'ਤੇ ਦਿੱਲੀ ਤੋਂ ਹੋਈਆਂ ਹਨ, ਜਦਕਿ ਜੂਨ ਵਿਚ ਦਿੱਲੀ ਜਲ ਬੋਰਡ ਦੇ ਸੀਵਰੇਜ ਟਰੀਟਮੈਂਟ ਪਲਾਂਟ ਵਿਚ ਮੁਰੰਮਤ ਕਰਵਾਉਣ ਲਈ ਕੰਮ ਵਿਚ ਲਏ ਗਏ ਤਿੰਨ ਹੋਰ ਮਜ਼ਦੂਰਾਂ ਦੀ ਮੌਤ ਦੀ ਰਾਜ ਸਰਕਾਰ ਦੁਆਰਾ ਪੁਸ਼ਟੀ ਨਹੀਂ ਕੀਤੀ ਗਈ ਹੈ। ਇਸਦਾ ਅਰਥ ਹੈ ਕਿ ਐਨਸੀਐਸਕੇ ਨੇ ਉਨ੍ਹਾਂ ਮੌਤਾਂ ਨੂੰ ਆਪਣੇ ਅਧਿਕਾਰਤ ਅੰਕੜਿਆਂ ਵਿੱਚ ਸ਼ਾਮਲ ਨਹੀਂ ਕੀਤਾ ਹੈ. ਜਸਵਿੰਦਰ ਵਰਿਆਣਾ ਨੇ ਅੱਗੇ ਦੱਸਿਆ ਕਿ ਕਮਿਸ਼ਨ ਦੀ ਅਧਿਕਾਰਤ ਵੈੱਬਸਾਈਟ ਦੇ ਅਨੁਸਾਰ 1993 ਤੋਂ 814 ਮੌਤਾਂ ਰਿਪੋਰਟ ਹੋਈਆਂ ਹਨ, ਪਰ ਇਹ ਡੇਟਾ ਸਿਰਫ 20 ਰਾਜਾਂ ਦਾ ਹੀ ਹੈ. ਮੈਨੂਅਲ ਸਕੈਵੈਂਜਿੰਗ ਦਾ ਅਭਿਆਸ 1993 ਵਿਚ ਗ਼ੈਰਕਾਨੂੰਨੀ ਬਣਾਇਆ ਗਿਆ ਸੀ। ਤਾਮਿਲਨਾਡੂ ਵਿਚ 1993 ਤੋਂ ਹੁਣ ਤੱਕ 206 ਮੌਤਾਂ ਦੇ ਨਾਲ, ਸਭ ਤੋਂ ਵੱਧ ਗਿਣਤੀ ਦਰਜ ਕੀਤੀ ਗਈ ਹੈ, ਜਦੋਂਕਿ ਚੰਡੀਗੜ੍ਹ ਵਿਚ ਘੱਟੋ ਘੱਟ ਤਿੰਨ ਮੌਤਾਂ ਹੋਈਆਂ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੰਸਦ ਦੇ ਸਾਹਮਣੇ ਆਪਣੀ ਸਲਾਨਾ ਰਿਪੋਰਟ ਦੇ ਟੇਬਲਿੰਗ ਦੇ ਦੌਰਾਨ, ਕਮਿਸ਼ਨ ਨੇ ਕਿਹਾ ਹੈ ਕਿ ਸਰਕਾਰ ਦੀ ਮੁੱਖ ਸਵੱਛ ਭਾਰਤ ਮੁਹਿੰਮ ਨੂੰ "ਸਿਰਫ ਟਾਇਲਟ ਬਣਾਉਣ 'ਤੇ ਧਿਆਨ ਨਹੀਂ ਦੇਣਾ ਚਾਹੀਦਾ, ਬਲਕਿ ਮੈਨੂਅਲ ਸਕੈਵੈਂਜਿੰਗ ਦੇ ਖਾਤਮੇ' ਅਤੇ ਕਾਮਿਆਂ ਦੇ ਮੁੜ ਵਸੇਬੇ ਤੇ ਵੀ ਧਿਆਨ ਦੇਣਾ ਚਾਹੀਦਾ ਹੈ।



"ਜਸਵਿੰਦਰ ਵਰਿਆਣਾ ਨੇ ਹੋਰ ਕਿਹਾ ਕਿ ਮੈਨੂਅਲ ਸਕੈਵੈਂਜਿੰਗ ਅਜੇ ਵੀ ਬਰਕਰਾਰ ਹੈ ਜਦ ਕਿ ਭਾਰਤ ਨੇ ਆਧੁਨਿਕੀਕਰਨ ਕੀਤਾ ਹੈ. ਆਲ ਇੰਡੀਆ ਸਮਤਾ ਸੈਨਿਕ ਦਲ ਇਹ ਮੰਗ ਕਰਦਾ ਹੈ ਕਿ ਮੈਨੂਅਲ ਸਕੈਵੇਂਜਰਜ਼ ਵਜੋਂ ਰੁਜ਼ਗਾਰ ਦੀ ਮਨਾਹੀ ਵਾਸਤੇ ਮੈਨੂਅਲ ਸਕੈਵੇਂਜਰਜ਼ ਐਂਡ ਦੇਅਰ ਰਿਹੈਬਲੀਟੇਸ਼ਨ ਐਕਟ, 2013 ਵਿਚ ਇੱਕ ਸੋਧ ਹੋਣੀ ਚਾਹੀਦੀ ਹੈ. ਤਾਂ ਜੋ ਸੋਧ ਇਹ ਸੁਨਿਸ਼ਚਿਤ ਕਰੇਗੀ ਕਿ ਸੀਵਰੇਜ ਸਾਫ ਕਰਾਉਣ ਵਾਲੇ ਸਿਰਫ ਠੇਕੇਦਾਰਾਂ ਦੀ ਬਜਾਏ ਪ੍ਰਮੁੱਖ ਮਾਲਕ, ਜਿਵੇਂ ਕਿ ਰਾਜ ਸਰਕਾਰ ਦੀਆਂ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਵੀ ਮੌਤਾਂ ਲਈ ਜ਼ੁੰਮੇਵਾਰ ਹਨ ਇਸ ਮੌਕੇ ਬਲਦੇਵ ਰਾਜ ਭਾਰਦਵਾਜ, ਐਡਵੋਕੇਟ ਕੁਲਦੀਪ ਭੱਟੀ ਅਤੇ ਵਰਿੰਦਰ ਕੁਮਾਰ ਹਾਜ਼ਰ ਸਨ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com

# ਭਾਰਤ ਮੁੜਨ 'ਤੇ ਵਿਸ਼ਵ ਬੈਡਮਿੰਟਨ ਚੈਂਪੀਅਨ ਸਿੰਧੂ ਦਾ ਸ਼ਾਨਦਾਰ ਸਵਾਗਤ

**ਨਵੀਂ ਦਿੱਲੀ (ਬਿਊਰੋ)–** ਭਾਰਤ ਦੀ ਪਹਿਲੀ ਵਿਸ਼ਵ ਬੈਡਮਿੰਟਨ ਚੈਂਪੀਅਨ ਪੀਵੀ ਸਿੰਧੂ ਦਾ ਵਾਪਿਸ ਦੇਸ਼ ਮੁੜਨ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੇ ਵੀ ਵਾਅਦਾ ਕੀਤਾ ਕਿ ਉਹ ਜ਼ਿਆਦਾ ਤੋਂ ਜ਼ਿਆਦਾ ਮੈਡਲ ਜਿੱਤਣ ਲਈ ਹੋਰ ਵੀ ਜ਼ਿਆਦਾ ਮਿਹਨਤ ਕਰੇਗੀ। ਓਲੰਪਿਕ ਸਿਲਵਰ ਮੈਡਲ ਜੇਤੂ ਸਿੰਧੂ ਨੇ ਸਵਿਟਜ਼ਰਲੈਂਡ ਦੇ ਬਾਸੇਲ ਵਿਚ ਐਤਵਾਰ ਨੂੰ ਜਾਪਾਨ ਦੀ ਨੋਜੋਮੀ ਓਕੂਹਾਰਾ ਨੂੰ 21-7, 21-7 ਨਾਲ ਹਰਾ ਕੇ ਖ਼ਿਤਾਬ ਜਿੱਤਿਆ ਸੀ। ਇਸ ਨਾਲ ਹੀ ਉਹ ਇਸ ਵੱਕਾਰੀ ਟੂਰਨਾਮੈਂਟ ਵਿਚ ਗੋਲਡ ਮੈਡਲ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਖਿਡਾਰਨ ਬਣੀ ਸੀ। ਇਸ ਤੋਂ ਪਹਿਲਾਂ ਸਿੰਧੂ ਇਸ ਟੂਰਨਾਮੈਂਟ ਦੇ ਪਿਛਲੇ ਐਡੀਸ਼ਨਾਂ ਵਿਚ ਦੋ ਸਿਲਵਰ ਤੇ ਦੋ ਕਾਂਸੇ ਦੇ ਮੈਡਲ ਵੀ ਜਿੱਤ ਚੁੱਕੀ ਹੈ। ਉਹ ਜਦ ਸੋਮਵਾਰ ਰਾਤ ਨੂੰ ਰਾਸ਼ਟਰੀ ਕੋਚ ਪੁਲੇਲਾ





ਗੋਪੀਚੰਦ ਨਾਲ ਇੱਥੇ ਇੰਦਰਾ ਗਾਂਧੀ ਏਅਰਪੋਰਟ ਪੁੱਜੀ ਤਾਂ ਲੋਕਾਂ ਨੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ। ਇਸ ਦੌਰਾਨ ਪੀਵੀ ਸਿੰਧੂ ਨੇ ਆਪਣੇ ਕੋਚ ਗੋਪੀਚੰਦ ਤੇ ਕਿਮ (ਜੀ ਹਿਊਨ) ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਬਹੁਤ ਕੋਸ਼ਿਸ਼ਾਂ ਕੀਤੀਆਂ ਤੇ ਮੇਰੀ ਖੇਡ ਵਿਚ ਤਬਦੀਲੀ ਲਿਆਂਦੀ। ਦੱਖਣੀ ਕੋਰੀਆ ਦੀ ਸਾਬਕਾ ਅੰਤਰਰਾਸ਼ਟਰੀ ਬੈਡਮਿੰਟਨ ਖਿਡਾਰਨ ਕਿਮ ਇਸ ਸਾਲ ਦੇ ਸ਼ੁਰੂ ਵਿਚ ਗੋਪੀਚੰਦ ਦੀ ਸਿਫ਼ਾਰਸ਼ 'ਤੇ ਕੋਚਿੰਗ ਸਟਾਫ ਨਾਲ ਜੁੜੀ ਸੀ।

# ਬੀਰ ਖਾਲਸਾ ਗਰੁੱਪ ਦੀ ਟੀਮ ਅਮਰੀਕਾ ਦੇ ਪ੍ਰਸਿੱਧ ਟੇਲੈਂਟ ਸ਼ੋਅ ਦੇ ਕੁਆਰਟਰ ਫਾਈਨਲ ਵਿਚ ਹਾਰੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਬੀਰ ਖਾਲਸਾ ਦਲ ਪੰਜਾਬ ਦੀ ਟੀਮ ਜਿਸ ਨੇ ਅਮਰੀਕਾ ਦੇ ਪ੍ਰਸਿੱਧ 'ਗੌਟ ਟੇਲੈਂਟ' ਪ੍ਰੋਗਰਾਮ ਵਿਚ ਆਪਣੀ ਅਨੋ ਖੀ ਕਲਾ ਦੇ ਜੌਹਰ ਵਿਖਾਕੇ ਵਿਸ਼ਵ ਭਰ ਦੇ ਹਜਾਰਾਂ ਪ੍ਰਸੰਸਕਾਂ ਦਾ ਦਿੱਲ ਜਿੱਤਿਆ ਹੈ, ਪਹਿਲੇ ਕੁਆਰਟਰ ਫਾਈਨਲ ਵਿਚ ਹਾਰਕੇ ਬਾਹਰ ਹੋ ਗਈ। ਇਹ ਮੁਕਾਬਲਾ ਲੌਸ ਏਂਜਲਸ ਦੇ ਡੋਲਬੀ ਥੀਏਟਰ ਵਿਚ ਹੋਇਆ। ਬੀਰ ਖਾਲਸਾ ਗਰੁੱਪ ਦੀ ਇਸ ਟੀਮ ਵਿਚ ਜਗਦੀਪ ਸਿੰਘ ਤੇ ਕੰਵਲਜੀਤ ਸਿੰਘ ਸ਼ਾਮਿਲ ਹਨ। ਆਪਣੀ ਕਲਾ ਦੇ ਜੌਹਰ ਵਿਖਾਉਂਦਿਆਂ ਕੰਵਲਜੀਤ ਸਿੰਘ ਕਪੜੇ ਨਾਲ ਆਪਣੀਆਂ ਅੱਖਾਂ ਬੰਨਕੇ ਜਮੀਨ ਉਪਰ ਲੇਟੇ ਹੋਏ ਜਗਦੀਪ ਸਿੰਘ ਦੇ ਮੂੰਹ ਉਪਰ ਪਈ ਤੋਰੀ ਨੂੰ ਤਿੱਖੇ ਹਥਿਆਰ ਨਾਲ ਚੀਰਦਾ ਹੈ। ਬਾਅਦ ਵਿਚ ਉਹ ਉਸ ਦੀ ਛਾਤੀ ਉਪਰ ਰਖੇ ਬਰਫ਼ ਦੇ ਬਲਾਕ ਨੂੰ ਤੋੜਦਾ ਹੈ ਤੇ ਆਖਿਰ ਵਿਚ ਇਕ ਬਹੁਤ ਹੀ ਖਤਰਨਾਕ ਕਲਾ ਦਾ ਪ੍ਰਦਰਸ਼ਨ ਕਰਦਿਆਂ ਜਗਦੀਪ ਸਿੰਘ ਦੇ ਆਸ ਪਾਸੇ ਰਖੇ ਤਰਬੂਜਾਂ ਨੂੰ ਇਕ ਵੱਡੇ ਹਥੌੜੇ ਨਾਲ ਭੰਨਦਾ ਹੈ। ਇਸ ਸਾਰੇ ਪ੍ਰਦਰਸ਼ਨ ਦੌਰਾਨ ਉਸ ਦੀਆਂ ਅੱਖਾਂ ਬੰਨੀਆਂ ਹੁੰਦੀਆਂ ਹਨ।



ਇਸ ਸ਼ੋਅ ਨੂੰ ਜੱਜਾਂ ਨੇ ਬਹੁਤ ਪ ਸੰਦ ਕੀਤਾ। ਦੋਵਾਂ ਜੱਜਾਂ ਸਿਮਨ ਕੋਵੈਲ ਤੇ ਹੋਵੀ ਮੰਡੇਲ ਨੇ ਇਨਾਂ ਨੌਜਵਾਨਾਂ ਦੀ ਰਜਵੀਂ ਤਾਰੀਫ ਕੀਤੀ ਪਰ ਨਾਲ ਹੀ ਕਿਹਾ ਕਿ ਅਮਰੀਕੀ ਪ੍ਰਸੰਸਕਾਂ ਨੇ ਉਨਾਂ ਦੇ ਹੱਕ ਵਿਚ ਵੋਟ ਨਹੀਂ ਪਾਈ। ਸ਼ੋਅ ਵਿਚੋਂ ਬਾਹਰ ਹੋਣ ਉਪਰੰਤ ਦੋਵਾਂ ਨੌਜਵਾਨਾਂ ਨੇ ਕਿਹਾ ਕਿ ਉਨਾਂ ਨੇ ਆਸ ਨਹੀਂ ਛੱਡੀ ਹੈ, ਉਹ ਆਪਣੀ ਕਲਾ ਨੂੰ ਹੋਰ ਨਿਖਾਰਣਗੇ। ਉਨਾਂ ਨੇ ਪ੍ਰਸੰ ਸਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੋਰ ਖਤਰਨਾਕ ਕਲਾ ਦੇ ਜੌਹਰ ਵੇਖਣ ਲਈ ਉਹ ਤਿਆਰ ਰਹਿਣ।

# ਥਾਈਲੈਂਡ ਦੇ ਹੋਟਲ ਵਿਚ ਪੰਜਾਬੀ ਮੂਲ ਦੇ ਬ੍ਰਿਟਿਸ਼ ਨਾਗਰਿਕ ਦੀ ਹੱਤਿਆ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਥਾਈਲੈਂਡ ਦੇ ਪ੍ਰਸਿੱਧ ਸੈਰ ਸਪਾਟਾ ਟਾਪੂ ਫੂਕਟ ਦੇ ਇਕ ਹੋਟਲ ਵਿਚ ਨਾਰਵੇ ਦੇ ਇਕ ਵਿਅਕਤੀ ਵੱਲੋਂ ਬ੍ਰਿਟਿਸ਼ ਨਾਗਰਿਕ ਦੀ ਹੱਤਿਆ ਕਰ ਦੇਣ ਦੀ ਰਿਪੋਰਟ ਹੈ । ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬੀ ਮੂਲ ਦਾ ਬ੍ਰਿਟਿਸ਼ ਨਾਗਰਿ ਕ ਅੰਮਿਤਪਾਲ ਸਿੰਘ ਬਜਾਜ (34) ਛੁੱਟੀਆਂ ਮਨਾਉਣ ਲਈ ਆਪਣੀ ਪਤਨੀ ਤੇ ਇਕ ਬ ੱਚੇ ਨਾਲ ਹੋਟਲ ਵਿਚ ਠਹਿਰਿਆ ਹੋਇਆ ਸੀ।



ਉਸ ਦਾ ਨਾਲ ਵਾਲੇ ਕਮਰੇ ਵਿਚ ਠਹਿਰੇ ਨਾਰਵੇ ਵਾਸੀ ਰੋਜਰ ਬੁਲਮੈਨ (54) ਨਾਲ ਝਗੜਾ ਹੋ ਗਿਆ। ਬੁਲਮੈਨ ਮਾਰਸ਼ਲ ਆਰਟਸ ਮਾਹਿਰ ਹੈ। ਪੁਲਿਸ ਅਨੁਸਾਰ ਬਜਾਜ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਸੀ ਕਿ ਬੁਲਮੈਨ ਬਹੁਤ ਰੌਲਾ ਪਾ ਰਿਹਾ ਹੈ। ਜਦੋਂ ਪੁਲਿਸ ਮੌਕੇ 'ਤੇ ਪੁੱਜੀ ਤਾਂ ਬਜਾਜ ਜਮੀਨ ਉਪਰ ਡਿੱਗਾ ਪਿਆ ਸੀ। ਉਸ ਦੇ ਨੱਕ ਤੇ ਮੂੰਹ ਵਿਚੋਂ ਖੂਨ ਆ ਰਿਹਾ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗ ਈ । ਪੁਲਿਸ ਅਨੁਸਾਰ ਝਗੜੇ ਦੌਰਾਨ ਬਜਾਜ ਨੇ ਵੀ ਬੁਲਮੈਨ ਉਪਰ ਚਾਕੂ ਨਾਲ ਹਮ ਲਾ ਕੀਤਾ। ਪੁਲਿਸ ਨੇ ਬੁਲਮੈਨ ਨੂੰ ਗ੍ਰਿਫ਼ਤਾਰ ਕਰਕੇ ਇਕ ਸਥਾਨਕ ਅਦਾਲਤ ਵਿਚ ਪੇਸ਼ ਕੀਤਾ ਜਿਥੇ ਉਸ ਨੂੰ ਜਮਾ ਨਤ ਉਪਰ ਰਿਹਾਅ ਕਰ ਦਿੱਤਾ ਗਿਆ। ਉਸ ਵਿਰੁੱਧ ਹੱਤਿਆ ਮੇਤ ਵੱਖ ਵੱਖ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜੇਕਰ ਉਸ ਦੇ ਦੋਸ਼ ਸਾਬਤ ਹੋ ਜਾਂਦੇ ਹਨ ਤਾਂ ਉਸ ਨੂੰ 20 ਸਾਲ ਤੱਕ ਸਜਾ ਹੋ ਸਕਦੀ ਹੈ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# 1 ਸਤੰਬਰ ਨੂੰ ਹੋਣ ਵਾਲੇ ਜਲਿਆਂਵਾਲਾ ਬਾਗ਼ ਦੀ ਸ਼ਤਾਬਦੀ ਨੂੰ ਸਮਰਪਿਤ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਵਿਸ਼ੇਸ਼





ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਨੂੰ ਇਕ ਸਦੀ ਬੀਤ ਗਈ ਹੈ। ਪਰ ਇਸ ਦਰਦ 'ਤੇ ਫਹੇ ਰੱਖ ਕੇ ਫੂਕਾਂ ਮਾਰ ਕੇ ਵੀ ਇਸ ਪੀੜਾ ਨੂੰ ਘਟਾਇਆ ਨਹੀਂ ਜਾ ਸਕਿਆ। ਇਹ ਦਰਦ ਹੋਰ ਵੀ ਇਸ ਕਰਕੇ ਵੱਡਾ ਹੋ ਜਾਂਦਾ ਹੈ ਕਿ ਜਿਸ ਆਜ਼ਾਦੀ ਲਈ ਇਨ੍ਹਾਂ ਹਜ਼ਾਰਾਂ ਲੋਕਾਂ ਨੇ ਆਪਣੀ ਛਾਤੀ 'ਚ ਛੇਕ ਕਰਵਾਏ ਉਨ੍ਹਾਂ ਦੀ ਸੁਪਨਿਆਂ ਦੀ ਆਜ਼ਾਦੀ ਨੂੰ ਹਾਲੇ ਤੱਕ ਵੀ ਬੂਰ ਨਹੀਂ ਪੈ ਸਕਿਆ। ਇਸੇ ਕਰਕੇ ਜਲ੍ਹਿਆਂਵਾਲਾ ਬਾਗ ਦੀ ਖ਼ੂਨੀ ਸ਼ਤਾਬਦੀ ਨੂੰ ਮਨਾਉਂਦਿਆਂ ਸਿਰ ਆਪਣੇ ਆਪ ਝੁਕ ਜਾਂਦਾ ਹੈ।

ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਕੈਲੇਫੋਰਨੀਆਂ ਵਲੋਂ ਪਿਛਲੇ ਕਰੀਬ ਦੋ ਦਹਾਕਿਆਂ ਤੋਂ ਆਜ਼ਾਦੀ ਦੀ ਲਹਿਰ ਲਈ ਗਦਰ ਮਚਾਉਣ ਵਾਲੇ ਸੂਰਮਿਆਂ ਦੀ ਯਾਦ ਵਿਚ 'ਮੇਲਾ ਗਦਰੀ ਬਾਬਿਆਂ ਦਾ' ਸੈਕਰਾਮੈਂਟੋ 'ਚ ਅਯੋਜਿਤ ਕੀਤਾ ਜਾ ਰਿਹਾ ਹੈ। ਪਿਛਲੇ ਕੁਝ ਵਰ੍ਹਿਆਂ ਤੋਂ ਇਸ ਦੀ ਅਗਵਾਈ ਸੁਰਿੰਦਰ ਸਿੰਘ ਬਿੰਦਰਾ ਕਰਦੇ ਆ ਰਹੇ ਹਨ। ਪੰਜਾਬੀਆਂ ਦੀ ਆਮਦ ਖਾਸ ਤੌਰ 'ਤੇ ਕੈਲੀਫੋਰਨੀਆਂ 'ਚ ਹੋਣ ਤੋਂ ਬਾਅਦ ਇਹ ਉਨ੍ਹਾਂ ਮੇਲਿਆਂ 'ਚ ਸ਼ੁਮਾਰ ਰੱਖਦਾ ਹੈ ਜਿਹੜੇ ਦੇਸ਼ ਲਈ ਕੁਰਬਾਨ ਹੋਣ ਵਾਲੇ ਲੋਕਾਂ ਨੂੰ ਆਏ ਸਾਲ ਯਾਦ ਕਰਦੇ ਆ ਰਹੇ ਹਨ। ਇਸ ਮੇਲੇ ਦੀ ਖਾਸੀਅਤ ਇਹ ਰਹੀ ਹੈ ਕਿ ਇੱਥੇ ਇਨ੍ਹਾਂ ਗਦਰੀ ਬਾਬਿਆਂ ਦੇ ਵਾਰਸਾਂ ਨੂੰ ਬੁਲਾ ਕੇ ਮਾਣ ਸਨਮਾਨ ਵੀ ਦਿੱਤਾ ਜਾਂਦਾ ਹੈ, ਗਦਰ ਲਹਿਰ ਦੇ ਇਤਿਹਾਸ ਨੂੰ ਪ੍ਰਦਰਸ਼ਿਤ ਕਰਕੇ ਨਵੀਆਂ ਨਸਲਾਂ ਨੂੰ ਪ੍ਰੇਰਨਾ ਸ੍ਰੋਤ ਵੀ ਬਣਾਇਆ ਜਾਂਦਾ ਰਿਹਾ ਹੈ। ਢਾਡੀ, ਕਵੀਸ਼ਰੀ ਅਤੇ ਗਾਇਕੀ ਜ਼ਰੀਏ ਦੇਸ਼ ਭਗਤੀ ਦੇ ਕਿੱਸੇ ਦੇ ਸਿਹਤਮੰਦ ਸੱਭਿਆਚਾਰਕ ਗੀਤਾਂ ਨੂੰ ਪੇਸ਼ ਕਰਕੇ ਲਗਾਤਾਰ ਮੇਲੇ ਨੂੰ ਮੇਲੇ ਵਰਗਾ ਬਣਾਉਣ ਦਾ ਯਤਨ ਹੁੰਦਾ ਆਇਆ ਹੈ। ਸ. ਸੁਰਿੰਦਰ ਸਿੰਘ ਬਿੰਦਰਾ ਅਨੁਸਾਰ ਇਹ ਮੇਲਾ ਇਸ ਵਾਰ 1 ਸਤੰਬਰ 2019 ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਦੇਰ ਰਾਤ ਤੱਕ ਐੱਸ.ਆਈ.ਐੱਸ ਹਾਲ 10428 ਈਸਟ ਸਟਾਕਟਨ ਬੁਲੇਵਾਰਡ ਐਲਕਗਰੋਵ ਸੈਕਰਾਮੈਂਟੋ ਵਿਖੇ ਮਨਾਏ ਜਾਣ ਵਾਲੇ ਇਸ ਮੇਲੇ ਵਿਚ ਬੀਬੀ ਮਾਲਵਿੰਦਰ ਕੌਰ, ਬੀਬੀ ਕਰਨੈਲ ਕੌਰ ਈਸੜੂ, ਦਵਿੰਦਰ ਸਿੰਘ ਧੂਤ, ਕਿਰਪਾਲ ਸਿੰਘ ਸੰਧੂ, ਜਗਦੀਸ਼ ਖੰਗੂੜਾ (ਬਾਬਾ ਕਰਤਾਰ ਸਿੰਘ ਦੁੱਕੀ ਦਾ ਪੋਤਾ) ਅਤੇ ਪਿਛਲੇ ਮੇਲਿਆਂ ਵਾਂਗ ਰਵਾਇਤੀ ਪਹਿਰਾਵਿਆਂ 'ਚ ਨਾਮਧਾਰੀ ਸੰਗਤ ਪਹੁੰਚੇਗੀ। ਮੇਲੇ ਦੌਰਾਨ ਢਾਡੀ ਜਥਿਆਂ ਤੋਂ ਸਿਵਾ ਪੰਮੀ ਮਾਨ, ਜੀਵਨ ਰੱਤੂ, ਪੂਨਮ ਮਲਹੋਤਰਾ ਤੋਂ ਸਿਵਾ ਭੰਗੜੇ ਗਿੱਧੇ ਦੀਆਂ ਟੀਮਾਂ ਵੀ ਸ਼ਾਮਿਲ ਹੋਣਗੀਆਂ। ਬੁਲੰਦ ਆਵਾਜ਼ ਦੇ ਮਾਲਕ ਗਿੱਲ ਹਰਦੀਪ ਵੀ ਇਸ ਮੇਲੇ ਦਾ ਸ਼ਿੰਗਾਰ ਬਣਨ ਲਈ ਪਹੁੰਚ ਰਹੇ ਹਨ। ਗੀਤਕਾਰ ਮੱਖਣ ਬਰਾੜ ਦਾ ਇਸ ਮੌਕੇ 'ਤੇ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

ਗਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਹੋਵੇਗੀ, ਖਾਣਾ, ਪਾਰਕਿੰਗ 'ਤੇ ਐਂਟਰੀ ਮੁਫਤ ਹੋਣਗੇ। ਪ੍ਰਬੰਧਕ ਕਮੇਟੀ ਵਿਚ ਸਕੱਤਰ ਗਿਆਨ ਸਿੰਘ ਬਿਲਗਾ, ਖਜਾਨਚੀ ਜਗਜੀਤ ਸਿੰਘ ਗਿੱਲ, ਸਤਵਿੰਦਰ ਸਿੰਘ ਰਾਣਾ, ਰੁਪਿੰਦਰ ਸਿੰਘ ਸੰਘਾ, ਸੁਰਿੰਦਰ ਸਿੰਘ ਗਿੱਲ, ਬਲਵੰਤ ਬਾਂਕਾ ਇਸ ਜਲ੍ਹਿਆਂਵਾਲਾ ਬਾਗ ਦੀ ਖ਼ੂਨੀ ਸ਼ਤਾਬਦੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੇ ਯਤਨਾਂ 'ਚ ਲੱਗੇ ਹੋਏ ਹਨ। ਸ. ਬਿੰਦਰਾ ਨੇ ਸਮੂਹ ਪੰਜਾਬੀਆਂ ਨੂੰ ਇਸ ਗਦਰੀ ਬਾਬਿਆਂ ਦੇ ਮੇਲੇ 'ਤੇ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਵੀ ਕੀਤੀ।

**- ਐੱਸ.ਅਸ਼ੋਕ. ਭੌਰਾ**

## ਗਦਰੀ ਬਾਬਿਆਂ ਦੇ ਮੇਲੇ ਦੀਆਂ ਤਿਆਰੀਆਂ ਮੁਕੰਮਲ



ਇੰਡੀ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਹਰ ਸਾਲ ਸੈਕਰਾਮੈਂਟੋ ਵਿਚ ਕਰਵਾਏ ਜਾਂਦੇ ਗਦਰੀ ਬਾਬਿਆਂ ਦਾ ਮੇਲਾ, ਜੋ ਇਸ ਸਾਲ 1 ਸਤੰਬਰ ਦਿਨ ਐਤਵਾਰ ਨੂੰ ਹੋ ਰਿਹਾ ਹੈ। ਉਸਦਾ ਸਭ ਪ੍ਰਬੰਧ ਪੂਰਾ ਹੋ ਚੁੱਕਾ ਹੈ।

ਇਹ ਮੇਲਾ ਇਸ ਸਾਲ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸਮਰਪਿਤ ਹੈ। ਯਾਦ ਰਹੇ ਕਿ ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ 13 ਅਪ੍ਰੈਲ 1919 ਨੂੰ ਵਾਪਰਿਆ ਸੀ ਜੋ ਹੁਣ ਸੌ ਵਰ੍ਹੇ ਤੋਂ ਉਪਰ ਹੋ ਚੁੱਕੇ ਹਨ।

ਰੋਲਟ ਐਕਟ ਦੇ ਵਿਰੁੱਧ ਪੁਰ ਅਮਨ ਰੋਸ ਪ੍ਰਗਟ ਕਰਕੇ ਭਾਰਤੀ ਲੋਕਾਂ ਉਤੇ ਬਰਤਾਨਵੀ ਸਾਮਰਾਜ ਦੇ ਵਹਿਸ਼ੀ ਜਨਰਲ ਡਾਇਰ ਨੇ ਗੋਲੀਆਂ ਚਲਾ ਕੇ ਉਥੇ ਖ਼ੂਨ ਵਹਾਇਆ ਸੀ, ਜਿਸ ਦੀ ਚਰਚਾ ਸਾਰੀ ਦੁਨੀਆਂ ਭਰ ਵਿਚ ਹੋਈ ਅਤੇ ਅੰਗਰੇਜ਼ੀ ਸਾਮਰਾਜ ਨੂੰ ਪੂਰੀ ਤਰ੍ਹਾਂ ਭੰਡਿਆ ਗਿਆ। ਮੇਲੇ ਵਿਚ ਜਲੰਧਰ ਦੇਸ਼ ਭਗਤ ਯਾਦਗਾਰ ਦੇ ਇਤਿਹਾਸਕਾਰ ਸ੍ਰੀ ਚਰੰਜੀ ਲਾਲ ਕੰਗਣੀਵਾਲ ਪਹੁੰਚ ਰਹੇ ਹਨ ਅਤੇ ਇਕੱਠ ਵਿਚ ਆਪਣੇ ਵਿਚਾਰ ਰੱਖਣਗੇ ਅਤੇ ਹੋਰ ਵੀ ਸੱਜਣ ਇਤਿਹਾਸ ਨਾਲ ਸਬੰਧਤ ਜਾਣਕਾਰੀ ਦੇਣਗੇ।

**ਵੱਲੋਂ ਗਿਆਨ ਸਿੰਘ ਬਿਲਗਾ**
**ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ।**

## ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਦੇ ਵਕੀਲਾਂ ਵੱਲੋਂ ਰੋਸ ਧਰਨਾ



**ਜਲੰਧਰ–** ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਦੇ ਵਕੀਲਾਂ ਨੇ ਸੈਸ਼ਨ ਕੋਰਟ ਦੇ ਬਾਹਰ ਰੋਸ ਧਰਨਾ ਦੇ ਕੇ ਤੁਗਲਕਾਬਾਦ ਦਿੱਲੀ ਵਿਖੇ ਸ੍ਰੀ ਗੁਰੂ ਰਵਿਦਾਸ ਮੰਦਰ ਨੂੰ ਢਾਹੇ ਜਾਣ ਦੀ ਸਖਤ ਨਿਖੇਧੀ ਕੀਤੀ। ਉਹਨਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸ੍ਰੀ ਗੁਰੂ ਰਵਿਦਾਸ ਮੰਦਰ ਮੁੜ ਤੋਂ ਉਸੇ ਥਾਂ ਬਣਾਇਆ ਜਾਵੇ ਅਤੇ ਇਸ ਇਤਿਹਾਸਕ ਸਥਾਨ ਜੋ 600 ਸਾਲ ਪੁਰਾਣਾ ਹੈ ਅਤੇ 13 ਵਿੱਘੇ ਜ਼ਮੀਨ ਵਿਚ ਫੈਲਿਆ ਹੈ, ਇਹ ਜਮੀਨ ਵੀ ਸ੍ਰੀ ਗੁਰੂ ਰਵਿਦਾਸ ਮੰਦਰ ਨੂੰ ਵਾਪਸ ਕੀਤੀ ਜਾਵੇ। ਇਥੇ ਇਹ ਮੰਗ ਵੀ ਕੀਤੀ ਗਈ ਕਿ ਸਾਬਕਾ ਵਿਧਾਇਕ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਉਪਰ ਦਰਜ ਕੀਤੇ ਝੂਠੇ ਕੇਸ ਰੱਦ ਕੀਤੇ ਜਾਣ।

## ਪ੍ਰਬੁੱਧ ਭਾਰਤ ਫਾਊਂਡੇਸ਼ਨ ਪੰਜਾਬ ਵੱਲੋਂ 12ਵੀਂ ਪੁਸਤਕ ਪ੍ਰਤੀਯੋਗਤਾ



**ਜਲੰਧਰ–** ਪ੍ਰਬੁੱਧ ਭਾਰਤ ਫਾਊਂਡੇਸ਼ਨ ਪੰਜਾਬ ਵੱਲੋਂ 12ਵੀਂ ਪੁਸਤਕ ਪ੍ਰਤੀਯੋਗਤਾ ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ 'ਚ ਪ੍ਰਿੰਸੀਪਲ ਪਰਮਜੀਤ ਜੱਸਲ ਦੀ ਅਗਵਾਈ ਵਿਚ ਕਰਵਾਈ ਗਈ।

ਇਸ ਪੁਸਤਕ ਪ੍ਰਤੀਯੋਗਤਾ ਵਿਚ ਮੁੱਖ ਮਹਿਮਾਨ ਐਡਵੋਕੇਟ ਹਰਭਜਨ ਸਾਂਪਲਾ ਨੇ ਬੱਚਿਆਂ ਨੂੰ ਪ੍ਰੇਰਨਾ ਦਿੰਦਿਆਂ ਕਿਹਾ ਕਿ ਇਹੋ ਜਿਹੇ ਕੰਪੀਟੀਸ਼ਨ ਸਾਡੇ ਸਮਾਜ ਨੂੰ ਅੱਗੇ ਵਧਾ ਸਕਦੇ ਹਨ, ਜਿਹਨਾਂ ਨਾਲ ਡਾ. ਅੰਬੇਡਕਰ ਜੀ ਦੇ ਮਿਸ਼ਨ ਤੇ ਫਸਲਫਾ ਬਾਰੇ ਸਹੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਸ੍ਰੀ ਸਾਂਪਲਾ ਨੇ ਪੇਪਰ ਸ਼ੁਰੂ ਹੋਣ ਤੋਂ ਪਹਿਲਾਂ ਕੰਪੀਟੀਸ਼ਨਾਂ ਦੇ ਪੇਪਰਾਂ ਵਿਚ ਸਫਲ ਹੋਣ ਲਈ ਵਧੀਆ ਕਾਰਗੁਜ਼ਾਰੀ ਦਿਖਾਉਣ ਲਈ ਨੁਕਤੇ ਵਿਦਿਆਰਥੀਆਂ ਨੂੰ ਦੱਸੇ, ਜੋ ਜੀਵਨ ਭਰ ਕਿਸੇ ਵੀ ਕੰਪੀਟੀਸ਼ਨ ਵਿਚ ਸਹਾਈ ਸਿੱਧ ਹੋ ਸਕਦੇ ਹਨ। ਪ੍ਰਿੰ ਪਰਮਜੀਤ ਜੱਸਲ ਨੇ ਕਿਹਾ ਕਿ ਇਹੋ ਜਿਹੇ ਉਪਰਾਲੇ ਹਮੇਸ਼ਾ ਕੀਤੇ ਜਾਂਦੇ ਹਨ ਤਾਂ ਕਿ ਬੱਚਿਆਂ ਦੇ ਜੀਵਨ ਵਿਚ ਬਾਬਾ ਸਾਹਿਬ ਦਾ ਇਤਿਹਾਸ ਪੜ੍ਹ ਕੇ ਤਬਦੀਲੀ ਆਵੇ। ਇਸ ਪ੍ਰਤੀਯੋਗਤਾ 'ਚ ਸੁਖਵਿੰਦਰ ਸਿੰਘ ਰਾਏਪੁਰੀ ਤੇ ਉਹਨਾਂ ਦੀ ਟੀਮ ਨੇ ਸਹਿਯੋਗ ਦਿੱਤਾ। ਪ੍ਰਿੰਸੀਪਲ ਵੱਲੋਂ ਐਡਵੋਕੇਟ ਹਰਭਜਨ ਸਾਂਪਲਾ, ਅਜੇ ਕੁਮਾਰ ਜੱਸੀ ਤੇ ਸੁਖਵਿੰਦਰ ਸਿੰਘ ਦਾ ਵੀ ਸਰੋਪਿਆਂ ਅਤੇ ਟਰਾਫੀਆਂ ਨਾਲ ਸਨਮਾਨ ਕੀਤਾ।

# ਪ੍ਰੋ: ਨਰਿੰਜਨ ਤਸਨੀਮ ਪੰਜਾਬੀ ਸਾਹਿਤ ਜਗਤ ਦਾ ਨਿਵੇਕਲਾ ਚਿਹਰਾ ਸੀ, ਸੈਂਕੜੇ ਲੇਖਕਾਂ ਵੱਲੋਂ ਸ਼ਰਧਾਂਜਲੀ

**ਲੁਧਿਆਣਾ (ਬਿਊਰੋ)–** ਸਿਰਮੌਰ ਨਾਵਲਕਾਰ ਪ੍ਰੋ: ਨਰਿੰਜਨ ਤਸਨੀਮ ਜੀ ਨੂੰ ਅੰਤਿਮ ਅਰਦਾਸ ਮੌਕੇ ਪੂਰੇ ਪੰਜਾਬ ਤੋਂ ਲੇਖਕ, ਸਭਿਆਚਾਰਕ ਸੰਸਥਾਵਾਂ ਦੇ ਅਹੁਦੇਦਾਰ, ਪੱਤਰਕਾਰ ਤੇ ਬੁੱਧੀ ਜੀਵੀ ਪਹੁੰਚੇ। ਮਾਡਲ ਟਾਊਨ ਐਕਸਟੈਨਸ਼ਨ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਲੁਧਿਆਣਾ ਵਿਖੇ ਹਜ਼ੂਰੀ ਰਾਗੀਆਂ ਨੇ ਗੁਰੂ ਜਸ ਗਾਇਨ ਕੀਤਾ। ਪ੍ਰੋ: ਨਰਿੰਜਨ ਤਸਨੀਮ ਜੀ ਦੇ ਦਾਮਾਦ ਸ: ਬਲਜੀਤ ਸਿੰਘ ਸੰਦਲੀ ਪੈੜਾਂ (ਦੂਰਦਰਸ਼ਨ ਸੇਵਾ ਮੁਕਤ ਅਧਿਕਾਰੀ) ਨੇ ਤਸਨੀਮ ਜੀ ਦੇ ਜੀਵਨ ਤੇ ਵਿਦਿਅਕ, ਸਾਹਿੱਤਕ ਪ੍ਰਾਪਤੀਆਂ ਬਾਰੇ ਸੰਬੋਧਨ ਕੀਤਾ। ਵੱਖ ਵੱਖ ਸਭਾਵਾਂ ਵੱਲੋਂ ਆਏ ਸ਼ੋਕ ਮਤੇ ਵੀ ਪੜ੍ਹ ਕੇ ਸੁਣਾਏ ਗਏ ਅਤੇ ਪ੍ਰੋ: ਤਸਨੀਮ ਦੇ ਸਪੁੱਤਰ ਡਾ: ਗੁਰਿੰਦਰਜੀਤ ਸਿੰਘ ਪੁਰੀ, ਨੂੰਹ ਹਰਪ੍ਰੀਤ ਕੌਰ ਤੇ ਧੀਆਂ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਉੱਘੇ ਲੇਖਕ ਪ੍ਰੋ: ਰਵਿੰਦਰ ਸਿੰਘ ਭੱਠਲ, ਪ੍ਰਧਾਨ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ, ਸਰੂਪ ਸਿੰਘ ਅਲਗ, ਕੁਲਦੀਪ ਸਿੰਘ ਬੇਦੀ , ਇੰਜਨੀਅਰ ਕਰਮਜੀਤ ਸਿੰਘ ਜਲੰਧਰ,ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਡਾ:, ਗੁਰਇਕਬਾਲ ਸਿੰਘ, ਡਾ: ਗੁਲਜ਼ਾਰ ਪੰਧੇਰ, ਸਤਿਨਾਮ ਸਿੰਘ ਕੋਮਲ, ਤੇਜ ਪਰਤਾਪ ਸਿੰਘ ਸੰਧੂ, ਰਣਜੋਧ ਸਿੰਘ, ਦਰਸ਼ਨ ਸਿੰਘ ਮੱਕੜ, ਕ੍ਰਿਪਾਲ ਸਿੰਘ ਚੌਹਾਨ ਬਿਊਰੋ ਚੀਫ ਇੰਡੋ ਅਮੈਰਿਕਨ ਟਾਈਮਜ਼, ਦਲਬੀਰ ਲੁਧਿਆਣਵੀ, ਕੁਲਵਿੰਦਰ ਕੌਰ ਮਿਨਹਾਸ, ਜਸਪ੍ਰੀਤ ਕੌਰ ਫਲਕ, ਪ੍ਰਿੰ: ਮਨਜੀਤ ਕੌਰ ਸੋਢੀਆ, ਪ੍ਰੋ: ਬਲਵਿੰਦਰਪਾਲ ਸਿੰਘ, ਡਾ: ਹਰਜਿੰਦਰ ਸਿੰਘ ਬਰਾੜ, ਪ੍ਰਿੰ: ਸਵਰਨਜੀਤ ਸਿੰਘ ਦਿਓਲ, ਮਲਕੀਤ ਸਿੰਘ ਔਲਖ, ਚਰਨਜੀਤ ਸਿੰਘ ਯੂ ਐੱਸ ਏ, ਡਾ: ਅਨੁਰਾਗ ਸਿੰਘ, ਬਲਕਾਰ ਸਿੰਘ ਸੰਧਾਵਾਲੀਆ, ਤਲਜੀਤ ਸਿੰਘ ਆਰਟਿਸਟ, ਡਾ: ਜਗਤਾਰ ਧੀਮਾਨ ਰਜਿਸਟਰਾਰ ਸੀ ਟੀ ਯੂਨੀ ਵਰਸਿਟੀ ਲੁਧਿਆਣਾ ਹਾਜ਼ਰ ਸਨ।

ਪੰਜਾਬ ਦੇ ਉੱਘੇ ਡਾਕਟਰ ਸਾਹਿਬਾਨ ਤੇ ਉੱਘੇ ਸਮਾਜ ਸੇਵਕ ਤੇ ਮੈਡੀਵੇਜ਼ ਹਸਪਤਾਲ ਦੇ ਮਾਲਕ ਸ: ਭਗਵਾਨ ਸਿੰਘ ਗੁਰੂਮੇਲ, ਸਾਬਕਾ ਪਾਰਸ਼ਦ ਤਨਵੀਰ ਸਿੰਘ ਧਾਲੀਵਾਲ ਵੀ ਹਾਜ਼ਰ ਹੋਏ। ਪ੍ਰੋ:ਗੁਰਭਜਨ ਗਿੱਲ ਨੇ ਤਸਨੀਮ ਜੀ ਬਾਰੇ ਗੁਰਦਵਾਰਾ ਮਾਡਲ ਟਾਉਨ ਐਕਸਟੈਨਸ਼ਨ ਦੇ ਦਫ਼ਤਰ ਚ ਹਾਜ਼ਰ ਲੇਖਕਾਂ ਨਾਲ ਵਿਚਾਰ ਵਟਾਂਦਰਾ ਕਰਦਿਆਂ ਦੱਸਿਆ ਕਿ ਤਸਨੀਮ ਜੀ ਦੀ ਸਾਹਿਤਕ ਜੀਵਨੀ ਦਾ ਆਰੰਭ 1959 ਤੋਂ ਹੋਇਆ ਜਦ ਉਨ੍ਹਾਂ ਨੇ ਉਰਦੂ ਵਿੱਚ ਪਹਿਲਾ ਨਾਵਲ 'ਸੋਗਵਾਰ' ਲਿਖਿਆ। ਇਹ ਨਾਵਲ 1960 ਵਿੱਚ ਪ੍ਰਕਾਸ਼ਤ ਹੋਇਆ। 1962 ਵਿੱਚ ਉਨ੍ਹਾਂ ਦਾ ਦੂਸਰਾ ਉਰਦੂ ਨਾਵਲ ਮੋਨਾਲੀਜ਼ਾ ਛਪ ਕੇ ਹਿੰਦ-ਪਾਕਿ ਦੇ ਅਦਬੀ ਹਲਕਿਆਂ ਕੋਲ ਪੁੱਜਾ। ਤਸਨੀਮ ਨੇ ਪੰਜਾਬੀ ਵਿੱਚ ਸਾਹਿਤ ਸਿਰਜਣਾ ਪਰਛਾਵੇਂ ਨਾਵਲ ਨਾਲ ਸ਼ੁਰੂ ਕੀਤੀ ਅਤੇ 1966 ਵਿੱਚ ਤਸਨੀਮ ਜੀ ਦਾ ਪਹਿਲਾ ਪੰਜਾਬੀ ਨਾਵਲ ਕਸਕ ਤੋਂ ਬਾਦ 2000 ਤੀਕ ਉਨ੍ਹਾਂ ਦੇ 10 ਨਾਵਲ ਪਾਠਕਾਂ ਕੋਲ ਪਹੁੰਚੇ ਅਤੇ ਸ਼ਹਿਰੀ ਪਿਛੋਕੜ ਦੇ ਬਾਵਜੂਦ ਉਨ੍ਹਾਂ ਦੀ ਲਿਖਤ ਪੇਂਡੂ ਅਤੇ ਸ਼ਹਿਰੀ ਹਲਕਿਆਂ ਵਿੱਚ ਇਕੋ ਜਿੰਨੀ ਸਲਾਹੀ ਗਈ। ਪੰਜਾਬ ਦੀਆਂ ਲਗਪਗ ਸਾਰੀਆਂ ਯੂਨੀਵਰਸਿਟੀਆਂ ਅਤੇ ਸਕੂਲ ਸਿੱਖਿਆ ਬੋਰਡ ਨੇ ਤਸਨੀਮ ਜੀ ਦੇ ਦੇ ਨਾਵਲਾਂ ਨੂੰ ਸਿਲੇਬਸ ਦਾ ਹਿੱਸਾ ਬਣਾਇਆ। ਸ਼ਿਮਲੇ ਰਹਿੰਦਿਆਂ ਤਸਨੀਮ ਜੀ ਦੀ ਦੋਸਤੀ ਪੰਜਾਬੀ ਸ਼ਾਇਰ ਈਸ਼ਵਰ ਚਿਤਰਕਾਰ ਨਾਲ ਐਸੀ ਪਈ ਕਿ ਆਖਰੀ ਸਾਹਾਂ ਤੀਕ ਉਨ੍ਹਾਂ ਦੇ ਰੋਮ ਰੋਮ ਵਿਚੋਂ ਈਸ਼ਵਰ ਦੀ ਗੂੰਜ ਸੁਣਾਈ ਦਿੰਦੀ ਰਹੀ । ਮੀਰ ਦੇ ਸੰਪਾਦਕ ਸ੍ਰ: ਪੁਰਦਮਨ ਸਿੰਘ ਬੇਦੀ ਦੀ ਮਦਦ ਨਾਲ ਉਨ੍ਹਾਂ ਨੇ ਸਾਂਝੀ ਸੰਪਾਦਨਾ ਹੇਠ ਈਸ਼ਵਰ ਚਿਤਰਕਾਰ ਸਿਮਰਤੀ ਗ੍ਰੰਥ ਤਿਆਰ ਕਰਵਾਇਆ। ਪ੍ਰੋ: ਤਸਨੀਮ ਪੰਜਾਬੀ ਭਾਸ਼ਾ ਵਿਭਾਗ ਦੇ ਸਾਹਿੱਤ ਰਤਨ ਪੁਸਕਾਰ ਨਾਲ ਸਨਮਾਨਿਤ ਲੇਖਕ ਸਨ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਵੀ ਬਹੁਤ ਪਹਿਲਾਂ ਉਨ੍ਹਾਂ ਨੂੰ 1993 ਵਿੱਚ ਸ: ਕਰਤਾਰ ਸਿੰਘ ਧਾਲੀਵਾਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਪੰਜਾਬ ਦੇ ਸਿੱਖਿਆ ਮੰਤਰੀ ਸ: ਲਖਮੀਰ ਸਿੰਘ ਰੰਧਾਵਾ ਨੇ ਉਨ੍ਹਾਂ ਨੂੰ 1995 ਵਿੱਚ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਵਜੋਂ ਆਦਰ ਮਾਣ ਦਿੱਤਾ। ਭਾਰਤੀ ਸਾਹਿਤ ਅਕਾਡਮੀ ਵੱਲੋਂ ਤਸਨੀਮ ਜੀ ਨੂੰ 1999 ਵਿੱਚ ਸਾਹਿਤ ਅਕੈਡਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ। ਇੰਡੀਅਨ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਦੇ ਆਪ 1998-99 ਦੌਰਾਨ ਫੈਲੋ ਰਹੇ। ਸਾਰੀ ਜ਼ਿੰਦਗੀ ਅੰਗਰੇਜ਼ੀ ਪੜ੍ਹਾਉਣ ਵਾਲੇ ਪ੍ਰੋ: ਤਸਨੀਮ ਨੇ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਵੀ ਦਸ ਮਹੱਤਵਪੂਰਨ ਪੁਸਤਕਾਂ ਦਿੱਤੀਆਂ । ਪੰਜਾਬੀ ਨਾਵਲ ਦਾ ਮੁਹਾਂਦਰਾ 'ਮੇਰੀ ਨਾਵਲ ਨਿਗਾਰੀ, ਨਾਵਲ ਕਲਾ ਅਤੇ ਮੇਰਾ ਅਨੁਭਵ, ਆਈਨੇ ਦੇ ਰੂ-ਬਰੂ, ਆਧੁਨਿਕ ਪ੍ਰਵਿਰਤੀਆਂ ਅਤੇ ਪੰਜਾਬੀ ਨਾਵਲ' ਤੋਂ ਇਲਾਵਾ ਸਮਕਾਲੀ ਸਾਹਿਤਕ ਸੰਦਰਭ ਯੂਨੀਵਰਸਿਟੀ ਅਧਿਆਪਕਾਂ ਲਈ ਮਾਰਗ ਦਰਸ਼ਕ ਪੁਸਤਕਾਂ ਹਨ। ਅੰਗਰੇਜ਼ੀ ਵਿੱਚ ਵੀ ਆਪ ਨੇ ਪੰਜਾਬੀ ਸਾਹਿਤ ਬਾਰੇ ਪੰਜ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚੋਂ ਕਾਦਰ ਯਾਰ ਬਾਰੇ ਲਿਖੀ ਪੁਸਤਕ ਨੂੰ ਭਾਰਤੀ ਸਾਹਿਤ ਅਕੈਡਮੀ ਨੇ ਪ੍ਰਕਾਸ਼ਿਤ ਕੀਤਾ। ਅੰਗਰੇਜ਼ੀ ਅਖ਼ਬਾਰਾਂ ਵਿੱਚ ਲਗਾਤਾਰ ਕਾਲਮ ਲਿਖਣ ਵਾਲੇ ਪ੍ਰੋ: ਤਸਨੀਮ ਨੇ ਅਨੇਕਾਂ ਮਹੱਤਵਪੂਰਨ ਪੁਸਤਕਾਂ ਨੂੰ ਪੰਜਾਬੀ ਤੋਂ ਅੰਗਰੇਜੀ ਅਤੇ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਉਲਥਾਇਆ ਹੈ। ਮੇਰੀਆਂ ਪੰਜ ਕਵਿਤਾਵਾਂ ਵੀ ਉਨ੍ਹਾਂ ਅੰਗਰੇਜ਼ੀ ਚ ਕੀਤੀਆਂ। ਪ੍ਰੋ: ਤਸਨੀਮ ਜੀ ਦੇ ਜਾਣ ਤੇ ਸੱਚਮੁੱਚ ਵੱਡਾ ਘਾਟਾ ਪਿਆ ਹੈ।



# ਅਮੈਰਿਕਨ ਇੰਡੀਆ ਯੂਥ ਕਲੱਬ ਸੁਸਾਇਟੀ ਆਫ ਰੈਡਿਨ ਵੱਲੋਂ 5ਵਾਂ ਸਾਲਾਨਾ ਤੀਆਂ ਦਾ ਮੇਲਾ ਜੋਸ਼ੋ-ਖਰੋਸ਼ ਨਾਲ ਮਨਾਇਆ

**ਰੈਡਿਨ (ਬਿਊਰੋ)** ਅਮੈਰਿਕਨ ਇੰਡੀਆ ਯੂਥ ਕਲੱਬ ਸੁਸਾਇਟੀ ਆਫ ਰੈਡਿਨ ਜੋ ਕਿ ਹਰ ਸਾਲ ਤੀਆਂ ਦਾ ਮੇਲਾ ਜੋਸ਼ੋ-ਖਰੋਸ਼ ਨਾਲ ਮਨਾਉਂਦੀ ਹੈ, ਵੱਲੋਂ ਇਸ ਵਾਰ ਵੀ 5ਵਾਂ ਸਾਲਾਨਾ ਤੀਆਂ ਦਾ ਮੇਲਾ ਪੂਰੇ ਉਤਸ਼ਾਹ ਅਤੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਸਟੇਜ ਦੀ ਜ਼ਿੰਮੇਵਾਰੀ ਕੁਲਦੀਪ ਕੌਰ ਸਿੱਧੂ ਅਤੇ ਮਨਦੀਪ ਕੌਰ ਜੌਹਲ ਵੱਲੋਂ ਨਿਭਾਈ ਗਈ। ਮੇਲੇ ਦੇ ਸ਼ੁਰੂਅਤ ਵਿਚ ਓਪਨਿੰਗ ਸ਼ਬਦ 'ਸੁੱਖ ਤੇਰਾ ਦਿੱਤਾ ਲਈਏ ...' ਨਾਲ ਆਰੰਭ ਕੀਤਾ ਗਿਆ। ਸ਼ਬਦ ਰਾਜਬੀਰ ਸਿੰਘ ਅਤੇ ਅੰਗਵੀਰ ਕੌਰ ਵੱਲੋਂ ਸ਼ੁਰੂਆਤ ਵਿਚ ਪੜ੍ਹਿਆ ਗਿਆ।

ਪ੍ਰੋਗਰਾਮ ਵਿਚ ਸੁਖਮਨ, ਰੂਪਕ, ਜੈਪ੍ਰੀਤ, ਸੁਖਵਿੰਦਰ, ਪਰਨੀਤ ਅਤੇ ਬਲਜੋਤ ਕੌਰ ਨੇ ਸ਼ਾਨਦਾਰ ਪ੍ਰਫਾਰਮੈਂਸ ਦਿਖਾਈ। ਸੁਖਵੰਤ ਕੌਰ (ਰਾਜ) ਸੁਪਤਨੀ ਹਰਦੀਪ ਸਿੰਘ ਮੇਅਰ (ਸਾਬਕਾ) ਵੱਲੋਂ ਤਿਆਰ ਕੀਤੀ ਟੀਮ ਵੱਲੋਂ ਪ੍ਰਫਾਰਮੈਂਸ ਅਤੇ ਖੁਦ ਵੀ ਆਈਟਮਾਂ ਪੇਸ਼ ਕੀਤੀਆਂ। ਲੰਮੀਆਂ ਗੁੱਤਾਂ ਅਤੇ ਬੁਝਾਰਤਾਂ ਦੇ ਮੁਕਾਬਲੇ ਕਰਵਾਏ ਗਏ। ਇਸ ਦਰਮਿਆਨ ਜਸਮੀਨ, ਜਸਲੀਨ, ਸੱਚਲੀਨ ਆਦਿ ਨੇ ਪੰਜਾਬੀ ਗੀਤ ਅਤੇ ਵੱਖ-ਵੱਖ ਆਈਟਮਾਂ ਪੇਸ਼ ਕੀਤੀਆਂ। ਮੁਟਿਆਰਾਂ ਵੱਲੋਂ ਪੰਜਾਬੀ ਗਿੱਧਾ ਤੇ ਸਭਿਆਚਾਰਕ ਗੀਤ ਗਾਏ ਗਏ, ਉਹਨਾਂ ਵਿਚ ਸ਼ਾਮਲ ਹਨ ਸੀਰਤ ਕੌਰ, ਕੋਮਲ ਕੌਰ, ਕਿਰਨ, ਖੁਸ਼ਮੀਤ, ਨਵਲੀਨ ਅਤੇ ਏਕਮ ਆਦਿ ਵੱਲੋਂ ਧਮਾਕੇਦਾਰ ਆਈਟਮਾਂ ਪੇਸ਼ ਕੀਤੀਆਂ ਗਈਆਂ। ਪ੍ਰੋਗਰਾਮ ਅਗਲੇ ਸਾਲ ਫਿਰ ਮਿਲਣ ਦਾ ਕਹਿ ਕੇ ਸੰਪੰਨ ਹੋਇਆ ਅਤੇ ਪ੍ਰਬੰਧਕ ਕਮੇਟੀ ਦੀਆਂ ਕੁਲਦੀਪ ਕੌਰ ਸਿੱਧੂ, ਬਲਜੀਤ ਕੌਰ ਗਰੇਵਾਲ, ਪ੍ਰਮਜੀਤ ਕੌਰ ਸੋਹਲ, ਮਨਦੀਪ ਕੌਰ ਜੌਹਲ, ਨਵਰੀਤ ਕੌਰ, ਹਰਵਿੰਦਰ ਕੌਰ ਅਤੇ ਰਾਜਵਿੰਦਰ ਕੌਰ ਨੇ ਆਏ ਸਾਰੇ ਕਲਾਕਾਰਾਂ ਅਤੇ ਦਰਸ਼ਕਾਂ ਨਾਲ ਨਾਲ ਉਹਨਾਂ ਸਾਰੇ ਪਰਿਵਾਰਾਂ ਦਾ ਧੰਨਵਾਦ ਕੀਤਾ, ਜਿਹਨਾਂ ਇਸ ਪ੍ਰੋਗਰਾਮ ਨੂੰ ਸਪਾਂਸਰ ਕੀਤਾ।

----
























ਬੀਤੇ ਦਿਨੀਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਹਰਪ੍ਰੀਤ ਸਿੰਘ ਨਿਊਯਾਰਕ ਆਏ। ਇਸ ਦੌਰਾਨ ਸ. ਕਸ਼ਮੀਰਾ ਸਿੰਘ ਦੇ ਗ੍ਰਹਿ (ਵੈਲਰੋਜ਼, ਨਿਊਯਾਰਕ) ਵਿਖੇ ਪਧਾਰੇ। ਇਸ ਮੌਕੇ ਉਹਨਾਂ ਦਾ ਪੰਜਾਬੀ ਭਾਈਚਾਰੇ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਜਿਸ ਦੌਰਾਨ ਸ. ਗੁਰਨਾਮ ਸਿੰਘ ਬਿਰਦੀ ਪ੍ਰਧਾਨ ਅਤੇ ਸਤਨਾਮ ਸਿੰਘ ਵਾਈਸ ਪ੍ਰਧਾਨ ਅਤੇ ਮਨੋਹਰ ਲਾਲ ਸੀਨੀਅਰ ਵਾਈਸ ਪ੍ਰਧਾਨ ਅਤੇ ਪਰਮਜੀਤ ਸੀਦਾ ਜਨਰਲ ਸਕੱਤਰ (ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਆਫ ਨਿਊਯਾਰਕ), ਰਮੇਸ਼ ਸਿੰਘ ਬਸਰਾ ਸਾਬਕਾ ਖਜਾਨਚੀ (ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ), ਭੋਲਾ ਸਿੰਘ ਕਲੇਰ, ਚਰਨਜੀਤ ਝੱਲੀ, ਕੇਵਲ ਸਿੰਘ ਅਤੇ ਬੂਟਾ ਸਿੰਘ ਅਤੇ ਹੋਰ ਬਹੁਤ ਸਾਰੇ ਪੰਜਾਬੀ ਭਾਈਚਾਰੇ ਦੇ ਮੈਂਬਰ ਜਥੇਦਾਰ ਸਾਹਿਬਾਨ ਹੁਰਾਂ ਦੇ ਸਵਾਗਤ ਲਈ ਇਕੱਤਰ ਹੋਏ।



ਤਸਵੀਰ ਅਤੇ ਵੇਰਵਾ- ਗੁਰਨਾਮ ਸਿੰਘ ਬਿਰਦੀ



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# TANDOOR
Indian Restaurant

27167 Mission Blvd. Hayward, CA 95544







ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

**Ph. 510-885-1212, Fax. 510-885-1532**

**We are open seven days 11 AM to 10 PM**

# ਸ੍ਰੀ ਕ੍ਰਿਸ਼ਨ ਕੁਮਾਰ (ਆਈ.ਏ.ਐਸ.) ਵੱਲੋਂ ਪਿੰਡ ਮੋਰਾਂਵਾਲੀ ਦੀ ਹਰਸੇਵਾ ਸੰਸਥਾ ਦੀਆਂ ਸੇਵਾਵਾਂ ਲਈ ਪ੍ਰਬੰਧਕਾਂ ਦਾ ਵਿਸ਼ੇਸ਼ ਸਨਮਾਨ

**ਚੰਡੀਗੜ (ਦੇਸ ਦੁਆਬਾ ਬਿਊਰੋ)-** ਸ. ਕਸ਼ਮੀਰ ਸਿੰਘ ਹੀਰਾ (ਇੰਡੀਆ ਮਾਰਕੀਟ ਵਾਲੇ) ਇਕ ਨਾਮਵਰ ਜਾਣੀ-ਪਹਿਚਾਣੀ ਭਾਰਤੀ ਭਾਈਚਾਰੇ ਦੀ ਮਾਣਮੱਤੀ ਸ਼ਖਸੀਅਤ ਹਨ, ਜਿਹਨਾਂ ਦਾ ਜੱਦੀ ਪਿੰਡ ਮੋਰ-ਾਂਵਾਲੀ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ (ਭਾਰਤ) ਹੈ ਅਤੇ ਕਾਫੀ ਲੰਮੇ ਅਰਸੇ ਤੋਂ ਕੈਲੇਫੋਰਨੀਆ 'ਚ ਰਹਿ ਰਹੇ ਹਨ। ਉਹਨਾਂ ਨੇ ਬੀ. ਏ. ਸਪੋਰਟਸ ਕਾਲਜ ਜਲੰਧਰ ਤੋਂ ਅਤੇ ਵੀਮੈਨ ਕਾਲਜ ਹੁਸ਼ਿਆਰਪੁਰ ਤੋਂ ਐਮ. ਏ. ਕੀਤੀ। ਇਸ ਤੋਂ ਕੁਝ ਸਮਾਂ ਬਾਅਦ ਉਹ ਅਮਰੀਕਾ ਆ ਗਏ। ਇੱਥੇ ਉਹਨਾਂ ਨੇ ਆਪਣੇ ਬਿਜਨਿਸ ਦੇ ਨਾਲ ਸੋਸ਼ਲ ਨੈਟਵਰਕ ਵੀ ਕਾਫੀ ਬਣਾਇਆ ਹੋਇਆ ਹੈ। ਉਹ ਆਪਣੇ ਖੁਦ ਦੇ ਲੈਵਲ 'ਤੇ ਅਤੇ ਵੱਖ ਵੱਖ ਸੰਸਥਾਵਾਂ ਰਾਹੀਂ ਸਮਾਜ ਦੇ ਭਲੇ ਹਿੱਤ ਪੰਜਾਬ ਦੇ ਲੋਕਾਂ ਦੀ ਮਦਦ ਕਰਦੇ ਰਹਿੰਦੇ ਹਨ। ਜਿਹਨਾਂ ਬਾਰੇ ਆਉਣ ਵਾਲੇ ਸਮੇਂ 'ਚ ਲਿਖਾਂਗੇ। ਉਸ ਤੋਂ ਪਹਿਲਾਂ ਇਹ ਗੱਲ ਪਾਠਕਾਂ ਨਾਲ ਸਾਂਝੀ ਕਰਨਾ ਵੀ ਨਹੀਂ ਭੁੱਲਣਾ ਚਾਹੁੰਦੇ ਤੇ ਨਾ ਭੁੱਲ ਸਕਦੇ ਹਾਂ ਕਿ ਸ. ਕਸ਼ਮੀਰ ਸਿੰਘ ਹੀਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਨਾਲ ਪਹਿਲੇ ਅੰਕ ਤੋਂ ਹੀ ਆਪਣਾ ਲਗਾਤਾਰ ਯੋਗਦਾਨ ਕਰਦੇ ਆ ਰਹੇ ਹਨ। ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਸ. ਹੀਰਾ ਜੀ ਦਾ ਤਹਿ ਦਿਲੋਂ ਸ਼ੁਕਰਾਨਾ ਕਰਦਾ ਹੈ। ਸ. ਹੀਰਾ ਜੀ, ਜੋ ਸਾਥੋਂ ਜਿੱਥੇ ਦਿਲੋਂ ਦੂਰ ਨਹੀਂ, ਉਥੇ ਘਰ ਅਤੇ ਬਿਜਨਸ ਪੱਖੋਂ ਵੀ ਦੂਰ ਨਹੀਂ, ਇਸੇ ਲਈ ਉਹਨਾਂ ਨਾਲ ਅਕਸਰ ਮੁਲਾਕਾਤ ਦਾ ਸਬੱਬ ਬਣਦਾ ਰਹਿੰਦਾ ਹੈ। ਬੀਤੇ ਕੁਝ ਦਿਨ ਪਹਿਲਾਂ ਪ੍ਰਿੰਸੀਪਲ ਸਲਿੰਦਰ ਦਾ ਜ਼ਿਕਰ ਹੋਇਆ ਤਾਂ ਉਹਨਾਂ ਕਿਹਾ ਕਿ ਤੁਸੀਂ ਕਿਸ ਤਰ੍ਹਾਂ ਜਾਣਦੇ ਹੋ ਤਾਂ ਮੈਂ ਦੱਸਿਆ ਕਿ ਇਸ ਤਰ੍ਹਾਂ ਗੱਲ ਹੋਈ ਕਿ ਮਾਣਯੋਗ ਸ੍ਰੀ ਕ੍ਰਿਸ਼ਨ ਕੁਮਾਰ ਦੀਆਂ ਗੱਲਾਂ ਚੱਲੀਆਂ ਤਾਂ ਸ. ਹੀਰਾ ਜੀ ਨੇ ਆਪਣੀ ਭਾਰਤ ਫੇਰੀ ਦੌਰਾਨ ਸ੍ਰੀ ਕ੍ਰਿਸ਼ਨ ਕੁਮਾਰ IAS Secretary, School Education, Punjab ਜੀ ਨਾਲ ਮੁਲਾਕਾਤ ਅਤੇ ਫੋਟੋਆਂ ਦਿਖਾਈਆਂ ਤਾਂ ਸੁਭਾਵਿਕ ਹੀ ਸੀ ਕਿ ਮੈਂ ਪੁੱਛਦਾ, ਇਹਨਾਂ ਤਸਵੀਰਾਂ ਦਾ ਪਿਛੋਕੜ ਕੀ ਹੈ। ਉਹਨਾਂ ਦੱਸਿਆ ਕਿ ਸਾਡੇ ਪਿੰਡ ਮੋਰਾਂਵਾਲੀ 'ਚ ਹਰਸੇਵਾ ਸੰਸਥਾ ਵੱਲੋਂ ਐਨ ਆਰ ਆਈ ਪਰਿਵਾਰਾਂ ਦੇ ਸਹਿਯੋਗ ਨਾਲ ਬੱਚਿਆਂ ਲਈ ਸਕੂਲ ਬੱਸ ਅਤੇ ਫਰਨੀਚਰ, ਪਿੰਡ ਲਈ ਐਂਬੂਲੈਂਸ ਆਦਿ ਸਹੂਲਤਾਂ ਮੁਹੱਈਆ ਕਰਵਾਉਣ 'ਤੇ ਸ੍ਰੀ ਕ੍ਰਿਸ਼ਨ ਕੁਮਾਰ ਨੇ ਸੰਸਥਾ ਦੇ ਕੰਮਾਂ ਦੀ ਸਲਾਘਾ ਕੀਤੀ ਅਤੇ ਮਾਣ-ਸਨਮਾਨ ਕੀਤਾ ਜਿਹਨਾਂ ਵਿਚ ਕਸਮੀਰ ਸਿੰਘ ਹੀਰਾ, ਡਾ ਅਵਤਾਰ ਸਿੰਘ ਬਰਾੜ, ਅਮਨਦੀਪ ਸਿੰਘ ਰਾਏ, ਸ ਬਲਵੀਰ ਸਿੰਘ ਹੇਅਰ, ਗੁਰਦਿਆਲ ਸਿੰਘ ਰਾਏ (ਯੂਕੇ) ਅਤੇ ਸਤਨਾਮ ਸਿੰਘ ਆਦਿ ਦੇ ਸਹਿਯੋਗ ਪਿੰਡ ਦੇ ਵਿਕਾਸ ਲਈ ਮਦਦ ਕੀਤੀ ਜਾ ਰਹੀ ਹੈ।




















Dedicated to Sri Guru Nanak Dev ji's 550th Parkash Purb

# UNITED SPORTS CLUB CALIFORNIA, AMERICA

# 15TH WORLD KABADDI CUP

15 SEPTEIMBER 2019, SUNDAY (Timing 09:00am - 06pm)

(James Logan High School 1800 H Street, Union City, California 94587)

## Major League Kabaddi Federation

ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ

Amolak Singh Gakhal
Chief Patron, United Sports Club

ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ

ਤੀਰਥ ਗਾਖਲ ਰੰਗ ਕਬੱਡੀ ਦੇ

**Sponsor of 1st Prize**
Jagjit Singh Rakkar, Ocean Transport
Kuljit Singh Nijjar, White Hawlk

**Sponsor of 2nd Prize**
Jugraj Singh Sahota & Narinder Singh Sahota of Sahota Family
Dedicated to Sweet Memory of Late. Kashmir Singh Sahota

**Sponsor of 3rd Prize**
Jaswinder Boparai, Dalbir Boparai, Malkit Bopari, Gurdev Boparai

**Diamond Sponsor**
Inder Dosanjh
Dosanjh Family

**Diamond Sponsor**
In the loving Memory of Late S. Mehnga Singh Sarai

ਮੁੱਖ ਮਹਿਮਾਨ

OPENING

ਮੈਨੀ ਗਰੇਵਾਲ
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ, ਵਾਈਸ ਮੇਅਰ ਫਰੀਮਾਂਟ
ਮੇਜਰ ਸਿੰਘ ਬੈਂਸ
ਤੀਰਥ ਸਿੰਘ ਗਾਖਲ

**Sponsor of U-25**
1st Prize Sponsored by TAKHAR FAMILY in loving memory of Late. Santokh Singh
Late. Santokh Singh Takhar

Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com

Makhan Singh Bains, Chairman
Iqbal Singh Gakhal, Vice Chairman
Jugraj Singh Sahota, President
Gakhal & Media Incharge
Narinder Singh Sahota, Treasurer
Sadhu Singh Khlaur, Advisor
Balvir Singh Bhatia, Director
Natha Singh Gakhal Advisor
Makhan Singh Dhaliwal

Debi Sohal Sidhwan Dona, Director
Inderjit Singh Thind, Director
Bakhtawar Singh Gakhal, Director
Gurpreet Singh Gakhal, Director
Giani Ravinder Singh, Director
Baljinder Singh Gakhal, Director
Gurnam Singh Wraich
Harjinder Ladhar, Director
Dalwinder Padda, Director
Arundeep Singh, Advisor
Baljinder Singh, Advisor
Kirandeep Singh (director)
Kala Gakhal, Director

Super Star Players

Mangi Bagga Pind, Pala Jalalapur, Sandip Ludhar, Sukha Bhandal, Dulla Bagga Pind, Khushi Duggan, Pehlwan Kahlwan, Kamal Nawan Pind, Yaad Kotli, Ravi Sidwan Dona, Rubi Harkhowal, Jairo, Arsh Chohla, Arshi Preetam, Gurlal Ghanaur, Sultan, Sandeep Surkhpur

Hasoos, Sandeep Nangal Ambian, Mani Sandhu, Gurpreet Burj Hari, Kevin Sandhu Rurka Kalan, Raju Kotla Bhari, Daljit Shamaspur, Pali Chhanna, Manna Bal Nau, Yada Surkhpur, Sharna Daggo Rumana, Makhan Makhi, Deesha Aalowal, Gurpreet, Gagan Jogewal, Bana Dhaliwal, Sattu Khadoor Sahib

ਵਿਸ਼ੇਸ਼ ਮਹਿਮਾਨ

ਗਾਖਲ ਭਰਾਵਾਂ ਵਲੋਂ ਆਪਣੇ ਪਿਤਾ ਸ੍ਰ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ ਅਤੇ ਸੁਲਤਾਨ ਸ਼ਮਸ਼ਪੁਰ ਦਾ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗਾ

ਗੋਲਡ ਮੈਡਲ ਨਾਲ ਸਨਮਾਨ

ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ, ਖੁਸ਼ੀ ਦੁੱਗਾਂ, ਸੁਲਤਾਨ ਸ਼ਮਸਪੁਰ

Raja Sweets & Catering | Chicago's Pizza With-A-Twist | Rama Photo Video

ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ

1. Bay Area Sports Club 2. Young Sports Kabaddi Club CA. 3. Metro Sports Club New York 4. Canada Club

ਆਲ ਓਪਨ ਯੂ.ਐੱਸ.ਏ:
ਯੂਨਾਈਟਡ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ ਕੈਲੀਫੋਰਨੀਆਂ

Spectator Have to reach at James Logan High School, International Law of Kabddi will apply, United Sports Club has reserve the right for last decisions.

**All Kabaddi Lovers are openly Invited**



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



## ਪੁਰਾਣੇ ਟਾਇਰਾਂ ਦੀ ਸੇਲ

## ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailer Tires and Kind $ 199 + Labor

## NEW & USED TIRES
## WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

# 3525 Highway 99, West Corning, CA 96021

Across the Street from TA Truck Stop

# ਮੋਦੀ ਸਰਕਾਰ ਬਣਾਵੇਗੀ ਸਤਿਗੁਰੂ ਰਵਿਦਾਸ ਜੀ ਦਾ ਮੰਦਰ



**ਨਵੀਂ ਦਿੱਲੀ–** ਦਿੱਲੀ ਸਥਿਤ ਸੈਂਕੜੇ ਸਾਲ ਪੁਰਾਣੇ ਸਤਿਗੁਰੂ ਰਵਿਦਾਸ ਜੀ ਦੇ ਤੁਗਲਕਾਬਾਦ ਮੰਦਰ ਨੂੰ ਸੁਪਰੀਮ ਕੋਰਟ ਦੇ ਆਦੇਸ਼ ਤੇ ਤੋੜੇ ਜਾਣ ਦੇ ਵਿਰੁੱਧ ਰਵਿਦਾਸ ਭਾਈਚਾਰੇ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਰਵਿਦਾਸੀਆ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਦਾ ਧਿਆਨ ਰੱਖਦੇ ਹੋਏ ਇਸ ਮਾਮਲੇ ਦਾ ਹੱਲ ਕਰਦਿਆਂ ਹੁਸ਼ਿਆਰਪੁਰ ਤੋਂ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਬਿਆਨ ਦਿੰਤਾ ਹੈ ਕਿ ਮੋਦੀ ਸਰਕਾਰ ਜਲਦੀ ਹੀ ਦਿੱਲੀ ਸਥਿਤ ਤੁਗਲਕਾਬਾਦ ਵਿਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਾਚੀਨ ਮੰਤਰ, ਸਰੋਵਰ ਅਤੇ ਚਾਰ ਸਮਾਧ ਵੀ ਬਣਵਾਏਗੀ।

# ਸਤਿਗੁਰੂ ਕਬੀਰ ਜੀ ਦਾ 621 ਵਾਂ ਪ੍ਰਕਾਸ਼ ਦਿਹਾੜਾ ਮਨਾਇਆ

**ਭੋਗਪੁਰ–** ਧਾਰਮਿਕ ਅਤੇ ਸਮਾਜਿਕ ਪਰਿਵਰਤਨ ਦੇ ਇਨ-ਕਲਾਬੀ ਰਹਿਨੁਮਾ ਸਤਿਗੁਰੂ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ, ਡਾ ਭੀਮ ਰਾਓ ਅੰਬੇਡਕਰ ਚੇਤਨਾ ਮੰਚ ਭੋਗਪੁਰ ਵੱਲੋਂ ਬੜੀ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਮੰਚ ਦੇ ਸਮੂਹ ਮੈਂਬਰਾਂ ਅਤੇ ਸੰਗਤਾਂ ਨੇ ਸਤਿਗੁਰੂ ਕਬੀਰ ਜੀ ਦੀ ਤਸਵੀਰ ਨੂੰ ਫੁੱਲ ਅਰਪਣ ਕੀਤੇ। ਮਾਸਟਰ ਸੂਰਤੀ ਲਾਲ ਜੀ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਾਨੂੰ ਸਤਿਗੁਰੂ ਕਬੀਰ ਜੀ ਦੀ ਬਾਣੀ ਅਤੇ ਉਪਦੇਸ਼ਾਂ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣਾ ਚਾਹੀਦਾ ਹੈ। ਸੂਬੇਦਾਰ ਹੰਸ ਰਾਜ ਜੀ ਨੇ ਕਿਹਾ ਕਿ ਸਤਿਗੁਰੂ ਕਬੀਰ ਜੀ ਨੇ ਸਮਾਜਿਕ ਸਾਂਝੀਵਾਲਤਾ ਦਾ ਉਪਦੇਸ਼ ਦਿੰਦਿਆਂ ਜਾਤੀ ਭੇਦ-ਭਾਵ ਦਾ ਜ਼ੋਰਦਾਰ ਖੰਡਨ ਕੀਤਾ। ਚਰਨਜੀਤ ਸਿੰਘ ਬਿਨਪਾਲਕੇ ਨੇ ਬੋਲਦਿਆਂ ਕਿਹਾ ਕਿ ਸਤਿਗੁਰੂ ਕਬੀਰ ਜੀ ਮਹਾਰਾਜ ਨੇ ਆਪਣੀ ਬਾਣੀ ਵਿੱਚ ਵਹਿਮਾਂ-ਭਰਮਾਂ, ਅੰਧ ਵਿਸ਼ਵਾਸਾਂ ਦਾ ਖੰਡਨ ਕਰਦਿਆਂ ਮਨੁੱਖ ਨੂੰ ਤਰਕਵਾਦੀ ਹੋਣ ਦਾ ਸੰਦੇਸ਼ ਦਿੱਤਾ ਹੈ। ਇਸ ਮੌਕੇ ਮੰਚ ਦੇ ਪ੍ਰਧਾਨ ਪ੍ਰਿੰਸੀਪਲ ਗਿਰਦਾਰੀ ਲਾਲ, ਤੇਜਿੰਦਰ ਚੋਪੜਾ, ਸੇਵਾ ਸਿੰਘ ਟਾਂਡੀ, ਸੁੱਖ ਚੈਨ ਖਰਲ, ਪ੍ਰੇਮ ਜੌੜਾ, ਜੈ ਨਰਾਇਣ, ਸਰਬਜੀਤ ਸਨੌਰਾ, ਓਮ ਪ੍ਰਕਾਸ਼, ਰੌਸ਼ਨ ਲਾਲ ਸੋਂਧੀ, ਰਣਜੀਤ ਬਿਨਪਾਲਕੇ, ਲਵਪ੍ਰੀਤ ਭੂੰਦੀਆਂ, ਜਗਦੀਪ ਸਿੰਘ, ਬਲਜਿੰਦਰ ਸਿੰਘ, ਪਵਨ ਕੁਮਾਰ ਤੇ ਹੋਰ ਮੈਂਬਰ ਅਤੇ ਸੰਗਤਾਂ ਹਾਜ਼ਰ ਸਨ।



# ਸ਼ੋਕ ਸਮਾਚਾਰ



**ਫਰਿਜਨੋ (ਕੈਲੇਫੋਰ-ਨੀਆਂ) ਨੀਟਾ ਮਾ-ਛੀਕੇ / ਕੁਲਵੰਤ ਧਾਲੀਆਂ–** ਸਥਾਨਿਕ ਇੰਡੋ ਯੂ.ਐਸ. ਹੈਰੀਟੇਜ਼ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਵੱਲੋਂ,ਬਹੁਤ ਹੀ ਦੁਖੀ ਹਿਰਦੇ ਨਾਲ਼ ਫਰਿਜਨੋ ਏਰੀਏ ਦੇ ਸਾਰੇ ਭਾਰਤੀ ਭਾਈਚਾਰੇ ਨੂੰ ਸੂਚਿਤ ਕਰਿਆ ਜਾਂਦਾ ਹੈ ਕਿ , ਜਥੇਬੰਦੀ ਦੇ ਬਹੁਤ ਹੀ ਸਤਿਕਾਰ ਯੋਗ ਤੇ ਬਹੁਤ ਹੀ ਸਰਗਰਮ ਮੈਂਬਰ ਵਰਿੰਦਰਪਾਲ ਸਿੰਘ( ਪਾਲ) ਧਾਲੀਵਾਲ, 19 ਅਗੱਸਤ 2019 ਨੂੰ, ਦਿਲ ਦਾ ਦੌਰਾ ਪੈਣ ਕਾਰਨ, ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਪਾਲ ਧਾਲੀਵਾਲ ਦੇ ਤੁਰ ਜਾਣ ਨਾਲ ਸੰਸਥਾ ਨੂੰ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਦੁੱਖ ਦੀ ਘੜੀ ਵਿੱਚ ਸੰਸਥਾ ਧਾਲੀਵਾਲ ਪਰਿਵਾਰ ਦੇ ਨਾਲ਼ ਹਰ ਸਮੇਂ ਸ਼ਰੀਕ ਹੈ। ਅੰਤਮ ਸਸਕਾਰ , 30 ਅਗੱਸਤ ਦਿਨ ਸ਼ੁੱਕਰਵਾਰ ਨੂੰ, ਸ਼ਾਂਤ ਭਵਨ ਫਿਊਨਰਲ ਹੋਮ ਫਾਉਲਰ (99 ਅਤੇ ਕਲੋਵਸ) ਵਿਖੇ ਸਵੇਰੇ 11 ਤੋਂ ਦੁਪਿਹਰ 1 ਵਜੇ ਦਰਮਿਆਨ ਹੋਵੇਗਾ। ਅੰਤਮ ਅਰਦਾਸ ਗੁਰੂ- ਘਰ ਸਿੰਘ ਸਭਾ ਫਰਿਜਨੋ ( 99 ਅਤੇ ਸ਼ਾਹ ਐਵਿਨਿਊ ) ਵਿਖੇ ਹੋਵੇਗੀ। ਦੁੱਖ ਸਾਂਝਾ ਕਰਨ ਲਈ ਜਾ ਹੋਰ ਵਧੇਰੇ ਜਾਣਕਾਰੀ ਲਈ ਕਮਲਜੀਤ ਸਿੰਘ ਟਿਵਾਣਾ (559) 790-1434, ਰਣਜੀਤ ਗਿੱਲ (559) 709-9599, ਹਾਕਮ ਸਿੰਘ ਢਿੱਲੋ (559) 304-8696 ਜਾਂ ਬਿੱਟੂ ਕੁੱਸਾ (559) 708-7021. ਨਾਲ ਸੰਪੱਰਕ ਕਰ ਸਕਦੇ ਹੋ।

**ਵੱਲੋਂ :– ਸਮੂਹ ਮੈਂਬਰਾਨ ਇੰਡੋ–ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜਨੋਂ ( ਕੈਲੇਫੋਰਨੀਆਂ)**

# ਸਵਰਣਾਂ ਨੇ ਸੜਕ ਬੰਦ ਕੀਤੀ, ਦਲਿਤ ਬਜ਼ੁਰਗ ਦੀ ਲਾਸ਼ ਲਟਕਾ ਕੇ ਲੈ ਗਏ ਸ਼ਮਸ਼ਾਨ

**ਵੈਲੂਰ–** ਜ਼ਿਲ੍ਹੇ ਦੇ ਨਰਾਇਣਪੁਰਮ ਵਿਚ ਇਕ ਦਲਿਤ ਦੀ ਮੌਤ ਤੋਂ ਬਾਅਦ ਅੰਤਿਮ ਸਸਕਾਰ ਦੇ ਲਈ ਸ਼ਮਸ਼ਾਨ ਤੱਕ ਲਿਜਾਣ ਲਈ ਜਨਤਕ ਸੜਕ ਵੀ ਨਸੀਬ ਨਹੀਂ ਹੋਈ। ਵਾਇਰਲ ਹੋਈ ਇਕ ਵੀਡੀਓ ਵਿਚ ਦਲਿਤ ਇਕ ਲਾਸ਼ ਨੂੰ ਅੰਤਿਮ ਸਸਕਾਰ ਦੇ ਲਈ ਪਾਲਾਰ ਨਦੀ ਦੇ ਪੁਲ ਤੋਂ ਰੱਸੀਆਂ ਦੇ ਸਹਾਰੇ ਹੇਠਾਂ ਉਤਾਰ ਰਹੇ ਹਨ। ਨਰਾਇਣਪੁਰਮ ਦਲਿਤ ਕਾਲੋਨੀ ਨਿਵਾਸੀ ਕੂਪਨ (55) ਦੀ ਮੌਤ ਹੋ ਗਈ ਸੀ। ਕੂਪਨ ਦੇ ਭਤੀਜੇ ਨੇ ਦੱਸਿਆ ਕਿ ਵਿਵਾਦ ਤੋਂ ਬਚਣ ਦੇ ਲਈ ਅੰਤਿਮ ਸਸਕਾਰ ਦੇ ਲਈ ਪੁਲ ਤੋਂ ਹੇਠਾਂ ਉਤਾਰ ਕੇ ਲਾਸ਼ ਨੂੰ ਲਿਜਾਣ ਦਾ ਫੈਸਲਾ ਕੀਤਾ। ਵੇਲੂਰ ਜ਼ਿਲ੍ਹਾ ਕਲੈਕਟਰ ਏ. ਸੁੰਦਰਮ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀ ਪਾਏ ਜਾਣ ’ਤੇ ਉਚਿਤ ਕਾਰਵਾਈ ਕੀਤੀ ਜਾਵੇਗੀ।



## ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯੌਰਕ ਵੱਲੋਂ

## ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਸਮਾਗਮ





**ਸਾਰਿਆਂ ਨੂੰ ਬੇਨਤੀ:**

ਕਰਨਲ ਰੈਜਿਨਲਡ ਡਾਇਰ ਵਲੋਂ ਮਾਰਚ 13, 1919 ਨੂੰ ਜਲ੍ਹਿਆਂਵਾਲਾ ਬਾਗ ਵਿਚ ਕੀਤੇ ਬੇਕਸੂਰ ਹਿੰਦੋਸਤਾ-ਨੀਆਂ ਦੇ ਬੇਕਿਰਕ ਕਤਲਆਮ ਦੀ ਘਟਨਾ, 20ਵੀਂ ਸਦੀ ਦੀ ਦਿਲ ਕੰਬਾਉਣ ਵਾਲੀ ਦੁਰਘਟਨਾ ਸੀ। ਇਸ ਦਰਦਨਾਕ ਹਾਦਸੇ ਦੌਰਾਨ ਵਤਨ ਲਈ ਸ਼ਹੀਦ ਹੋਏ ਹਿੰਦੋਸਤਾਨੀਆਂ ਨੂੰ ਅਕੀਦਤ ਪੇਸ਼ ਕਰਨਾ ਸਾਰਿਆਂ ਦਾ ਫਰਜ਼ ਬਣਦਾ ਹੈ। ਉਨ੍ਹਾਂ ਮਹਾਨ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯੌਰਕ ਵਲੋਂ ਇਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ, ਜਿਸ ਦੀ ਵਾਕਫੀਅਤ ਹੇਠ ਦਿੱਤੀ ਜਾਂਦੀ ਹੈ।

ਬੁਲਾਰੇ: ਡਾ. ਗੁਰੂਮੇਲ ਸ. ਸਿੱਧੂ (ਅਮਰੀਕਾ), ਜਸਬੀਰ ਸਿੰਘ ਐਮ. ਐਲ .ਏ. (ਕੈਨੇਡਾ), ਅਜੀਤ ਸਿੰਘ ਲਾਇਲ (ਕੈਨੇਡਾ), ਧਰਮ ਸਿੰਘ ਗੁਰਾਇਆ (ਅਮਰੀਕਾ), ਕਸ਼ਮੀਰ ਸਿੰਘ ਕਾਂਗਣਾ (ਅਮਰੀਕਾ), ਜਸਵਿੰਦਰਪਾਲ ਸਿੰਘ ਪੱਖੋਕੇ (ਅਮਰੀਕਾ)।

ਜਿਨ੍ਹਾਂ ਵਿਦਿਆਰਥੀਆਂ ਨੇ ਸਕੂਲ ਵਿਚ ਔਸਤਨ 4 ਗਰੇਡ ਪੁਆਂਇੰਟ ਪ੍ਰਾਪਤ ਕੀਤਾ ਹੋਵੇ, ਉਨ੍ਹਾਂ ਦਾ ਸਨਮਾਨ ਕੀਤਾ ਜਾਵੇਗਾ। ਕਵੀ ਆਪਣੀਆਂ ਕਵਿਤਾਵਾਂ ਪੇਸ਼ ਕਰਨਗੇ।

**ਤਾਰੀਖ: 7 ਸਤੰਬਰ, 2019 (ਸਨਿੱਚਰਵਾਰ)।**
**ਸਮਾਂ: 11 ਵਜੇ ਸਵੇਰ ਤੋਂ 4 ਵਜੇ ਸ਼ਾਮ ਤਕ।**
**ਸਥਾਨ: 100 ਲੇਕਵੁੱਡ ਰੋਡ, ਨਿਊ ਹਾਈਡ ਪਾਰਕ, ਲੌਂਗ ਆਈਲੈਂਡ।**
**ਸਤਿਗੁਰੂ ਸਵੀਟ ਸ਼ੌਪ ਵਾਲਿਆਂ ਵਲੋਂ ਲੰਗਰ ਵਰਤੇਗਾ। ਚਾਹ ਦੀ ਸੇਵਾ ਸਰਦਾਰ ਚਰਨਜੀਤ ਸਿੰਘ ਸਮਰਾ ਵਲੋਂ ਕੀਤੀ ਜਾਏਗੀ ਅਤੇ ਪਾਣੀ ਦੀ ਸੇਵਾ ਸਰਦਾਰ ਅਮਰਜੀਤ ਸਿੰਘ ਪੁਆਰ ਕਰਨਗੇ।**
**ਜਾਣਕਾਰੀ ਲਈ:**
*ਸਵਰਨ ਸਿੰਘ ਸਲੈਚ (917-224-3645), ਸਰਮੁੱਖ ਸਿੰਘ (917-294-6430), ਮਨਮੋਹਨ ਪੂਨੀ (347-753-5940)*

ਪ੍ਰਬੰਧਕ: ਸ. ਭਾਗ ਸਿੰਘ ਮੰਡਾਹੜ, ਹਰਜਿੰਦਰ ਸਿੰਘ ਮੰਡਾਹੜ, ਸਤਿਨਾਮ ਸਿੰਘ ਬੰਡਾਲਾ, ਦਵਿੰਦਰ ਸਿੰਘ ਝਾਵਰ, ਪਰਮਜੀਤ ਸਿੰਘ ਜੌਹਲ, ਬਾਂਟੀ ਸਿੰਘ, ਰਜਿੰਦਰ ਬਿੱਟੂ, ਮਲਕੀਅਤ ਸਿੰਘ ਮਾਣਾ, ਡਾ. ਸੰਦੀਪ ਸਿੰਘ, ਧਰਮਪਾਲ ਸਿੰਘ ਪਾਲ, ਇਕਬਾਲ ਸਿੰਘ, ਹਰੀਸ਼ ਸੈਣੀ, ਸੁਖਦੇਵ ਸਿੰਘ ਸੇਵਕ (ਨਾਮਧਾਰੀ ਸੰਗਤ), ਜਸਬੀਰ ਸਿੰਘ ਮਕਾਨ ਬਿਲਡਰ, ਮੈਡਮ ਪਰਮਜੀਤ ਕੌਰ, ਗੁਰਿੰਦਰਪਾਲ ਕੌਰ, ਨਰਿੰਦਰ ਕੌਰ, ਜਸਵਿੰਦਰ ਕੌਰ, ਨਵਜੀਤ ਕੌਰ, ਸਿਮਰਨਜੀਤ ਕੌਰ, ਸੁਰਜੀਤ ਸਿੰਘ ਪਰਹਾਰ, ਉਂਕਾਰ ਸਿੰਘ ਡਮੇਲੀ, ਸ਼ਮਸ਼ੇਰ ਸਿੰਘ, ਜਗਦੇਵ ਸਿੰਘ ਢਿੱਲੋਂ, ਭੁਪਿੰਦਰ ਸਿੰਘ ਅਟਵਾਲ, ਰਛਪਾਲ ਸਿੰਘ, ਆਦਿ।

**ਅਦਾਰਾ ’ਦੇਸ਼ ਦੁਆਬਾ’ ਇਸ ਮਾਣਮੱਤੀ ਗਦਰ ਲਹਿਰ ਦੇ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ ਕਰਦਾ ਹੈ।**


AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing
510- 733- 2222
1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh

## ਜਨਮ ਦਿਨ 'ਤੇ ਵਿਸ਼ੇਸ਼

# 'ਮਹਾਨ ਕ੍ਰਾਂਤੀਕਾਰੀ ਸ਼ਹੀਦ ਸ਼ਿਵਰਾਮ ਹਰੀ ਰਾਜਗੁਰੂ'



ਪ੍ਰੋ: ਐਚ.ਐਲ.ਕਪੂਰ

ਭਾਰਤ ਇਕ ਮਹਾਨ ਤੇ ਬੜਾ ਵਿਸ਼ਾਲ ਦੇਸ਼ ਹੈ। ਭਾਰਤ ਨੂੰ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦ ਕਰਵਾਉਣ ਲਈ ਦੇਸ਼ 'ਚ ਹਜ਼ਾਰਾਂ ਲੋਕਾਂ ਨੇ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆ ਤੇ ਜੇਲ੍ਹਾਂ 'ਚ ਉਮਰ ਕੈਦਾਂ ਦੀ ਸਜਾ ਭੁਗਤੀ। ਇਹਨਾਂ ਦੇਸ਼ ਭਗਤ ਕ੍ਰਾਂਤੀਕਾਰੀ ਯੋਧਿਆਂ ਨੇ ਅੰਗਰੇਜ਼ ਸਰਕਾਰ ਦੇ ਜ਼ਬਰ-ਜ਼ੁਲਮ ਦਾ ਸਾਹਮਣਾ ਕੀਤਾ ਪਰ ਉਹ ਅੰਗਰੇਜ਼ ਹਕੂਮਤ ਦੇ ਇਸ ਜਬਰ ਤੋਂ ਡਰੇ ਨਹੀਂ ਸਗੋਂ ਫਾਂਸੀ ਦੇ ਰੱਸਿਆਂ ਨੂੰ ਆਪਣੇ ਗਲ਼ਾਂ 'ਚ ਆਪ ਪਾਇਆ ਤੇ 'ਇਨਕਲਾਬ ਜਿੰਦਾਬਾਦ' ਦੇ ਜੈਕਾਰੇ ਛੱਡਦੇ ਹੋਏ ਸ਼ਹੀਦੀ ਜਾਮ ਪੀ ਗਏ। ਅਜਿਹੇ ਹੀ ਇਕ ਭਾਰਤੀ ਮਾਂ ਦੇ ਮਹਾਨ ਸਪੂਤ, ਮਹਾਨ ਦੇਸ਼ ਭਗਤ ਤੇ ਕ੍ਰਾਂਤੀਕਾਰੀ ਸਨ 'ਸ਼ਹੀਦ ਸ਼ਿਵਰਾਮ ਹਰੀ ਰਾਜਗੁਰੂ'। ਉਹ ਮਹਾਰਾਸ਼ਟਰ ਦੀ ਧਰਤੀ 'ਤੇ ਪੈਦਾ ਹੋਏ ਇਕ ਮਹਾਨ ਇਨਕਲਾਬੀ ਯੋਧੇ ਸਨ, ਜਿਸ ਨੂੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਸਾਥੀ ਹੋਣ ਕਰਕੇ ਅਤੇ ਇਕ ਬ੍ਰਿਟਿਸ਼ ਪੁਲਿਸ ਅਧਿਕਾਰੀ 'ਸਾਂਡਰਸ' ਦੇ ਕਤਲ ਵਿਚ ਉਸ ਦੀ ਸ਼ਮੂਲੀਅਤ ਲਈ ਮੁੱਖ ਤੌਰ ਤੇ ਜਾਣਿਆ ਜਾਂਦਾ ਹੈ। ਅਸੀਂ ਜਿਸ ਤਰ੍ਹਾਂ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਆਜ਼ਾਦੀ ਲਈ ਕੀਤੀ ਕੁਰਬਾਨੀ ਨੂੰ ਮਾਣ ਤੇ ਸਤਿਕਾਰ ਦਿੰਦੇ ਹਾਂ, ਠੀਕ ਇਸੇ ਹੀ ਤਰ੍ਹਾਂ ਮਹਾਰਾਸ਼ਟਰ ਦੇ ਲੋਕ ਵੀ ਆਪਣੇ ਮਹਾਨ ਯੋਧੇ ਕ੍ਰਾਂਤੀਕਾਰੀ 'ਸ਼ਿਵਰਾਮ ਹਰੀ ਰਾਜਗੁਰੂ' ਨੂੰ ਮਾਣ ਸਤਿਕਾਰ ਦਿੰਦੇ ਤੇ ਉਸ ਦੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਦਿੱਤੀ ਸ਼ਹਾਦਤ 'ਤੇ ਫ਼ਖ਼ਰ ਮਹਿਸੂਸ ਕਰਦੇ ਹਨ।

ਰਾਜਗੁਰੂ ਦਾ ਪਿਤਾ ਹਰੀ ਨਰਾਇਣ ਕੰਮ ਦੀ ਭਾਲ ਕਰਦਾ-ਕਰਦਾ ਆਪਣੇ ਪਿੰਡ ਚਾਕਨ ਤੋਂ ਜਾ ਕੇ ਪਿੰਡ ਖੇਡ (ਨਜ਼ਦੀਕ ਪੂਣੇ, ਮਹਾਰਾਸ਼ਟਰ) ਵਿਚ ਵੱਸ ਗਿਆ ਸੀ। ਇੱਥੇ ਹੀ ਰਾਜਗੁਰੂ ਦਾ ਜਨਮ 24 ਅਗਸਤ 1908 ਨੂੰ ਹੋਇਆ। ਉਹ ਹਾਲੇ ਛੇ ਵਰ੍ਹਿਆਂ ਦਾ ਹੀ ਸੀ ਜਦੋਂ ਉਸ ਦੇ ਪਿਤਾ ਦਾ ਦੇਹਾਂਤ ਹੋ ਗਿਆ ਸੀ। ਉਸ ਦੀ ਪਰਵਰਿਸ਼ ਉਸ ਦੇ ਵੱਡੇ ਭਰਾ ਨੇ ਕੀਤੀ। ਉਸ ਨੂੰ ਸਕੂਲ ਦਾਖਲ ਕਰਵਾਇਆ ਗਿਆ ਪਰ ਉਸ ਦਾ ਮਨ ਪੜ੍ਹਾਈ 'ਚ ਨਹੀਂ ਲੱਗਦਾ ਸੀ। ਉਹ ਤਾਂ ਹਰ ਸਮੇਂ ਖੇਡਣ 'ਚ ਮਸਤ ਰਹਿੰਦਾ ਸੀ। ਜਦੋਂ ਉਸ ਦੇ ਵੱਡੇ ਭਰਾ ਨੇ ਉਸ 'ਤੇ ਪੜ੍ਹਾਈ ਕਰਨ ਲਈ ਜ਼ੋਰ ਪਾਇਆ ਤਾਂ ਉਹ ਖਾਲੀ ਹੱਥ ਘਰੋਂ ਭੱਜ ਗਿਆ। ਰਾਜਗੁਰੂ ਕਈ ਦਿਨਾਂ ਤੱਕ ਭੁੱਖਾ-ਪਿਆਸਾ ਰਿਹਾ। ਆਖਿਰ ਉਹ ਬਨਾਰਸ ਪਹੁੰਚ ਗਿਆ। ਉਥੇ ਸੰਸਕ੍ਰਿਤ ਦੇ ਇਕ ਅਧਿਆਪਕ ਨੇ ਉਸ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਇਹ ਅਧਿਆਪਕ ਉਸ ਨੂੰ ਪੜ੍ਹਾਉਂਦਾ ਘੱਟ ਸੀ, ਘਰ 'ਚ ਨੌਕਰਾਂ ਦੀ ਤਰ੍ਹਾਂ ਕੰਮ ਜ਼ਿਆਦਾ ਲੈਂਦਾ ਸੀ। ਰਾਜਗੁਰੂ ਉਥੇ ਵੀ ਟਿਕ ਨਾ ਸਕਿਆ। ਉਸ ਤੋਂ ਬਾਅਦ ਉਸ ਨੂੰ ਬਨਾਰਸ ਦੇ ਇਕ ਸਕੂਲ ਵਿਚ ਪੀ. ਟੀ. ਮਾਸਟਰ ਦੀ ਨੌਕਰੀ ਮਿਲ ਗਈ। ਇਹ ਨੌਕਰੀ ਉਸ ਦੀ ਮਨਪਸੰਦ ਵੀ ਸੀ। ਵਿਦਿਆਰਥੀਆਂ ਨਾਲ ਰਚ-ਮਿਚ ਗਿਆ।

ਇੱਥੇ ਬਨਾਰਸ 'ਚ ਰਹਿੰਦਿਆਂ ਹੀ ਭਾਰਤ ਦੇ ਮਹਾਨ ਕ੍ਰਾਂਤੀਕਾਰੀ, ਸ਼ਿਵ ਵਰਮਾ ਨੇ ਉਸ ਨਾਲ ਸੰਪਰਕ ਕੀਤਾ ਤੇ ਰਾਜਗੁਰੂ ਨੂੰ ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਚੱਲ ਰਹੇ ਸੰਘਰਸ਼ 'ਚ ਸ਼ਾਮਲ ਹੋਣ ਲਈ ਪ੍ਰੇਰਿਆ। ਰਾਜਗੁਰੂ ਆਜ਼ਾਦੀ ਦੇ ਸੰਘਰਸ਼ ਦੀਆਂ ਗੱਲਾਂ ਸੁਣ ਕੇ ਬਹੁਤ ਖੁਸ਼ ਹੋਇਆ। ਉਹ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੁਝ ਕਰਨਾ ਚਾਹੁੰਦਾ ਸੀ। ਉਸ ਨੇ ਗਰੀਬੀ ਦੀ ਜਹਾਲਤ ਤੇ ਭੁੱਖਮਰੀ ਦੇਖੀ ਸੀ ਤੇ ਉਹ ਭੁੱਖ ਨੂੰ ਬਰਦਾਸ਼ਤ ਕਰਨਾ ਜਾਣਦਾ ਸੀ। ਉਹ ਇਹ ਵੀ ਜਾਣਦਾ ਸੀ ਕਿ ਦੇਸ਼ ਦੀ ਇਸ ਤਰ੍ਹਾਂ ਦੀ ਭੈੜੀ ਹਾਲਤ ਦਾ ਕਾਰਨ ਅੰਗਰੇਜ਼ਾਂ ਵੱਲੋਂ ਕੀਤੀ ਜਾਂਦੀ ਲੁੱਟ ਸੀ ਤੇ ਭਾਰਤ ਦਾ ਸਾਰਾ ਸਰਮਾਇਆ ਲੁੱਟ ਕੇ ਉਹ ਇੰਗਲੈਂਡ ਲਿਜਾ ਰਹੇ ਸਨ। ਉਹ ਜਲਦੀ ਹੀ ਕ੍ਰਾਂਤੀਕਾਰੀ ਦਲ ਵਿਚ ਸ਼ਾਮਲ ਹੋ ਗਿਆ ਤੇ ਲਾਹੌਰ ਪਹੁੰਚ ਗਿਆ। ਉਥੇ ਕ੍ਰਾਂਤੀਕਾਰੀ ਲਹਿਰ 'ਚ ਕੰਮ ਕਰਦਿਆਂ ਉਹ ਸਰਦਾਰ ਭਗਤ ਸਿੰਘ ਦਾ ਨਜ਼ਦੀਕੀ ਸਾਥੀ ਤੇ ਵਧੀਆ ਦੋਸਤ ਬਣ ਗਿਆ। ਉਹ ਸਰਦਾਰ ਭਗਤ ਸਿੰਘ ਜੀ ਦੀ ਬਹੁਤ ਪ੍ਰਸੰਸਾ ਕਰਦਾ ਸੀ। ਰਾਜਗੁਰੂ 'ਚ ਸ਼ੌਂਕ-ਏ-ਸ਼ਹਾਦਤ ਦਾ ਅਥਾਹ ਜਜ਼ਬਾ ਸੀ। ਉਹ ਹਰ ਸਮੇਂ, ਹਰ ਗੱਲ 'ਚ ਆਪਣਾ ਮੁਕਾਬਲਾ ਸਰਦਾਰ ਭਗਤ ਸਿੰਘ ਨਾਲ ਕਰਦਾ ਸੀ। ਉਹ ਚਾਹੁੰਦਾ ਸੀ ਕਿ ਦੇਸ਼ ਹਿੱਤ ਕੁਰਬਾਨ ਹੋਣ 'ਚ ਜੇ ਉਹ ਸਰਦਾਰ ਭਗਤ ਸਿੰਘ ਤੋਂ ਅੱਗੇ ਨਹੀਂ ਜਾ ਸਕਦਾ ਤਾਂ ਉਸ ਤੋਂ ਕਿਸੇ ਵੀ ਹਾਲਾਤ ਵਿਚ ਪਿੱਛੇ ਨਾ ਰਹੇ। ਜੋ ਕੰਮ ਭਗਤ ਸਿੰਘ ਕਰਦਾ ਸੀ, ਉਹੀ ਕੰਮ ਰਾਜਗੁਰੂ ਕਰਨਾ ਲੋਚਦਾ ਸੀ।



ਸਰਦਾਰ ਭਗਤ ਸਿੰਘ ਤੇ ਰਾਜਗੁਰੂ ਦੋਵੇਂ ਬਹੁਤ ਪੱਕੇ ਨਿਸ਼ਾਨੇਬਾਜ਼ ਸਨ। ਸੰਨ 1928 'ਚ ਜਦੋਂ ਲਾਲਾ ਲਾਜਪਤ ਰਾਏ ਦੀ ਸ਼ਹਾਦਤ ਉਪਰੰਤ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਨੇ ਅੰਗਰੇਜ਼ਾਂ ਤੋਂ ਇਸ ਅਪਮਾਨ ਦਾ ਬਦਲਾ ਲੈਣ ਦਾ ਫੈਸਲਾ ਲਿਆ ਤਾਂ ਅੰਗਰੇਜ਼ ਅਫਸਰ ਸਕਾਟ ਨੂੰ ਮਾਰਨ ਦੀ ਜ਼ਿੰਮੇਵਾਰੀ ਰਾਜਗੁਰੂ ਤੇ ਭਗਤ ਸਿੰਘ ਨੂੰ ਸੌਂਪੀ ਗਈ। ਇਸ ਤਰ੍ਹਾਂ ਥਾਣੇ 'ਚੋਂ ਮੋਟਰ ਸਾਇਕਲ ਉੱਤੇ ਨਿਕਲ ਰਹੇ ਅੰਗਰੇਜ਼ ਅਫਸਰ ਉੱਤੇ ਰਾਜਗੁਰੂ ਨੇ ਗੋਲੀ ਚਲਾ ਦਿੱਤੀ ਪਰ ਇਹ ਸਕਾਟ ਨਹੀਂ ਸਾਂਡਰਸ ਸੀ। ਉਹ ਮੋਟਰ ਸਾਈਕਲ ਤੋਂ ਡਿੱਗ ਪਿਆ। ਡਿੱਗੇ ਪਏ ਅਫਸਰ ਉੱਤੇ ਦੋ ਗੋਲੀਆਂ ਭਗਤ ਸਿੰਘ ਨੇ ਵੀ ਚਲਾ ਦਿੱਤੀਆਂ। ਉਹ ਸਾਰੇ ਉਥੋਂ ਨਿਕਲ ਗਏ। ਜਦੋਂ ਸਾਰੇ ਇਕ ਥਾਂ ਇਕੱਠੇ ਹੋਏ ਤਾਂ ਸਭ ਰਾਜਗੁਰੂ ਦੀ ਤਾਰੀਫ਼ ਕਰਨ ਲੱਗੇ ਕਿ ਉਸ ਨੇ ਅਫਸਰ ਦੇ ਢਿੱਡ 'ਚ ਗੋਲੀ ਮਾਰੀ। 'ਨਹੀਂ, ਮੈਂ ਤਾਂ ਪੁੜਪੁੜੀ ਦਾ ਨਿਸ਼ਾਨਾ ਲਿਆ ਸੀ- ਪਿਸਤੌਲ ਹੀ ਨਿਕੰਮਾ ਸੀ- ਜਿਹੜਾ ਹਿੱਲ ਗਿਆ।' ਰਾਜਗੁਰੂ ਨੇ ਕਿਹਾ। ਉਹ ਬਹੁਤ ਹੀ ਸਿੱਧੇ ਸੁਭਾਅ ਦਾ ਪਰ ਮਘਦੇ ਜਜ਼ਬੇ ਵਾਲਾ ਕ੍ਰਾਂਤੀਕਾਰੀ ਸੀ। ਜਦੋਂ ਭਗਤ ਸਿੰਘ ਨੂੰ ਦਿੱਲੀ ਅਸੈਂਬਲੀ 'ਚ ਬੰਬ ਸੁੱਟਣ ਲਈ ਨਾਮਜ਼ਦ ਕੀਤਾ ਗਿਆ ਤਾਂ ਕਮੇਟੀ ਵਿਚ ਰਾਜਗੁਰੂ ਨੇ ਬਹੁਤ ਜ਼ੋਰ ਲਾਇਆ ਸੀ ਕਿ ਇਹ ਡਿਊਟੀ ਭਗਤ ਸਿੰਘ ਦੀ ਥਾਂ ਉਸ ਨੂੰ ਸੌਂਪੀ ਜਾਵੇ ਜਾਂ ਘੱਟੋ-ਘੱਟ ਉਸ ਨੂੰ ਭਗਤ ਸਿੰਘ ਦਾ ਸਾਥੀ ਬਣਾ ਕੇ ਉਥੇ ਭੇਜਿਆ ਜਾਵੇ। ਦੂਜੇ ਕ੍ਰਾਂਤੀਕਾਰੀਆਂ ਨੇ ਕਿਹਾ ਕਿ ਗ੍ਰਿਫਤਾਰੀ ਹੋਣ ਦੀ ਸੂਰਤ ਵਿਚ ਉਹ ਪਾਰਟੀ ਦਾ ਪੱਖ ਪੂਰੀ ਤਰ੍ਹਾਂ ਪੇਸ਼ ਨਹੀਂ ਕਰ ਸਕੇਗਾ ਕਿਉਂਕਿ ਉਸ ਨੂੰ ਅੰਗਰੇਜ਼ੀ ਨਹੀਂ ਆਉਂਦੀ। ਉਹ ਝਾਂਸੀ ਗਿਆ। ਚੰਦਰ ਸ਼ੇਖਰ ਆਜ਼ਾਦ ਨਾਲ ਗੱਲ ਕੀਤੀ, ਮੈਨੂੰ ਅੰਗਰੇਜ਼ੀ ਵਿਚ ਬਿਆਨ ਤਿਆਰ ਕਰ ਦੇਣਾ, ਮੈਂ ਉਸ ਨੂੰ ਰੱਟ ਕੇ ਬੋਲ ਦੇਵਾਂਗਾ।' ਅਕਸਰ ਸੰਸਕ੍ਰਿਤ ਨੂੰ ਵੀ ਮੈਂ ਘੋਟਾ ਹੀ ਲਾਉਂਦਾ ਹਾਂ। ਪਰ ਰਾਜਗੁਰੂ ਦੀ ਇਹ ਮੰਗ ਪ੍ਰਵਾਨ ਨਾ ਹੋਈ। ਮਿਤੀ 6 ਅਪ੍ਰੈਲ 1929 ਨੂੰ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਅਸੈਂਬਲੀ ਵਿਚ ਬੰਬ ਸੁੱਟਿਆ ਤੇ ਆਪਣੇ-ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ।

ਬੰਬ ਸੁੱਟਣ ਦੇ ਨਾਲ-ਨਾਲ ਲਾਹੌਰ ਸਾਜ਼ਿਸ਼ ਕੇਸ ਅਧੀਨ ਸੁਖਦੇਵ, ਭਗਤ ਸਿੰਘ, ਸ਼ਿਵ ਵਰਮਾ, ਗਯਾ ਪ੍ਰਸਾਦ, ਜਤਿੰਦਰਨਾਥ ਦਾਸ, ਜੈਦੇਵ ਕਪੂਰ, ਬਟੁਕੇਸ਼ਵਰ ਦੱਤ, ਕਮਲ-ਨਾਥ, ਭਗਵਾਨ ਦਾਸ ਮਹੌਰ, ਜਤਿੰਦਰ ਨਾਥ ਸਾਨਿਆਲ, ਆਸ਼ਾ ਰਾਮ, ਪ੍ਰੇਮ ਦੱਤ, ਦੇਸ਼ ਰਾਜਾ, ਮਹਾਂਬੀਰ ਸਿੰਘ, ਸੁਰੇਂਦਰ ਪਾਂਡੇ, ਅਜੈ ਘੋਸ਼ ਅਤੇ ਰਾਜਗੁਰੂ ਖਿਲਾਫ ਮੁਕੱਦਮਾ ਚੱਲਿਆ। ਚੰਦਰ ਸ਼ੇਖਰ ਫਰਾਰ ਆਜ਼ਾਦ ਸਨ। ਇਹ ਮੁਕੱਦਮਾ ਲਾਹੌਰ ਚੱਲਿਆ। ਅਕਤੂਬਰ 1930 ਨੂੰ ਮੁਕੱਦਮੇ ਦਾ ਫੈਸਲਾ ਸੁਣਾ ਦਿੱਤਾ ਗਿਆ। ਸੁਖਦੇਵ ਅਤੇ ਭਗਤ ਸਿੰਘ ਦੇ ਨਾਲ-ਨਾਲ ਰਾਜਗੁਰੂ ਨੂੰ ਵੀ ਫਾਂਸੀ ਦੀ ਸਜਾ ਸੁਣਾਈ ਗਈ। ਰਾਜਗੁਰੂ ਬੇਹੱਦ ਖੁਸ਼ ਸੀ ਕਿਉਂਕਿ ਉਸ ਦੀ ਭਗਤ ਸਿੰਘ ਨਾਲ ਸ਼ਹੀਦ ਹੋਣ ਦੀ ਸੱਧਰ ਪੂਰੀ ਹੋਣ ਵਾਲੀ ਸੀ। ਲੋਕਾਂ 'ਚ ਇਹਨਾਂ ਸਜ਼ਾਵਾਂ ਵਿਰੁੱਧ ਪਾਰੀ ਰੋਸ ਸੀ। ਉਹਨਾਂ ਨੇ ਜਲਸੇ ਕੀਤੇ, ਜਲੂਸ ਕੱਢੇ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਨੌਜਵਾਨਾਂ ਨੂੰ ਫਾਂਸੀ ਨਾ ਦਿੱਤੀ ਜਾਵੇ ਪਰ ਪ੍ਰੀਵੀ ਕੌਂਸਲ ਨੇ ਇਸ ਮੰਗ ਨੂੰ ਠੁਕਰਾ ਦਿੱਤਾ। ਉਨ੍ਹਾਂ ਨੂੰ 23 ਮਾਰਚ 1931 ਨੂੰ ਸ਼ਾਮ ਵੇਲੇ ਲਾਹੌਰ ਜੇਲ੍ਹ ਅੰਦਰ ਫਾਂਸੀ 'ਤੇ ਚੜ੍ਹਾਉਣ ਦੀ ਵਿਉਂਤ ਬਣਾਈ ਗਈ। ਭਾਰਤ ਮਾਂ ਦੇ ਇਹ ਤਿੰਨੋਂ ਲਾਲ ਕਾਲ-ਕੋਠੜੀ ਤੋਂ 'ਇਨਕਾਬ ਜਿੰਦਾਬਾਦ' ਦੇ ਨਾਅਰੇ ਲਾਉਂਦਿਆਂ ਫਾਂਸੀ ਘਰ ਵੱਲ ਵਧੇ ਅਤੇ ਉਹਨਾਂ ਨੇ ਹੱਸਦਿਆਂ-ਹੱਸਦਿਆਂ ਫਾਂਸੀ ਦੇ ਫੰਦਿਆਂ ਨੂੰ ਚੁੰਮਿਆ ਤੇ ਦੇਸ਼ ਲਈ ਸ਼ਹੀਦ ਹੋ ਗਏ।

ਫਾਂਸੀ ਲੱਗਣ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਮ੍ਰਿਤਕ ਸਰੀਰ ਇਹਨਾਂ ਦੇ ਵਾਰਸਾਂ ਨੂੰ ਨਹੀਂ ਦਿੱਤੇ ਕਿਉਂਕਿ ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਨੇ ਜੇਲ੍ਹ ਦਾ ਘਿਰਾਓ ਕੀਤਾ ਹੋਇਆ ਸੀ ਤੇ ਜੇਲ੍ਹ ਦੇ ਬਾਹਰ ਸਰਕਾਰ ਦੇ ਖਿਲਾਫ ਨਾਅਰੇ ਵੱਜ ਰਹੇ ਸਨ ਤੇ ਸਰਕਾਰ ਨੂੰ ਡਰ ਸੀ ਕਿ ਜੇਕਰ ਇਨ੍ਹਾਂ ਦੀਆਂ ਲਾਸ਼ਾਂ ਵਾਰਸਾਂ ਹਵਾਲੇ ਕੀਤੀਆਂ ਗਈਆਂ ਤਾਂ ਲੋਕ ਜ਼ਿਆਦਾ ਭੜਕਣਗੇ ਤੇ ਹੋ ਸਕਦਾ ਹੈ ਕਿ ਸਾਰੇ ਦੇਸ਼ 'ਚ ਅੰਗਰੇਜ਼ ਸਰਕਾਰ ਦੇ ਖਿਲਾਫ ਲੋਕ ਸੜਕਾਂ ਤੇ ਆ ਜਾਣਗੇ ਤੇ ਸਰਕਾਰ ਲਈ ਹਾਲਾਤ 'ਤੇ ਕਾਬੂ ਪਾਉਣਾ ਮੁਸ਼ਕਿਲ ਹੋਵੇਗਾ। ਇਸੇ ਗੱਲੋਂ ਡਰਦਿਆਂ ਸਰਕਾਰ ਨੇ ਫਾਂਸੀ ਦੀ ਅਸਲ ਤਾਰੀਖ ਜਿਹੜੀ ਕਿ 24 ਮਾਰਚ 1931 ਸੀ, ਪਰ ਉਕਤ ਡਰੋਂ, ਉਸਨੇ ਇਕ ਦਿਨ ਪਹਿਲਾਂ ਹੀ 23 ਮਾਰਚ 1931 ਨੂੰ ਇਹਨਾਂ ਤਿੰਨਾਂ ਨੂੰ ਫਾਂਸੀ 'ਤੇ ਚਾੜ੍ਹ ਦਿੱਤਾ ਤੇ ਇਹਨਾਂ ਦੀਆਂ ਲਾਸ਼ਾਂ ਦੇ ਛੋਟੇ ਟੁਕੜੇ ਕਰਕੇ ਤਾਂ ਕਿ ਇਹ ਜਲਦੀ ਜਲ਼ ਜਾਣ, ਬੋਰਿਆਂ 'ਚ ਪਾ ਲਿਆ ਤੇ ਲਾਸ਼ਾਂ ਜੇਲ੍ਹ ਦੇ ਪਿਛਵਾੜਿਉਂ ਦੀ, ਲੋਕਾਂ ਤੋਂ ਅੱਖ ਬਚਾਅ ਕੇ ਕੱਢ ਲਿਆ ਤੇ ਹੁਸੈਨੀਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਤਲੁਜ ਦਰਿਆ ਦੇ ਕਿਨਾਰੇ ਤੇਲ ਪਾ ਕੇ ਜਲ਼ਾ ਦਿੱਤਾ। ਜਦੋਂ ਉਥੋਂ ਦੇ ਸਥਾਨਕ ਲੋਕਾਂ ਨੂੰ ਦਰਿਆ ਦੇ ਕਿਨਾਰੇ ਅੱਗ ਬਲਦੀ ਦੇਖੀ ਤਾਂ ਲੋਕ ਇਕੱਤਰ ਹੋ ਗਏ ਤੇ ਪੁਲਿਸ ਅੱਧ ਜਲੀਆਂ ਲਾਸ਼ਾਂ ਨੂੰ ਦਰਿਆ 'ਚ ਸੁੱਟਣ ਦਾ ਯਤਨ ਕਰਦੀ ਹੋਈ, ਦੌੜ ਗਈ। ਲੋਕਾਂ ਨੇ ਲਾਸ਼ਾਂ ਦੇ ਟੁਕੜੇ ਇਕੱਠੇ ਕਰਕੇ ਤਿੰਨਾਂ ਹੀ ਮਹਾਨ ਕ੍ਰਾਂਤੀਕਾਰੀਆਂ ਦਾ ਅੰਤਿਮ ਸੰਸਕਾਰ ਉਥੇ ਹੀ ਦਰਿਆ ਸਤਲੁਜ ਦੇ ਕਿਨਾਰੇ 'ਤੇ ਕਰ ਦਿੱਤਾ। ਇਸ ਘਟਨਾ ਤੋਂ ਭਲੀ-ਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਅੰਗਰੇਜ਼ ਸਰਕਾਰ ਆਜ਼ਾਦੀ ਦੀ ਮੰਗ ਕਰਨ ਵਾਲੇ ਦੇਸ਼ ਭਗਤ, ਕ੍ਰਾਂਤੀਕਾਰੀਆਂ ਪ੍ਰਵਾਨਿਆਂ 'ਤੇ ਕਿੰਨੀ ਬਰਬਰਤਾ ਤੇ ਕਰੂਰ ਵਤੀਰੇ ਨਾਲ ਪੇਸ਼ ਆਉਂਦੀ ਸੀ। ਇਸੇ ਜਗ੍ਹਾ ਤੇ ਇਹਨਾਂ ਆਜ਼ਾਦੀ ਦੇ ਪ੍ਰਵਾਨਿਆਂ ਦੀ ਯਾਦ 'ਚ ਇਹਨਾਂ ਤਿੰਨਾਂ ਦੀਆਂ ਸਮਾਧਾਂ, ਇਸ ਗੱਲ ਦਾ ਪ੍ਰਤੀਕ ਹਨ।

# ਆਸਟ੍ਰੇਲੀਆਈ ਟੈਨਿਸ 'ਚ ਉੱਭਰਦਾ ਪੰਜਾਬੀ ਟੈਨਿਸ ਸਟਾਰ ਗੁਰਕਿਰਤ ਸਿੰਘ

ਖੇਡ ਮੈਦਾਨ ਬੋਲਦਾ ਹੈ



ਜਗਰੂਪ ਸਿੰਘ ਜਰਖੜ
98143-00722

ਆਸਟ੍ਰੇਲੀਆ ਦੀਆਂ ਵੱਖ ਵੱਖ ਖੇਡਾਂ 'ਚ ਪੰਜਾਬੀ ਬੜੀ ਤੇਜੀ ਨਾਲ ਉੱਭਰ ਕੇ ਅੱਗੇ ਆ ਰਹੇ ਨੇ। ਮੈਂ ਆਪਣੀ ਆਸਟ੍ਰੇਲੀਆਈ ਫੇਰੀ ਦੌਰਾਨ ਕਾਫੀ ਪੰਜਾਬੀ ਖਿਡਾਰੀਆਂ ਨੂੰ ਮਿਲਿਆ ਜਿਹੜੇ ਆਉਣ ਵਾਲੇ ਕਿਸੇ ਵਕਤ ਵੀ ਆਸਟ੍ਰੇਲੀਆਈ ਰਾਸ਼ਟਰੀ ਤਿਰੰਗਾ ਲਹਿਰਾ ਕੇ ਪੰਜਾਬੀਆਂ ਦਾ ਨਾਮ ਦੁਨੀਆ 'ਚ ਰੌਸ਼ਨ ਕਰਨਗੇ। ਅੰਮ੍ਰਿਤਸਰ ਦੇ ਰੌਨੀ ਸਿੰਘ ਦਾ ਉਥੋਂ ਦੀ ਬਾਡੀਬਿਲਡਿੰਗ 'ਚ ਸਟ੍ਰੌਂਗ ਮੈਨ ਦਾ ਖਿਤਾਬ ਜਿੱਤਣਾ, ਗੁਰਿੰਦਰ ਸਿੰਘ ਸੰਧੂ ਅਤੇ ਜੇ.ਐੱਸ ਸੰਘਾ ਅਤੇ ਜਸਕਬੀਰ ਸਿੰਘ ਦਾ ਕ੍ਰਿਕਟ 'ਚ ਨਾਮਣਾ ਖੱਟਣਾ, ਪਹਿਲਵਾਨ ਸੰਦੀਪ ਕੁਮਾਰ ਤੇ ਰੁਪਿੰਦਰ ਕੌਰ ਦਾ ਕੁਸ਼ਤੀ 'ਚ ਅੱਗੇ ਆਉਣਾ। ਇਸ ਤੋਂ ਇਲਾਵਾ ਕਈ ਹੋਰ ਨਾਮੀ ਖਿਡਾਰੀਆਂ ਦਾ ਆਸਟ੍ਰੇਲੀਆਈ ਖੇਡਾਂ 'ਚ ਕੌਮੀ ਪੱਧਰ 'ਤੇ ਚੰਗਾ ਨਾਮ ਬਣਾਉਣਾ ਪੰਜਾਬੀ ਖਿਡਾਰੀਆਂ ਦੀਆਂ ਵੱਡੀਆਂ ਪ੍ਰਾਪਤੀਆਂ ਹਨ।

ਮੇਰੀ ਆਸਟ੍ਰੇਲੀਆਈ ਫੇਰੀ ਦੌਰਾਨ ਮੈਨੂੰ ਗਲੈਨ ਐਰਿਸ ਵੈਲੀ ਟੈਨਿਸ ਕਲੱਬ ਜਾਣ ਦਾ ਮੌਕਾ ਮਿਲਿਆ। ਇਸ ਟੈਨਿਸ ਕਲੱਬ 'ਚ ਟੈਨਿਸ ਦੀਆਂ 12 ਗ੍ਰਾਊਂਡਾਂ ਹਨ। ਜਿਸ 'ਚ ਸਾਰੇ ਆਸਟ੍ਰੇਲੀਆਈ ਟੈਨਿਸ ਦੇ ਉੱਭਰਦੇ ਖਿਡਾਰੀ ਪ੍ਰੈਕਟਿਸ ਕਰਦੇ ਹਨ। ਵੱਡੀ ਖੁਸ਼ੀ ਦੀ ਗੱਲ ਉਦੋਂ ਹੋਈ ਜਦੋਂ ਪੰਜਾਬੀ ਮੂਲ ਦਾ ਉੱਭਰਦਾ 18 ਸਾਲ ਦਾ ਗੁਰਕਿਰਤ ਸਿੰਘ ਆਸਟ੍ਰੇਲੀਅਨ ਮੂਲ ਦੇ ਖਿਡਾਰੀਆਂ ਨਾਲ ਲੀਗ ਮੈਚਾਂ 'ਚ ਆਪਣੇ ਖੇਡ ਹੁਨਰ ਦਾ ਲੋਹਾ ਲੈ ਰਿਹਾ ਸੀ। ਜਦੋਂ ਮੈਂ ਉਸਦੀ ਖੇਡ ਪ੍ਰਤੀ ਜਾਨਣ ਦੀ ਉਤਸੁਕਤਾ ਜਗਾਈ ਮੈਨੂੰ ਪਤਾ ਚੱਲਿਆ ਕਿ ਪਿਤਾ ਜਗਦੀਪ ਸਿੰਘ, ਮਾਤਾ ਗੁਰਪ੍ਰੀਤ ਕੌਰ ਵਾਸੀ ਪਿੰਡ ਆਲਮਗੀਰ ਦਾ ਸਾਲ 2001 'ਚ ਜਨਮਿਆ ਲਾਡਲਾ ਇਕਲੌਤਾ ਗੁਰਕਿਰਤ ਸਿੰਘ ਨੂੰ ਖੇਡਾਂ ਦੀ ਗੁੜ੍ਹਤੀ ਪਰਿਵਾਰ 'ਚੋਂ ਹੀ ਮਿਲੀ। ਭਾਵੇਂ ਮਾਪੇ ਉਸਨੂੰ ਫੁਟਬਾਲ ਦਾ ਖਿਡਾਰੀ ਬਣਾਉਣਾ ਚਾਹੁੰਦੇ ਸਨ ਪਰ ਗੁਰਕਿਰਤ ਸਿੰਘ ਦਾ ਮੋਹ ਮੁੱਢ ਤੋਂ ਹੀ ਟੈਨਿਸ ਵੱਲ੍ਹ ਸੀ। ਟੈਨਿਸ ਦੇ ਖੇਤਰ 'ਚ ਆਸਟ੍ਰੇਲੀਆਈ ਓਪਨ ਟੈਨਿਸ ਦੁਨੀਆ ਦਾ ਇੱਕ ਚਰਚਿਤ ਟੂਰਨਾਮੈਂਟ ਹੈ ਜੋ ਹਰ ਸਾਲ ਜਨਵਰੀ ਮਹੀਨੇ ਖੇਡੀਆ ਜਾਂਦਾ ਹੈ। ਗੁਰਕਿਰਤ ਸਿੰਘ ਨੂੰ ਆਸਟ੍ਰੇਲੀਆਈ ਓਪਨ ਨੇ ਟੈਨਿਸ ਵੱਲ੍ਹ ਨੂੰ ਪ੍ਰੇਰਿਤ ਕੀਤਾ। ਅਜੇ ਭਾਵੇਂ ਉਹ ਸਕੂਲੀ ਵਿਦਿਆਰਥੀ ਹੈ, ਪਰ ਉਸਦੀ ਟੈਨਿਸ ਪ੍ਰਤੀ ਜਾਣਕਾਰੀ ਖੇਡ ਪ੍ਰਤੀ ਸਮਰਪਿਤ ਭਾਵਨਾ ਅਤੇ ਉਸਦਾ ਸਖਤ ਮਿਹਨਤ ਨਾਲ ਕੀਤਾ ਅਭਿਆਸ ਯਕੀਨਨ ਉਸਨੂੰ ਇੱਕ ਦਿਨ ਕਿਸੇ ਮੁਕਾਮ ਤੇ ਲੈ ਕੇ ਜਾਵੇਗਾ।




ਗੁਰਕਿਰਤ ਸਿੰਘ ਇਸ ਵਕਤ ਆਸਟ੍ਰੇਲੀਆਈ ਟੈਨਿਸ ਦੀ ਰੈਂਕਿੰਗ 'ਚ 494 ਨੰਬਰ 'ਤੇ ਹੈ। ਇਸ ਤੋਂ ਪਹਿਲਾਂ ਉਹ 396 ਰੈਂਕਿੰਗ ਤੱਕ ਵੀ ਪਹੁੰਚ ਚੁੱਕਾ ਹੈ। ਉਸ ਨੇ ਹੁਣ ਤੱਕ 102 ਦੇ ਕਰੀਬ ਟੂਰਨਾਮੈਂਟ ਖੇਡੇ ਨੇ ਜਿਨ੍ਹਾਂ 'ਚ 450 ਦੇ ਕਰੀਬ ਮੈਚ। ਜਿਨ੍ਹਾਂ 'ਚੋਂ 255 ਦੇ ਕਰੀਬ ਉਹ ਮੈਚ ਜਿੱਤ ਚੁੱਕਾ ਹੈ। ਉਹ ਦੁਨੀਆ ਦੇ ਕਈ ਅੰਤਰ-ਰਾਸ਼ਟਰੀ ਟੈਨਿਸ ਖਿਡਾਰੀਆਂ ਨਾਲ ਮੈਚ ਖੇਡ ਚੁੱਕਾ ਹੈ ਤੇ ਸਿੱਖ ਆਸਟ੍ਰੇਲੀਆਈ ਖੇਡਾਂ 'ਚ ਆਪਣੇ ਖੇਡ ਹੁਨਰ ਦਾ ਲੋਹਾ ਮਨਵਾ ਚੁੱਕਾ ਹੈ। ਦੁਨੀਆ ਦੇ ਨਾਮੀ ਟੈਨਿਸ ਸਟਾਰ ਯੋਕੋਵਿਚ, ਰੈਫਲ ਨਡਾਲ, ਰੋਜਰ ਫੈਡਰਰ ਉਸਦੇ ਰੋਲ ਆਫ ਮਾਡਲ ਹਨ। ਟੈਨਿਸ ਦੇ ਨਾਲ ਨਾਲ ਗੁਰਕਿਰਤ ਪੜ੍ਹਾਈ 'ਚ ਵੀ ਸਿਖਰ 'ਤੇ ਜਾ ਰਿਹਾ ਹੈ।

ਜਿਥੇ ਪੜ੍ਹਾਈ ਤੇ ਖੇਡਾਂ ਦਾ ਆਪਸੀ ਸੁਮੇਲ ਹੋ ਜਾਏ ਤਾਂ ਉਸ ਇਨਸਾਨ ਨੂੰ ਦੁਨੀਆ ਦਾ ਕੋਈ ਹੀਰੋ ਬਣਨ ਤੋਂ ਰੋਕ ਨਹੀਂ ਸਕਦਾ। ਬੱਸ ਕਿਸੇ ਭੈੜੀ ਨਜ਼ਰ ਤੋਂ ਹੀ ਬਚਾਅ ਰਹੇ। ਗੁਰਕਿਰਤ ਸਿੰਘ ਦਾ ਮੁੱਖ ਨਿਸ਼ਾਨਾ ਆਸਟ੍ਰੇਲੀਅਈ ਓਪਨ ਟੈਨਿਸ ਦਾ ਖਿਤਾਬ ਜਿੱਤਣਾ ਹੈ।

ਇਹ ਵਕਤ ਦੱਸੇਗਾ ਕਿ ਉਹ ਕਿਹੜਾ ਖਿਤਾਬ ਜਿੱਤਦਾ ਜਾਂ ਨਹੀਂ ਜਿੱਤਦਾ, ਪਰ ਜੋ ਉਸ ਦੀ ਮਿਹਨਤ ਟੈਨਿਸ ਪ੍ਰਤੀ ਲਗਨ ਅਤੇ ਉਸਦੇ ਚਿਹਰੇ 'ਤੇ ਜੋ ਇਮਾਨਦਾਰੀ ਦਿਸਦੀ ਹੈ, ਉਹ ਯਕੀਨਨ ਦੁਨੀਆ ਦਾ ਇੱਕ ਦਿਨ ਵਧੀਆ ਟੈਨਿਸ ਖਿਡਾਰੀ, ਵਧੀਆ ਇਨਸਾਨ ਅਤੇ ਜ਼ਿੰਦਗੀ 'ਚ ਇੱਕ ਕਾਮਯਾਬ ਬੰਦਾ ਬਣੇਗਾ, ਕਿਉਂਕਿ ਉਸਦੇ ਮਾਪੇ ਵੀ ਉਸਦੀ ਕਾਮਯਾਬੀ 'ਚ ਹਰ ਕਦਮ ਉਸਦੇ ਨਾਲ ਭਰ ਰਹੇ ਹਨ। ਪ੍ਰਮਾਤਮਾ ਕਰੇ ਗੁਰਕਿਰਤ ਸਿੰਘ ਆਸਟ੍ਰੇਲੀਆ ਦੀ ਟੈਨਿਸ 'ਚ ਉੱਭਰ ਕੇ ਅਜਿਹਾ ਸਟਾਰ ਬਣੇ ਕਿ ਹਰ ਪੰਜਾਬੀ ਇਸ ਹੋਣਹਾਰ ਨੌਜਵਾਨ 'ਤੇ ਮਾਣ ਮਹਿਸੂਸ ਕਰ ਸਕੇ।

ਪਰਮਾਤਮਾ ਗੁਰਕਿਰਤ ਸਿੰਘ ਨੂੰ ਬੁਲੰਦੀਆਂ 'ਤੇ ਪਹੁੰਚਾਏ। ਮੇਰੀ ਇਸ ਮੁਲਾਕਾਤ ਦਾ ਸਬੱਬ ਨਵਦੀਪ ਸਿੰਘ ਬੱਲ, ਜਗਦੀਪ ਸਿੰਘ, ਦਲਜੀਤ ਸਿੰਘ ਅਤੇ ਹਰਮਿੰਦਰ ਸਿੰਘ ਭੁੱਲਰ ਕਰਕੇ ਬਣਿਆ।

# ਕਹਾਣੀ

# ਖ਼ੌਫ-84

## ਭਾਗ-1. (ਦਰਵਾਜ਼ੇ ਤੋਂ ਅੰਦਰਲਾ ਖ਼ੌਫ)

ਜਸਵੀਰ ਰਾਣਾ (91-98156-59220)



''ਸਤਿਨਾਮ!... ਵਾਹਿਗੁਰੂ...!'' ਮੇਰੀ ਸੁਰਤੀ ਮੱਥੇ ਵਿਚਕਾਰ ਜਾ ਟਿਕੀ ਹੈ। ਤਲਵਾਰ ਦੀ ਹੱਥੀ ਉੱਪਰ ਪਕੜ ਮਜ਼ਬੂਤ ਹੋ ਗਈ ਹੈ। ਅੱਖਾਂ ਵਿਚ ਖ਼ੂਨ ਉੱਤਰ ਆਇਆ। ਦੰਦਾਂ ਵਿਚ ਕਿਰਚ-ਕਿਰਚ ਹੋਣ ਲੱਗੀ। ਮੈਂ ਹੱਥ ਵਿਚ ਤਲਵਾਰ ਫੜੀਂ ਦਰਵਾਜ਼ੇ ਵੱਲ ਨੂੰ ਤੁਰ ਪਈ ਹਾਂ। ਗਲੀ ਵਿਚ ਦੰਗਾਕਾਰੀਆਂ ਦੀ ਭੀੜ ਭੱਜੀ ਆ ਰਹੀ ਹੈ। ਪੈੜ-ਚਾਲ ਅਜੇ ਦੂਰ ਹੈ। ਦਰਵਾਜ਼ੇ ਕੋਲ ਜਾ ਖੜ੍ਹੀ ਹਾਂ। ਭੱਜਦੇ ਕਦਮਾਂ ਦੀ ਅਵਾਜ਼ ਨਜ਼ਦੀਕ ਆ ਗਈ ਹੈ। ਮੇਰੀ ਨਜ਼ਰ ਕੰਧ ਨਾਲ ਢੋਅ ਲਾਈਂ ਸਹਿਮੇ ਬੈਠੇ ਕਮਲ ਨਾਲ ਜਾ ਟਕਰਾਈ ਹੈ। ਮੈਂ ਦਰਵਾਜ਼ੇ ਨਾਲ ਪਿੱਠ ਜੋੜ ਕੇ ਖੜ੍ਹ ਗਈ ਹਾਂ। ਤਲਵਾਰ ਦੀ ਹੱਥੀ ਉਪਰ ਪਕੜ ਹੋਰ ਮਜਬੂਤ ਹੋ ਗਈ ਹੈ। ਮੈਂ ਹਵਾ ਵਾਂਗ ਘੁੰਮੀ ਹਾਂ। ਦਰਵਾਜ਼ੇ ਤੇ ਕਮਲ ਦੇ ਵਿਚਕਾਰ ਜਾ ਖੜ੍ਹੀ ਹਾਂ।

ਮੈਨੂੰ ਦਰਵਾਜ਼ਾ ਖੜਕਣ ਦੀ ਉਡੀਕ ਹੈ। ਇਕ ਮਿੰਟ... ਦੋ ਮਿੰਟ.... ਤਿੰਨ... . ਚਾ ਰ.... ਪੰਜ ਮਿੰਟ। ਪਰ ਦਰਵਾਜ਼ਾ ਨਹੀਂ ਖੜਕਿਆ। ਮੈਂ ਕੰਨ ਲਾ ਕੇ ਸੁਣਨ ਲੱਗੀ ਹਾਂ। ਭੀੜ ਦੀ ਪੈੜ-ਚਾਲ ਘੋੜਿਆਂ ਦੀਆਂ ਟਾਪਾਂ ਦੀ ਅਵਾਜ਼ ਵਿਚ ਬਦਲਨ ਲੱਗੀ ਹੈ। ਸਭ ਤੋਂ ਅੱਗੇ ਬਾਬਰ ਦਾ ਘੋੜਾ ਹੈ । ਉਹ ਕਾਬੁਲ ਤੋਂ ਪਾਪ ਦੀ ਜੰਞ ਲੈ ਕੇ ਆਇਆ ਹੈ। ਉਸ ਦੇ ਪਿੱਛੇ ਅਹਿਮਦ ਸ਼ਾਹ ਅਬਦਾਲੀ ਨਾ ਲ ਮੱਸਾ ਰੰਘੜ.... ਔਰੰਗਜ਼ੇਬ.... ਸੂਬੇਦਾਰ ਵਜ਼ੀਰ ਖਾਨ ਆ ਰਿਹਾ ਹੈ। ਮੁਗਲ ਹਾਕਮਾਂ ਦੀ ਫੌਜ ਸਾਡੇ ਘਰ ਉਪਰ ਹਮਲਾ ਕਰਨ ਆ ਰਹੀ ਹੈ। 'ਜੈ ਬਜਰੰਗ ਬਲੀ' ਦੇ ਨਾਅਰੇ 'ਨਾਅਰਾ-ਏ-ਤਕਬੀਰ' ਵਿਚ ਬਦਲਨ ਲੱਗੇ ਹਨ। ਮੈਂ ਹਮਲਾ ਕਰਨ ਲਈ ਤਿਆਰ ਹੋ ਗਈ ਹਾਂ। ਪਰ ਹਮਲਾਵਰਾਂ ਨੇ ਰਣ-ਨੀਤੀ ਬਦਲ ਲਈ ਹੈ। ਘੋੜਿਆਂ ਦੀਆਂ ਟਾਪਾਂ ਦੀ ਅਵਾਜ਼ ਫਿਰ ਪੈੜ-ਚਾਲ ਵਿਚ ਬਦਲ ਗਈ ਹੈ। 'ਅੱਲਾ ਹੂ ਅਕਬਰ' ਦੀ ਥਾਂ 'ਹਰ-ਹਰ ਮਹਾਂਦੇਵ' ਹੋਣ ਲੱਗੀ ਹੈ।

ਨਾਅਰੇ ਮਾਰਦੀ ਭੱਜੀ ਆਉਂਦੀ ਭੀੜ ਸਾਡੇ ਘਰ ਅੱਗੇ ਆ ਕੇ ਰੁਕ ਗਈ ਹੈ। ਮੈਂ ਸਾਹ ਰੋਕੀਂ ਖੜ੍ਹੀ ਹਾਂ। ਭੀੜ ਵਿਚੋਂ ਇਕ ਬੰਦਾ ਦਰਵਾਜ਼ੇ ਵੱਲ ਨੂੰ ਤੁਰ ਪਿਆ ਹੈ। ਉਹਦੇ ਕਦਮਾਂ ਦੀ ਆਹਟ ਦੇਹਲੀ ਕੋਲ ਆ ਕੇ ਰੁਕ ਗਈ ਹੈ। ਦਰਵਾਜ਼ਾ ਖੜਕਿਆ ਹੈ। ਮੈਂ ਚੁੱਪ-ਚਾਪ ਖੜ੍ਹੀ ਹਾਂ। ਦਰਵਾਜ਼ਾ ਫਿਰ ਖੜਕਿਆ ਹੈ। ਉਸ ਬੰਦੇ ਨੇ ਆਪਣੀ ਅਵਾਜ਼ ਬਦਲ ਲਈ ਹੈ। ਉਹ ਮੇਰੇ ਇੰਦਰ ਦੀ ਅਵਾਜ਼ ਵਿਚ ਬੋਲਿਆ ਹੈ, ''ਸੁਰਤੀ!.... ਮੈਂ ਆਂ ਇੰਦਰ !.... ਦਰਵਾਜ਼ਾ ਖੋਲ....!''

''ਨ ਹੀਂ.... ਹੀਂ. ..ਹੀਂ...ਹੀਂ...!!'' ਮੇਰੀ ਚੀਕ ਦਰਵਾਜ਼ੇ ਦੇ ਆਰ-ਪਾਰ ਫੈਲ ਗਈ ਹੈ। ਹੱਥਾਂ ਵਿਚੋਂ ਤਲਵਾਰ ਡਿੱਗ ਪਈ ਹੈ। ਮੈਂ ਭੱਜ ਕੇ ਕਮਲ ਨੂੰ ਬੁੱਕਲ ਵਿਚ ਲੈ ਲਿਆ ਹੈ। ਕਮਲ ਮੇਰਾ ਬੱਚਾ ਹੈ। ਮੇਰਾ ਪੁੱਤ। ਉਸ ਵਕਤ ਇਹਦੀ ਉਮਰ ਪੰਜ ਸਾਲ ਦੀ ਸੀ। ਅੱਜ ਇਹ ਇਕ ਘੱਟ ਚਾਲੀ ਸਾਲ ਦਾ ਹੋ ਗਿਆ ਹੈ। ਜੇਕਰ ਇਸ ਦੀਆਂ ਅੱਖਾਂ ਵਿਚ ਖ਼ੌਫ ਨਾ ਜੰਮਿਆ ਹੁੰਦਾ। ਮੇਰੀਆਂ ਅੱਖਾਂ ਵਿਚ ਇਹਦੇ ਵਿਆਹ ਦਾ ਸੁਪਨਾ ਤੈਰਨਾ ਸੀ। ਪਰ ਨਹੀਂ ਖ਼ੌਫ ਇਹਦੀ ਵਿਆਹ ਦੀ ਉਮਰ ਖਾ ਗਿਆ ਹੈ। ਮੇਰੀ ਜਵਾਨੀ ਖਾ ਗਿਆ ਹੈ। ਕਮਲ ਬਚਪਨ ਤੋਂ ਸਿੱਧਾ ਜਵਾਨੀ ਦੀ ਆਖਰੀ ਪੌੜੀ ਆ ਉਤਰਿਆ ਹੈ। ਮੈਂ ਜਵਾਨੀ ਤੋਂ ਸਿੱਧੀ ਬੁਢਾਪੇ ਦੀ ਪੌੜੀ ਜਾ ਚੜ੍ਹੀ ਹਾਂ। ਤੇ ਮੇਰਾ ਇੰਦਰ ....! ਉਹ ਤਾਂ ਮੈਥੋਂ ਵੀ ਚਾਰ ਸਾਲ ਅੱਗੇ ਹੈ। ਚੌਂਤੀ ਸਾਲ ਤੋਂ ਉਹ ਦਰਵਾਜ਼ੇ ਦੇ ਬਾਹਰ ਖੜ੍ਹਾ ਹੈ। ਮੈਂ ਅੰਦਰ ਬੈਠੀ ਹਾਂ। ਬੈਠੀ-ਬੈਠੀ ਦਰਵਾਜ਼ੇ ਵੱਲ ਝਾਕੀ ਹਾਂ। ਅੰਦਰਲਾ ਕੁੰਡਾ ਬੰਦ ਹੈ। ਜਿੰਦਾ ਲੱਗਾ ਹੋਇਆ। ਜਿੰਦੇ ਦੀ ਚਾਬੀ ਅਲਮਾਰੀ ਵਿਚ ਰੱਖੀ ਹੋਈ ਹੈ। ਅਲਮਾਰੀ ਨੂੰ ਜਿੰਦਾ ਲਾ ਕੇ ਉਹਦੀ ਚਾਬੀ ਟਰੰਕ ਵਿਚ ਰੱਖੀ ਹੋਈ ਹੈ। ਟਰੰਕ ਦੀ ਚਾਬੀ ਮੈਂ ਆਪਣੀ ਸਲਵਾਰ ਦੇ ਨਾਲੇ ਨਾਲ ਬੰਨ੍ਹੀ ਹੋਈ ਹੈ। ਸਲਵਾਰ ਦਾ ਖਿਆਲ ਆਉਂਦਿਆਂ ਹੀ ਨਾਲੇ ਨੂੰ ਹੱਥ ਨਾਲ ਟੋਹਿਆ ਹੈ। ਚਾਬੀ ਸੁਰੱਖਿਅਤ ਹੈ। ਪਰ ਮੇਰੀ ਫੁੱਲ ਵਰਗੀ ਧੀ ਸਿਮਰ ਸੁਰੱਖਿਅਤ ਨਹੀਂ....! ਸਿਮਰ ਦਾ ਖਿਆਲ ਮੈਨੂੰ ਸੱਪ ਵਾਂਗ ਡੰਗ ਗਿਆ ਹੈ। ਉਹ ਸੱਪਾਂ ਵਿਚ ਘਿਰ ਗਈ ਹੈ। ਇਕ ਨਹੀਂ ਦੋ ਨਹੀਂ, ਪੰਜ ਨਹੀਂ ਦਸ ਨਹੀਂ। ਸੱਪਾਂ ਦੀ ਟਰੇਨ ਭਰੀ ਹੋਈ ਹੈ। ਉਹ ਹਰਿਆਣੇ ਵੱਲੋਂ ਆਈ ਹੈ। ਦਿੱਲੀ ਆ ਰੁਕੀ ਹੈ। ਉਸ ਵਿਚੋਂ ਸੱਪ ਹੇਠਾਂ ਉਤਰ ਰਹੇ ਹਨ। ਉਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀਂ। ਉਹ ਦਿੱਲੀ ਦੇ ਤਖਤ ਨੇ ਸਿੱਖਾਂ ਨੂੰ ਡੰਗਣ ਲਈ ਮੰਗਵਾਏ ਹਨ। ਸਿੱਖ ਸੜਕਾਂ 'ਤੇ ਭੱਜੇ ਜਾ ਰਹੇ ਹਨ। ਸੱਪ ਦੰਗਾਕਾਰੀਆਂ ਵਿਚ ਜਾ ਰਲੇ ਹਨ। ਉਨ੍ਹਾਂ ਨੇ ਸਿਮਰ ਘੇਰ ਲਈ ਹੈ। ਉਹ ਚੀਕਾਂ ਮਾਰਨ ਲੱਗੀ ਹੈ। ਉਸ ਦੀਆਂ ਚੀਕਾਂ ਦੀ ਗੋਲੀ ਮੇਰੀ ਹਿੱਕ ਵਿਚ ਆ ਵੱਜੀ ਹੈ । ਮੈਂ ਚੀਕਾਂ ਮਾਰਦੀ ਉਸਨੂੰ ਲੱਭਦੀ ਫਿਰਦੀ ਹਾਂ। ਸੁੰਨੀਆਂ ਗਲੀਆਂ ਸੜਕਾਂ ਉੱਪਰ ਅੱਗ। ਹਵਾ ਵਿਚ ਧੂੰਆਂ। ਰਾਖ ਦੀਆਂ ਢੇਰੀਆਂ। ਦੂਰ-ਦੂਰ ਤੱਕ ਖਿੱਲਰੀਆਂ ਪੱਗਾਂ ਤੇ ਚੁੰਨੀਆਂ।

ਮੈਂ ਸਿਮਰ ਦੀ ਚੁੰਨੀ ਲੱਭਦੀ ਫਿਰਦੀ ਹਾਂ। ਇੰਦਰ ਦੀ ਪੱਗ ਵਿਚਲਾ ਸਿਰ ਲੱਭਦੀ ਫਿਰਦੀ ਹਾਂ। ਪਰ ਕੁਝ ਨਹੀਂ ਲੱਭ ਰਿਹਾ। ਸਾਰਾ ਕੁਝ ਬੇਪਛਾਣ ਹੋਇਆ ਪਿਆ ਹੈ। ਮੈਂ ਇਕ ਚੁੰਨੀ ਕੋਲ ਰੁਕੀ ਹਾਂ। ਹੇਠਾਂ ਬੈਠੀ ਹਾਂ। ਚੁੰਨੀ ਚੁੱਕੀ ਹੈ। ਇਕ ਖ਼ੂਨ ਨਾਲ ਲਿੱਬੜੀ ਸਲਵਾਰ ਹਵਾ ਵਿਚ ਉੱਛਲੀ ਹੈ। ਮੈਂ ਭੱਜਣ ਲੱਗੀ ਹਾਂ। ਇਕ ਰੱਤ ਲਿੱਬੜੀ ਪੱਗ ਮੇਰੇ ਸਿਰ ਵਿਚ ਆ ਵੱਜੀ ਹੈ। ਇਕ ਜਲ਼ਦਾ ਹੋਇਆ ਟਾਇਰ ਹਵਾ ਵਿਚ ਘੁੰਮਣ ਲੱਗਾ ਹੈ। ਮੈਂ ਇਕ ਪੱਗ ਚੁੱਕ ਚੁੰਨੀ ਹਿੱਕ ਨਾਲ ਲਾ ਲਈ ਹੈ। ਘਰ ਨੂੰ ਤੁਰਨ ਲੱਗੀ ਹਾਂ। ਪੈਰ ਇਕ ਲਾਸ਼ ਨਾਲ ਟਕਰਾ ਗਿਆ ਹੈ। ਹੇਠਾਂ ਝਾਕੀ ਹਾਂ। ਉਹ ਲਾਸ਼ ਨਹੀਂ ਮੇਰਾ ਕਮਲ ਹੈ। ਮੈਂ ਬਾਹਰ ਨਹੀਂ ਘਰ ਅੰਦਰ ਹੀ ਭੱਜੀ ਫਿਰਦੀ ਹਾਂ। ਕੰਧ ਨਾਲ ਢੋਆ ਲਾਈਂ ਬੈਠਾ ਕਮਲ ਮੇਰੇ ਵੱਲ ਵੇਖ ਰਿਹਾ ਹੈ। ਉਹ ਡਰਿਆ ਬੈਠਾ। ਉਸ ਦੀਆਂ ਅੱਖਾਂ ਖੁੱਲ੍ਹੀਆਂ ਹਨ। ਉਹ ਚੀਕਣਾ ਚਾਹੁੰਦਾ ਹੈ। ਪਰ ਮੂੰਹ ਵਿਚੋਂ ਅਵਾਜ਼ ਨਹੀਂ ਨਿਕਲ ਰਹੀ। ਉਹਦਾ ਬੇ-ਅਵਾਜ਼ ਮੂੰਹ ਵੇਖ ਮੈਂ ਡਰ ਗਈ ਹਾਂ। ਭੱਜ ਕੇ ਉਸ ਕੋਲ ਜਾ ਬੈਠੀ ਹਾਂ। ਮੇਰੀ ਬੁੱਕਲ ਵਿਚ ਬੈਠਾ ਉਹ ਥਰ-ਥਰ ਕੰਬ ਰਿਹਾ ਹੈ।

ਮੈਂ ਉਹਦੇ ਸਿਰ ਉਪਰ ਹੱਥ ਰੱਖ ਦਿੱਤਾ ਹੈ। ਉਹ ਦਰਵਾਜ਼ੇ ਵੱਲ ਵੇਖਣ ਲੱਗਾ ਹੈ। ਦਰਵਾਜ਼ਾ ਖੜਕਾਉਣ ਵਾਲਾ ਦੇਹਲੀ ਤੋਂ ਦੂਰ ਜਾ ਖੜ੍ਹਿਆ ਹੈ। ਉਹ ਕੌਣ ਹੈ ! ਕੀ ਕਰਨ ਆਇਆ! ਕਿਉਂ ਆਇਆ ਹੈ ! ਮੈਂ ਉਹਦਾ ਚਿਹਰਾ ਵੇਖਣਾ ਚਾਹੁੰਦੀ ਹਾਂ। ਪਰ ਕਿੰਝ ਵੇਖਾਂ। ਰੌਸ਼ਨਦਾਨ ਬੰਦ ਹਨ। ਇਹ ਮੈਂ ਬੰਦ ਕੀਤੇ ਹਨ। ਜਿਸ ਦਿਨ ਕਿਸੇ ਨੇ ਰੋੜਾ ਮਾਰਿਆ। ਮੈਂ ਖ਼ਾਲੀ ਬੋਰੀਆਂ ਚੁੱਕੀਆਂ। ਟੋਪੀ ਵਾਲੀਆਂ ਮੇਖਾਂ ਨਾਲ ਹਥੌੜੀ ਚੁੱਕੀ। ਕੰਧ ਨਾਲ ਪੌੜੀ ਲਾਈ। ਰੋਸ਼ਨਦਾਨ ਅੱਗੇ ਮੇਖਾਂ ਨਾਲ ਬੋਰੀਆਂ ਟੰਗ ਦਿੱਤੀਆਂ। ਹੁਣ ਇਨ੍ਹਾਂ ਵਿਚੋਂ ਨਾ ਅੰਦਰਲਾ ਹਨੇਰਾ ਬਾਹਰ ਜਾਂਦਾ ਹੈ, ਨਾ ਬਾਹਰਲਾ ਚਾਨਣ ਅੰਦਰ ਆਉਂਦਾ ਹੈ। ਮੈਂ ਖਿੜਕੀਆਂ ਦਾ ਵੀ ਪੱਕਾ ਪ੍ਰਬੰਧ ਕੀਤਾ ਹੋਇਆ। ਉਨ੍ਹਾਂ ਉਪਰ ਚਾਦਰਾਂ ਤਾਣੀਆਂ ਹੋਈਆਂ ਹਨ। ਦਰਵਾਜ਼ੇ ਦੀਆਂ ਵਿਰਲਾਂ ਵਿਚ ਕਮਲ ਦੀ ਫੱਟੀ ਪੋਚਣ ਵਾਲੀ ਗਾਚੀ ਦਾ ਲੇਪ ਭਰ ਕੇ ਬਾਹਰੋਂ ਵੇਖ ਲੈਣ ਦੀ ਸੰਭਾਵਨਾ ਖਤਮ ਕੀਤੀ ਹੋਈ ਹੈ। ਪਰ ਹਮਲਾ ਕਰਨ ਵਾਲਿਆਂ ਦੀ ਭੀੜ ਬੜੀ ਚਲਾਕ ਹੈ। ਉਹ ਕਈ ਵਾਰੀ ਦਰਵਾਜ਼ੇ ਦੀਆਂ ਵਿਰਲਾਂ ਵਿਚ ਕੋਈ ਤਿੱਖੀ ਚੀਜ਼ ਫੇਰ ਦਿੰਦੀ ਹੈ। ਵਿਰਲਾਂ ਵਿਚ ਭਰੀ ਗਾਚੀ ਨਿਕਲ ਜਾਂਦੀ ਹੈ। ਭੀੜ ਦੀ ਅੱਖ ਵਿਚਲਾ ਕਸਾਈ ਅੰਦਰ ਵੇਖਣ ਲੱਗਦਾ ਹੈ। ਮੈਂ ਚੋਰ ਅੱਖ ਨਾਲ ਬਾਹਰ ਵੇਖਣ ਲੱਗਦੀ ਹਾਂ। ਗਲੀ ਵਿਚ ਕੋਈ ਵੀ ਨਹੀਂ ਹੁੰਦਾ। ਮੈਂ ਗਾਚੀ ਭਿਉਂ ਕੇ ਉਸਦਾ ਲੇਪ ਭਰ ਫਿਰ ਵਿਰਲਾਂ ਬੰਦ ਕਰ ਦਿੰਦੀ ਹਾਂ। ਮੈਂ ਨਹੀਂ ਚਾਹੁੰਦੀ ਉਹ ਵੇਖ ਲੈਣ ਅਸੀਂ ਘਰ ਵਿਚ ਇਕੱਲੇ ਹਾਂ। ਆਪਣੀ ਇਕੱਲ ਉਪਰ ਪਰਦਾ ਪਾਉਣ ਲਈ ਬੇਹਿਸਾਬ ਬੋਰੀਆਂ ਟੰਗ ਚੁੱਕੀ ਹਾਂ। ਅਣਗਿਣਤ ਚਾਦਰਾਂ ਤਾਣ ਚੁੱਕੀ ਹਾਂ। ਤੋਲ ਤੋਂ ਬਾਹਰ ਗਾਚੀ ਵਰਤ ਚੁੱਕੀ ਹਾਂ। ਉਨ੍ਹਾਂ ਤੋਂ ਬਚਣ ਲਈ ਵਰਤੀ ਜੁਗਤ ਕਈ ਵਾਰੀ ਮੈਨੂੰ ਹੀ ਭਾਰੀ ਪੈ ਜਾਂਦੀ ਹੈ। ਜਿਸ ਵਕਤ ਦਰਵਾਜ਼ਾ ਖੜਕਾਉਣ ਵਾਲੇ ਦਾ ਚਿਹਰਾ ਵੇਖਣ ਦਾ ਖਿਆਲ ਆਉਂਦਾ। ਆਪਣੇ ਲਈ ਕੀਤਾ ਪ੍ਰਬੰਧ ਭੀੜ ਦਾ ਬਚਾਅ-ਪ੍ਰਬੰਧ ਬਣ ਜਾਂਦਾ ਹੈ। ਮੈਨੂੰ ਕੁਝ ਵੀ ਦਿਖਾਈ ਨਹੀਂ ਦਿੰਦਾ। ਅੱਖਾਂ ਵਿਚ ਸਿਮਰ ਦਾ ਸੜਕ 'ਤੇ ਡੁੱਲਿਆ ਖ਼ੂਨ ਜੰਮ ਜਾਂਦਾ ਹੈ। ਖ਼ੂਨ ਵਿਚ ਦਹਿਸ਼ਤ ਜੰਮ ਜਾਂਦੀ ਹੈ। ਹੱਥ ਪੈਰ ਢਿੱਲੇ ਪੈ ਜਾਂਦੇ ਹਨ। ਬਰਫ਼ ਵਾਂਗ ਠੰਡੀ ਹੋ ਜਾਂਦੀ ਹਾਂ। ਦਿਲ ਵਿਚੋਂ ਹੌਕਾ ਨਿਕਲਦਾ ਹੈ, ''ਉਹ ਤਾਂ ਫੁੱਲ ਸੀ !... ਕਲੀ ਸੀ!... ਜ਼ਾਲਮਾਂ ਦੀ ਹਵਸ ਦਾ ਸ਼ਿਕਾਰ ਹੋ ਗਈ!... ਸ਼ਿਕਾਰ ਕਰਨ ਤੋਂ ਬਾਅਦ ਪਾਪੀ ਕਹਿੰਦੇ!... ਜਦੋਂ ਇਕ ਵੱਡਾ ਦਰਖਤ ਡਿੱਗਦੈ ਧਰਤੀ ਤਾਂ ਹਿੱਲਦੀ ਹੀ ਐ...!'' ਮੈਨੂੰ ਪਤਾ ਕਿ ਮਰਨ ਵਾਲੀ ਦੇਸ਼ ਦੀ ਪ੍ਰਧਾਨ ਮੰਤਰੀ ਸੀ। ਉਹ ਇਸ ਧਰਤੀ ਦਾ ਵੱਡਾ ਦਰਖਤ ਸੀ। ਪਰ ਉਸ ਨੂੰ ਮੈਂ ਤਾਂ ਨਹੀਂ ਮਾਰਿਆ। ਸਿਮਰ ਨੇ ਨਹੀਂ ਮਾਰਿਆ। ਉਸ ਨੇ ਜਿਸ ਕੌਮ ਦਾ ਅਕਾਲ ਤਖਤ ਢਾਹਿਆ। ਉਸ ਵਿਚੋਂ ਦੋ ਸੂਰਮਿਆਂ ਅੰਦਰ ਸੁੱਤੀ ਅਣਖ ਜਾਗ ਉੱਠੀ। ਉਨ੍ਹਾਂ ਨੇ ਤਖਤਾਂ ਦੀ ਮਾਲਿਕ ਗੋਲੀਆਂ ਨਾਲ ਢੇਰੀ ਕਰ ਦਿੱਤੀ। ਉਸ ਦੀ ਮੌਤ ਤੋਂ ਅਗਲੇ ਦਿਨ ਰਾਤਾਂ ਤੋਂ ਵੀ ਕਾਲੇ ਸਨ। ਰਾਤਾਂ ਮੌਤ ਤੋਂ ਵੀ ਡਰਾਉਣੀਆਂ ਸਨ। ਮੈਨੂੰ ਯਾਦ ਹੈ ਉਹ ਇਕ ਨਵੰਬਰ ਦਾ ਦਿਨ ਸੀ। ਜਦੋਂ ਦਿੱਲੀ ਦੀ ਹਵਾ ਸਾਜਿਸ਼ੀ ਹੋ ਗਈ। ਆਸਮਾਨ ਵਿਚ ਚਕਮਦਾ ਸੂਰਜ ਕਾਲਾ ਹੋ ਗਿਆ। ਦਿਨ ਵਿਚ ਹੀ ਹਨੇਰਾ ਹੋ ਗਿਆ। ਸੜਕਾਂ ਗਲੀਆਂ ਸੁੰਨੀਆ ਹੋ ਗਈਆਂ। ਘਰਾਂ ਦੁਕਾਨਾਂ ਦੇ ਦਰਵਾਜ਼ੇ ਬੰਦ ਹੋਣ ਲੱਗੇ। ਜਦੋਂ ਮੈਂ ਦਰਵਾਜ਼ਾ ਬੰਦ ਕਰਨ ਲੱਗੀ। ਫਿਕਰ ਵਿਚ ਡੁੱਬੀ ਸਿਮਰ ਦੀ ਅਵਾਜ਼ ਆਈ, ''ਬੀਜੀ!.... ਪਾਪਾ ਨੂੰ ਤੇ ਆ ਲੈਣ ਦਿਓ ....!'' ਉਸ ਦੀ ਅਵਾਜ਼ ਸੁਣ ਮੈਂ ਵੀ ਫਿਕਰ ਵਿਚ ਡੁੱਬ ਗਈ, ''ਉਨ੍ਹਾਂ ਨੇ ਤੇ ਹੁਣ ਤੱਕ ਆ ਜਾਣਾ ਸੀ !...

ਉਹ ਅਜੇ ਤੱਕ ਆਏ ਕਿਉਂ ਨੀ !... ਤੂੰ ਜ਼ਰਾ ਠਹਿਰ ਮੈਂ ਵੇਖ ਕੇ ਆਉਨੀ ਆਂ...!'' ''ਨਹੀਂ ਬੀਜੀ!... ਤੁਸੀਂ ਕਮਲ ਕੋਲ ਘਰ ਰੁਕੋ!... ਮੈਂ ਵੇਖ ਕੇ ਆਉਨੀ ਆਂ...!'' ਮੇਰੇ ਰੋਕਦਿਆਂ-ਰੋਕਦਿਆਂ ਹੀ ਸਿਮਰ ਗਲੀ ਦਾ ਆਖਰੀ ਮੋੜ ਪਾਰ ਕਰ ਗਈ ਉਹ ਆਪਣੇ ਪਾਪਾ ਬਿਨ੍ਹਾਂ ਸ਼ਾਮ ਦੀ ਚਾਹ ਨਹੀਂ ਪੀਂਦੀ ਸੀ। ਉਨ੍ਹਾਂ ਬਿਨਾਂ ਰਾਤ ਦੀ ਰੋਟੀ ਨਹੀਂ ਖਾਂਦੀ ਸੀ। ਜੇਕਰ ਦੇਰ ਹੋ ਜਾਂਦੀ। ਉਹ ਸੀਸ ਗੰਜ ਚੌਂਕ ਤੱਕ ਵੇਖਣ ਚਲੀ ਜਾਂਦੀ।

ਉਸ ਦਿਨ ਉਹ ਪਾਪਾ ਨੂੰ ਵੇਖਣ ਗਈ ਕਿੰਨੇ ਕੁ ਮੋੜ ਪਾਰ ਕਰ ਗਈ। ਇਹ ਤਾਂ ਉਸ ਨੂੰ ਲੱਭਣ ਗਏ ਇੰਦਰ ਨੂੰ ਵੀ ਪਤਾ ਨਹੀਂ ਲੱਗਾ। ਉਹ ਸਿਮਰ ਦੇ ਜਾਣ ਤੋਂ ਥੋੜੀ ਦੇਰ ਬਾਅਦ ਹੀ ਘਰ ਆ ਗਿਆ ਸੀ। ਸਿਮਰ ਸੀਸ ਗੰਜ ਚੌਂਕ ਵੱਲ ਨੂੰ ਗਈ ਸੀ। ਇੰਦਰ ਦੂਜੇ ਰਸਤੇ ਆਇਆ ਸੀ। ਜਦੋਂ ਉਹ ਆਇਆ। ਉਸ ਦੀਆਂ ਅੱਖਾਂ ਵਿਚ ਖ਼ੌਫ ਸੀ। ਸਾਹ ਚੜ੍ਹਿਆ ਹੋਇਆ। ਉਸ ਦੀ ਅਵਾਜ਼ ਕੰਬ ਰਹੀ ਸੀ। ਉਸ ਨੇ ਆਉਣ ਸਾਰ ਸਭ ਤੋਂ ਪਹਿਲਾਂ ਦਰਵਾਜ਼ਾ ਬੰਦ ਕੀਤਾ। ਫਿਰ ਸਵਾਲ ਕੀਤਾ, 'ਸੁਰਤੀ!... ਆਪਣੀ ਸਿਮਰ ਕਿੱਥੇ ਐ...!!''

''ਉਹ ਤੇ ਤੁਹਾਨੂੰ ਵੇਖਣ ਗਈ ਸੀ!... ਮੈਂ ਤੇ ਕਦੋਂ ਦੀ ਡਰੀ ਬੈਠੀ.....!'' ਮੇਰੀ ਗੱਲ ਅਧੂਰੀ ਹੀ ਛੱਡ ਇੰਦਰ ਨੇ ਬੰਦ ਕੀਤਾ ਦਰਵਾਜ਼ਾ ਖੋਲ੍ਹਿਆ ''ਮੈਂ ਸਿਮਰ ਨੂੰ ਲੱਭ ਕੇ ਲਿਆਉਨਾਂ!.... ਤੂੰ ਕਮਲ ਦਾ ਖਿਆਲ ਰੱਖੀਂ!'' ਘਰ ਦੀ ਦੇਹਲੀ ਪਾਰ ਕਰਦੇ ਇੰਦਰ ਦੀ ਅਵਾਜ਼ ਵਿਚਲੀ ਦਹਿਸ਼ਤ ਮਹਿਸੂਸ ਕਰ ਮੈਂ ਬੁਰੀ ਤਰ੍ਹਾਂ ਡਰ ਗਈ। ਉਹ ਸੁੰਨੀ ਗਲੀ ਵਿਚ ਹਵਾ ਵਾਂਗ ਵਗਿਆ ਜਾ ਰਿਹਾ ਸੀ। ਮੈਂ ਭੱਜ ਕੇ ਉਸ ਦੇ ਪਿੱਛੇ ਗਈ। ਉਸ ਨੂੰ ਅਵਾਜ਼ਾਂ ਵੀ ਮਾਰੀਆਂ, ''ਇੰਦਰ!.... ਇਕ ਮਿੰਟ!. ... ਮੇਰੀ ਗੱਲ ਸੁਣ....!'' ਪਰ ਉਹਨੇ ਮੇਰੀ ਗੱਲ ਨਹੀਂ ਸੁਣੀ। ਉਸ ਦੇ ਕਦਮ ਸੀਸ ਗੰਜ ਚੌਂਕ ਵੱਲ ਨੂੰ ਵਧ ਰਹੇ ਸਨ। ਉਸ ਵਕਤ ਉਹ ਗਲੀ ਦਾ ਆਖਰੀ ਮੋੜ ਮੁੜਨ ਲੱਗਿਆ ਸੀ। ਜਦੋਂ ਤੁਰਿਆ ਜਾਂਦਾ ਇਕਦਮ ਰੁਕ ਗਿਆ। ਪਿਛਾਂਹ ਨੂੰ ਝਾਕਿਆ। ਉਸ ਨੂੰ ਸੁੰਨੀ ਗਲੀ ਵਿਚ ਖੜ੍ਹੀ ਮੈਂ ਨਜ਼ਰ ਆਈ।

ਘਰ ਦੀ ਦੇਹਲੀ 'ਤੇ ਖੜ੍ਹਾ ਛੋਟਾ ਜਿਹਾ ਕਮਲ ਦਿਖਾਈ ਦਿੱਤਾ। ਸਾਡੇ ਵੱਲ ਵੇਖ ਉਹ ਵਾਵਰੋਲੇ ਵਾਂਗ ਵਾਪਿਸ ਪਰਤਿਆ। ਮੇਰੀ ਬਾਂਹ ਫੜੀ। ਕਮਲ ਨੂੰ ਗੋਦੀ ਚੁੱਕਿਆ। ਸਾਨੂੰ ਅੰਦਰ ਵਾੜ ਉਹ ਕੰਬਦੀ ਅਵਾਜ਼ ਵਿਚ ਬੋਲਿਆ, ''ਮੇਰੇ ਆਉਣ ਤੱਕ ਤੁਸੀਂ ਘਰੋਂ ਬਾਹਰ ਨਹੀਂ ਨਿਕਲਣਾ!... ਉਹ ਸਿੱਖਾਂ ਨੂੰ ਚੁਣ-ਚੁਣ ਕੇ ਮਾਰ ਰਹੇ ਨੇ....!''

ਉਹਦੀ ਆਖਰੀ ਗੱਲ ਸੁਣ ਮੈਂ ਸੁੰਨ ਹੋ ਗਈ। ਸੁਰਤੀ ਵਿਚ ਸੁੰਨੀ ਗਲੀ ਦੇ ਬੰਦ ਦਰਵਾਜ਼ੇ ਘੁੰਮਣ ਲੱਗੇ। ਘਰਾਂ ਅੰਦਰ ਸ਼ਹਿ ਲਾਈਂ ਬੈਠੀ ਦਹਿਸ਼ਤ ਘੁੰਮਣ ਲੱਗੀ। ਜਿਸ ਮੁਹੱਲੇ ਵਿਚ ਮੁੱਦਤਾਂ ਤੋਂ ਰਹਿ ਰਹੇ ਸਾਂ। ਉਸ ਤੋਂ ਡਰ ਆਉਣ ਲੱਗਾ। ਜਿਨ੍ਹਾਂ ਘਰਾਂ ਨਾਲ ਕੰਧਾਂ ਸਾਂਝੀਆਂ ਸਨ। ਉਨ੍ਹਾਂ ਦੀਆਂ ਕੰਧਾਂ ਤੋਂ ਭੈਅ ਆਉਣ ਲੱਗਾ। ਜਿਨ੍ਹਾਂ ਲੋਕਾਂ ਨੂੰ ਹੱਥੀਂ ਛਾਵਾਂ ਕਰਦੇ ਸਾਂ। ਉਨ੍ਹਾਂ ਦੇ ਹੱਥਾਂ ਵਿਚ ਹਥਿਆਰ ਨਜ਼ਰ ਆਉਣ ਲੱਗੇ। ਉਹ ਘਰਾਂ ਵਿਚੋਂ ਬਾਹਰ ਨਿਕਲਣ ਲੱਗੇ। ਗਲੀ ਵਿਚ ਭੀੜ ਇਕੱਠੀ ਹੋਣ ਲੱਗੀ। ਪੈੜ-ਚਾਲ ਸਾਡੇ ਘਰ ਵੱਲ ਨੂੰ ਵਧਣ ਲੱਗੀ। ਮੈਂ ਡਰ ਗਈ। ਸਾਹ ਰੁਕਣ ਲੱਗਿਆ। ਲੱਤਾਂ ਵਿਚੋਂ ਜਾਨ ਨਿਕਲ ਗਈ। ਨਸ ਨਸ ਵਿਚ ਖ਼ੌਫ ਭਰ ਗਿਆ। ਮੈਂ ਕੰਬਦੇ ਹੱਥਾਂ ਨਾਲ ਕਮਲ ਨੂੰ ਗੋਦੀ ਚੁੱਕਿਆ। ਅੰਦਰੋਂ ਕੁੰਡਾ ਲਾ ਜਿੰਦਾ ਲਾ ਲਿਆ। ਕੁਝ ਪਲ ਦਰਵਾਜ਼ੇ ਨਾਲ ਕੰਨ ਲਾ ਗਲੀ ਵਿਚ ਹੁੰਦੀ ਘੁਸਰ-ਮੁਸਰ ਸੁਣਦੀ ਰਹੀ। ਕੁਝ ਪਲਾਂ ਬਾਅਦ ਕਿਸੇ ਦੇ ਕਦਮਾਂ ਦੀ ਆਹਟ ਸੁਣਾਈ ਦਿੱਤੀ।

ਕੋਈ ਸਾਡੀ ਦੇਹਲੀ ਤੱਕ ਆਇਆ। ਪਹਿਲਾਂ ਉਹਨੇ ਬਾਹਰੋਂ ਕੁੰਡਾ ਲਾਇਆ। ਫਿਰ ਜਿੰਦੇ ਵਿਚ ਚਾਬੀ ਘੁੰਮਣ ਦੀ ਅਵਾਜ਼ ਆਈ। ਕੁਝ ਪਲ ਦਾ ਸੰਨਾਟਾ। ਫਿਰ ਸਾਨੂੰ ਘਰ ਵਿਚ ਬੰਦ ਕਰਨ ਵਾਲਾ ਦੇਹਲੀ ਤੋਂ ਦੂਰ ਹੁੰਦਾ ਚਲਿਆ ਗਿਆ ਸੀ। ਨਹੀਂ ਉਹ ਦੂਰ ਨਹੀਂ ਗਿਆ। ਨਜ਼ਦੀਕ ਹੀ ਹੈ। ਕਿਤੇ ਇੱਥੇ ਹੀ ਹੈ। ਉਸ ਦਾ ਖੁਰਾ-ਖੋਜ ਲੱਭਣ ਲਈ ਮੈਂ ਹੇਠਾਂ ਡਿੱਗੀ ਤਲਵਾਰ ਚੁੱਕ ਲਈ ਹੈ। ਕਮਲ ਹੋਰ ਡਰ ਗਿਆ ਹੈ। ਮੈਂ ਉਸ ਅੱਗੇ ਚਟਾਨ ਵਾਂਗ ਜਾ ਖੜ੍ਹੀ ਹਾਂ। ਆਵੇ ਕਿਹੜਾ ਆਉਂਦਾ। ਮੇਰੇ ਪੁੱਤ ਨੂੰ ਹੱਥ ਲਾ ਕੇ ਦਿਖਾਵੇ। ਮੇਰੀ ਸਲਵਾਰ ਨੂੰ ਹੱਥ ਲਾ ਕੇ ਵੇਖੇ। ਟੋਟੇ ਕਰ ਦਿਆਂਗੀ।

''ਤੂੰ ਸਾਡੇ ਟੋਟੇ ਕੀ ਕਰੇਂਗੀ!...ਟੋਟੇ ਤਾਂ ਤੁਹਾਡੇ ਅਸੀਂ ਕੀਤੇ ਸੀ!...ਉਹ ਖ਼ੂਨੀ ਇਤਹਾਸ ਭੁੱਲ ਗਈ!..... ਜਦੋਂ ਬੱਚਿਆਂ ਦੇ ਟੋਟੇ ਕਰਕੇ ਮਾਵਾਂ ਦੇ ਗਲਾਂ ਵਿਚ ਹਾਰ ਪਾਏ ਸੀ!...ਜੇਕਰ ਭੁੱਲ ਗਈ ਤਾਂ ਦਿੱਲੀ ਦੀਆਂ ਸੜਕਾਂ 'ਤੇ ਤੁਰ ਕੇ ਵੇਖ!... ਆਪਣੇ ਆਂਢ-ਗੁਆਂਢ 'ਚ ਜਾ ਕੇ ਵੇਖ !...ਤੈਨੂੰ ਬੱਚਿਆਂ ਦੇ ਟੋਟੇ ਹੀ ਟੋਟੇ ਨਜ਼ਰ ਆਉਣਗੇ....!'' ਮੇਰੇ ਹੱਥ ਫੜੀ ਤਲਵਾਰ ਵੇਖ ਘਰ ਦੀਆਂ ਕੰਧਾਂ ਜ਼ਕਰੀਆ ਖਾਨ ਵਾਂਗ ਬੋਲਣ ਲੱਗੀਆਂ ਹਨ। ਮੈਂ ਕੰਧਾਂ ਵੱਲ ਹੈਰਾਨੀ ਨਾਲ ਝਾਕੀ ਹਾਂ। ਇਨ੍ਹਾਂ ਦੇ ਤਾਂ ਕੰਨ ਹੁੰਦੇ ਸਨ। ਇਨ੍ਹਾਂ ਦੀ ਜ਼ੁਬਾਨ ਕਦੋਂ ਦੀ ਚੱਲਣ ਲੱਗੀ ਹੈ। ਮੈਂ ਕੰਧਾਂ ਨਾਲ ਕੰਨ ਲਾ-ਲਾ ਸੁਣਨ ਲੱਗੀ ਹਾਂ। ਪਰ ਉਹ ਕਮਲ ਵਾਂਗ ਚੁੱਪ ਹਨ। ਮੈਂ ਹਵਾ ਵਿਚ ਤਲਵਾਰ ਲਹਿਰਾ ਬੋਲੀ ਹਾਂ, ''ਟੋਟੇ ਕਰ ਦਿਆਂਗੀ.....!!''

''ਬੱਸ ਕਰ ਸੁਰਤੀ!... ਤੂੰ ਤਾਂ ਆਪ ਟੋਟਿਆਂ ਵਿਚ ਵੰਡੀ ਪਈ ਐਂ....!'' ਮੇਰੀ ਅਵਾਜ਼ ਸੁਣ ਬਾਹਰ ਖੜ੍ਹਾ ਬੰਦਾ ਇੰਦਰ ਵਾਂਗ ਬੋਲਿਆ ਹੈ ਪਰ ਉਹ ਇੰਦਰ ਨਹੀਂ। ਮੈਂ ਸਭ ਸਮਝਦੀ ਹਾਂ। ਜਿਉਂ ਹੀ ਦਰਵਾਜ਼ਾ ਖੋਲ੍ਹਿਆ। ਭੀੜ ਅੰਦਰ ਆ ਵੜਨੀ ਹੈ। ਮੇਰੀ ਸਲਵਾਰ ਹਵਾ ਵਿਚ ਉੱਡ ਜਾਣੀ ਹੈ। ਕਮਲ ਦੇ ਤਿੰਨ ਟੋਟੇ ਹੋ ਜਾਣੇ ਹਨ।

''ਨਹੀਂ!... ਮੈਂ ਇਹ ਨਹੀਂ ਹੋਣ ਦਿਆਂਗੀ...!'' ਤਲਵਾਰ ਸਿੱਟ ਮੈਂ ਕਮਲ ਨੂੰ ਚਿੰਬੜ ਗਈ ਹਾਂ ਉਸ ਅੰਦਰ ਸ਼ਹਿ ਲਾਈਂ ਬੈਠਾ ਖ਼ੌਫ ਮੇਰੀਆਂ ਰਗਾਂ ਵਿਚ ਦੌੜਨ ਲੱਗਾ ਹੈ। ਜਿਨ੍ਹਾਂ ਨੇ ਬੱਚਿਆਂ ਦੇ ਟੋਟੇ ਕਰਕੇ ਮਾਵਾਂ ਦੇ ਗਲਾਂ ਵਿਚ ਹਾਰ ਪਾਏ। ਉਹ ਤਾਂ ਮੁਗਲ ਸਨ। ਉਨ੍ਹਾਂ ਨਾਲ ਗਲੀ ਵਿਚ ਖੜ੍ਹੀ ਭੀੜ ਦੀ ਕਿਹੜੀ ਰਗ ਸਾਂਝੀ ਹੈ! ਮੈਂ ਸੋਚੀਂ ਪੈ ਗਈ ਹਾਂ। ਮੇਰੀਆਂ ਸੋਚਾ ਵਿਚ ਹਰਕੀਰਤ ਦੀ ਤਿੰਨ ਟੋਟਿਆਂ ਵਿਚ ਵੰਡੀ ਲਾਸ਼ ਘੁੰਮਣ ਲੱਗੀ ਹੈ। ''ਤੇਰਾ ਪੁੱਤ ਕਿਹੜਾ ਜਿਊਂਦਾ ਸੁਰਤੀ!... ਮੇਰਾ ਤਾਂ ਮਰ ਕੇ ਮੁਕਤ ਹੋ ਗਿਆ!... ਪੂਰੇ ਚੌਂਤੀ ਸਾਲ ਹੋਗੇ!.... ਤੇਰਾ ਅਜੇ ਤੱਕ ਮੁਕਤ ਨੀ ਹੋਇਆ!... ਤੂੰ ਮੁਕਤ ਨੀ ਹੋਈ...!'' ਫੌਜੀ ਵਰਦੀ ਪਾਈਂ ਖੜ੍ਹਾ ਮਹਾਂ ਸਿੰਘ ਬੋਲਿਆ ਹੈ ਜਦੋਂ ਰਾਤ ਟਿਕ ਜਾਂਦੀ ਹੈ। ਉਹ ਓਪਰੀ ਹਵਾ ਵਾਂਗ ਘੁੰਮਣ ਲੱਗਦਾ ਹੈ। ਗਲੀ ਵਿਚ ਉਹਦੇ ਫੌਜੀ ਬੂਟਾਂ ਦੀ ਅਵਾਜ਼ ਗੂੰਜਣ ਲੱਗਦੀ ਹੈ। ਪਹਿਲਾਂ ਉਹ ਸਾਡੇ ਘਰ ਦੇ ਦਰਵਾਜ਼ੇ ਤੱਕ ਆਉਂਦਾ ਹੈ। ਮੈਨੂੰ ਅਵਾਜ਼ ਮਾਰ ਆਪਣੇ ਘਰ ਵੱਲ ਨੂੰ ਪਰਤ ਜਾਂਦਾ ਹੈ। ਕੁਝ ਪਲਾਂ ਬਾਅਦ 'ਚੀਂ-ਚੀਂ' ਦੀ ਅਵਾਜ਼ ਆਉਂਦੀ ਹੈ । ਉਹਦੇ ਘਰ ਦਾ ਦਰਵਾਜ਼ਾ ਖੁੱਲ੍ਹਦਾ ਹੈ। ਜਿਉਂ ਹੀ ਉਹ ਅੰਦਰ ਵੜਦਾ ਹੈ । ਦੰਗਾਕਾਰੀਆਂ ਦੀ ਭੀੜ ਵੀ ਅੰਦਰ ਵੜ ਜਾਂਦੀ ਹੈ। ਦਰਵਾਜ਼ਾ ਬੰਦ ਹੋ ਜਾਂਦਾ ਹੈ। ਫੌਜੀ ਦਾ ਘਰ ਸਰਹੱਦ ਬਣ ਜਾਂਦਾ ਹੈ। ਸਰਹੱਦ ਉਪਰ ਖੜ੍ਹਾ ਮਹਾਂ ਸਿੰਘ ਭੀੜ ਨੂੰ ਵੰਗਾਰਦਾ ਹੈ, ''ਦੇਖੋ ਮੈਂ ਆਪਣੇ ਦੇਸ਼ ਲਈ ਪੈਂਹਟ ਤੇ ਕਹੱਤਰ ਦੀਆਂ ਦੋ ਲੜਾਈਆਂ ਲੜੀਆਂ ਨੇ!.... ਮੈਨੂੰ ਕੀ ਪਤਾ ਸੀ ਇਕ ਦਿਨ ਮੇਰੇ ਦੇਸ਼ ਵਾਸੀ ਹੀ ਦੁਸ਼ਮਣ ਬਣ ਜਾਣਗੇ....!'' 'ਦੇਸ਼ ਕੇ ਦੁਸ਼ਮਨ ਹਮ ਨਹੀਂ!... ਤੂੰ ਹੈ ਫੌਜੀ!...ਮਾਰੋ ਇਨ ਸਰਦਾਰੋਂ ਕੋ!... ਦੇਸ਼ ਕੇ ਗੱਦਾਰੋਂ ਕੋ...!'' ਭੀੜ ਨੇ ਮਹਾਂ ਸਿੰਘ ਦੀ ਪੱਗ ਹਵਾ ਵਿਚ ਉਛਾਲ ਦਿੱਤੀ ਹੈ ਇਕ ਖ਼ੂਨ ਪੀਣੀ ਅਵਾਜ਼ ਆਈ ਹੈ, ''ਫੌਜ ਮੇਂ ਥਾ ਤੋ ਕਿਆ ਹੂਆ!... ਹੈਂ ਤੋ ਸਰਦਾਰ ਹੀ ਨਾ!.... ਸਰਦਾਰ ਹਮੇਸ਼ਾ ਗੱਦਾਰ ਹੋਤਾ ਹੈ ....!''

ਅਵਾਜ਼ ਨਾਲ ਅਵਾਜ਼ ਮਿਲਾਉਂਦਿਆਂ ਕਿਸੇ ਨੇ ਮਹਾਂ ਸਿੰਘ ਦੇ ਸਿਰ ਵਿਚ ਲੋਹੇ ਦੀ ਰਾਡ ਮਾਰੀ ਹੈ। ਉਹ ਘਰ ਵਿਚ ਬਣੀ ਸਰਹੱਦ ਉਪਰ ਡਿੱਗ ਪਿਆ ਹੈ। ਭੀੜ ਉਸ ਉਪਰ ਟੁੱਟ ਪਈ ਹੈ। ਭੀੜ ਤੋਂ ਚੋਰੀ ਘਣਸ਼ਿਆਮ ਪੰਡਿਤ ਘਰ ਦੀਆਂ ਔਰਤਾਂ ਨੂੰ ਛੱਤ ਉਪਰ ਦੀ ਆਪਣੇ ਘਰ ਲੈ ਗਿਆ ਹੈ। ਉਸ ਦੇ ਘਰ ਵਿਚੋਂ ਉਨ੍ਹਾਂ ਨੂੰ ਅਸ਼ੋਕੀ ਬਾਣੀਆ ਆਪਣੇ ਘਰ ਲੈ ਗਿਆ ਹੈ। ਪਰ ਤੇਰਾਂ ਸਾਲ ਦਾ ਹਰਕੀਰਤ ਉਨ੍ਹਾਂ ਨਾਲ ਨਹੀਂ ਗਿਆ।

ਉਹ ਅੱਖ ਬਚਾ ਕੇ ਘਰ ਦੀ ਛੱਤ ਉਪਰ ਲੁਕ ਗਿਆ। ਉਹ ਪਾਣੀ ਵਾਲੀ ਟੈਂਕੀ ਉਹਲੇ ਬੈਠਾ ਵਿਹੜੇ ਵਿਚ ਡਿੱਗੇ ਮਹਾਂ ਸਿੰਘ ਵੱਲ ਵੇਖ ਰਿਹਾ ਹੈ। ਜਿਨ੍ਹਾਂ ਹੱਥਾਂ ਨੇ ਉਸ ਨੂੰ ਚੁੱਕ ਕੇ ਖਿਡਾਇਆ। ਭੀੜ ਨੇ ਉਹ ਹੱਥ ਤੋੜ ਦਿੱਤੇ ਹਨ। ਜਿਸ ਛਾਤੀ ਉਪਰ ਲੱਗੇ ਮੈਡਲ ਵੇਖ ਉਹ ਮਾਣ ਮਹਿਸੂਸ ਕਰਦਾ ਸੀ। ਭੀੜ ਉਸ ਛਾਤੀ ਉਪਰ ਪੈਰ ਰੱਖੀਂ ਖੜ੍ਹੀ ਹੈ। ਪਿਉ ਦੀ ਕੁੱਟ-ਮਾਰ ਹੁੰਦੀ ਵੇਖ ਹਰਕੀਰਤ ਦੀ ਚੀਕ ਨਿਕਲ ਗਈ ਹੈ। ਭੀੜ ਉਪਰ ਨੂੰ ਝਾਕੀ ਹੈ। ਪਿਉ ਨੂੰ ਬਚਾਉਣ ਲਈ ਪੁੱਤ ਨੇ ਛੱਤ ਤੋਂ ਛਾਲ ਮਾਰ ਦਿੱਤੀ ਹੈ। ਭੀੜ ਉਸ ਉਪਰ ਟੁੱਟ ਪਈ ਹੈ, ''ਚਲੋ ਏਕ ਔਰ ਸਰਦਾਰ ਮਿਲ ਗਿਆ...!'' ''ਇਸ ਸਾਂਪ ਕੇ ਬੱਚੇ ਕੋ ਮੈਂ ਮਾਰੂੰ ਗਾ.... !'' ਕਿ ਸ਼ੋਰੀ ਲਾਲ ਕਸਾਈ ਨੇ ਜਾਨਵਰ ਕੱਟਣ ਵਾਲਾ ਛੁਰਾ ਹਵਾ ਵਿਚ ਲਹਿਰਾਇਆ ਹੈ । ਖ਼ੂਨੀ ਹੱਥਾਂ ਨੇ ਹਰਕੀਰਤ ਨੂੰ ਲੱਤਾਂ ਬਾਹਵਾਂ ਤੋਂ ਫੜ ਲਿਆ ਹੈ। ਕਸਾਈ ਦਾ ਛੁਰਾ ਚੱਲਿਆ ਹੈ, ''ਇਕ ..... ਦੋ.... ਤਿੰਨ.....!'' ਸਿਰ....ਧੜ....ਲੱਤਾਂ...ਪੁੱਤ ਦਾ ਸਰੀਰ ਤਿੰਨ ਟੋਟਿਆਂ ਵਿਚ ਵੰਡਿਆ ਗਿਆ ਹੈ। ਜਿਗਰ ਦੇ ਟੋਟੇ ਹੋਏ ਵੇਖ ਸਹਿਕਦੇ ਪਿਉ ਦਾ ਆਖਰੀ ਸਾਹ ਵੀ ਨਿਕਲ ਗਿਆ ਹੈ।

''ਸ਼ੂਅ.....ਅ.....ਅ.....!... ਸਰਦਾਰੋਂ ਕਾ ਖ਼ੂਨ ਭੀ ਜ਼ਹਿਰ ਜੈਸਾ ਹੈ....!'' ਲਾਸ਼ਾਂ ਵੱਲ ਵੇਖ ਕਸਾਈ ਨੇ ਖ਼ੂਨ ਨਾਲ ਲਿੱਬੜੇ ਛੁਰੇ ਨੂੰ ਜੀਭ ਨਾਲ ਚੱਟਿਆ ਹੈ। ਉਹਦੀ ਜੀਭ ਤੋਂ ਟਪਕਦੀ ਖ਼ੂਨ ਦੀ ਧਾਰ ਕਮਲ ਦੇ ਸਿਰ ਉਪਰ ਆ ਡਿੱਗੀ ਹੈ। ਮੇਰੀ ਚੀਕ ਛੱਤ ਨਾਲ ਜਾ ਲੱਗੀ ਹੈ। ਕਮਲ ਦਾ ਸਰੀਰ ਤਿੰਨ ਟੋਟਿਆਂ ਵਿਚ ਵੰਡਿਆ ਗਿਆ ਹੈ। ਮੈਂ ਰੋਂਦੀ ਹੋਈ ਉਹਦੀ ਦੇਹ ਦੇ ਟੁਕੜੇ ਇਕੱਠੇ ਕਰਨ ਲੱਗੀ ਹਾਂ। ਜਿਸ ਵਕਤ ਉਹਦਾ ਸਿਰ ਚੁੱਕਿਆ ਹੈ। ਕੰਧ 'ਤੇ ਲੱਗੀ ਗੁਰੂ ਤੇਗ ਬਹਾਦਰ ਦੀ ਫੋਟੋ ਕੰਬੀ ਹੈ। ਕਸ਼ਮੀਰੀ ਪੰਡਿਤਾਂ ਦੀ ਰੱਖਿਆ ਕਰਨ ਵਾਲੇ ਮੋਢਿਆਂ ਤੋਂ ਚਾਦਰ ਲਹਿ ਕੇ ਮੇਰੇ ਸਿਰ ਉਪਰ ਆ ਡਿੱਗੀ ਹੈ। ਮੈਂ ਚਾਦਰ ਚੁੱਕ ਮੱਥੇ ਨਾਲ ਲਾਈ ਹੈ। ਪੁੱਤ ਦੇ ਟੋਟੇ ਚੁੱਕ ਉਸ ਵਿਚ ਪਾਉਣ ਲੱਗੀ ਹਾਂ। ''ਬੀਜੀ!... ਔਹ ਵੇਖੋ!... ਹਿੰਦ ਦੀ ਚਾਦਰ 'ਤੇ ਦਾਗ ਲੱਗ ਗਿਆ....!'' ਚੀਕਾਂ ਮਾਰਦੇ ਕਮਲ ਨੇ ਮੇਰਾ ਹੱਥ ਫੜ ਲਿਆ ਹੈ। ਮੈਂ ਉਸ ਵੱਲ ਝਾਕੀ ਹਾਂ। ਉਸ ਦੀ ਨਜ਼ਰ ਕੰਧ 'ਤੇ ਲੱਗੀ ਗੁਰੂ ਤੇਗ ਬਹਾਦਰ ਦੀ ਫੋਟੋ ਉਪਰ ਟਿਕੀ ਹੋਈ ਹੈ। ਮੇਰੀ ਸੁਰਤੀ ਹਿੰਦ ਦੀ ਚਾਦਰ ਨੂੰ ਲੱਗੇ ਦਾਗ ਉਪਰ ਟਿਕੀ ਹੋਈ ਹੈ। ਜਿਸ ਗੁਰੂ ਨੇ ਹਿੰਦੂਆਂ ਦੀ ਜਬਰੀ ਧਰਮ ਬਦਲੀ ਦਾ ਵਿਰੋਧ ਕਰਦਿਆਂ ਆਪਣਾ ਸੀਸ ਵਾਰ ਦਿੱਤਾ। ਉਸ ਗੁਰੂ ਦੇ ਸਿੱਖਾਂ ਨੂੰ ਬਚਾਉਣ ਲਈ ਦਿੱਲੀ ਵਿਚ ਚੁੱਪ ਕਿਉਂ ਵਰਤ ਗਈ ਹੈ!

''ਸ਼ਸ਼ਸ਼ਸ਼...ਸ਼...ਸ਼...ਅ...ਅ....ਅ...!!!'' ਡਰੇ ਬੈਠੇ ਕਮਲ ਨੇ ਮੇਰੇ ਮੂੰਹ ਉਪਰ ਉਂਗਲ ਰੱਖ ਦਿੱਤੀ ਹੈ। ਚੁੱਪ ਰਹਿਣ ਦਾ ਇਸ਼ਾਰਾ ਕਰ ਉਹਨੇ ਗਲੀ ਵੱਲ ਉਂਗਲ ਕੀਤੀ ਹੈ। ਗਲੀ ਵਿਚ ਮਹਾਂ ਸਿੰਘ ਤੁਰਿਆ ਫਿਰਦਾ ਹੈ। ਉਹ ਰੋਜ਼ ਰਾਤ ਨੂੰ ਪੁੱਤ ਦੀ ਲਾਸ਼ ਦੇ ਟੋਟੇ ਲੱਭਣ ਆਉਂਦਾ ਹੈ। ਮੈਂ ਉਹਦੀ ਕਹਿਣੀ - ਕਰਨੀ ਉਪਰ ਹੈਰਾਨ ਹਾਂ। ਉਹ ਤਾਂ ਕਹਿੰਦਾ ਸੀ ਮੇਰਾ ਪੁੱਤ ਮੁਕਤ ਹੋ ਗਿਆ। ਜੇਕਰ ਉਹ ਮੁਕਤ ਹੋ ਗਿਆ। ਫਿਰ ਮਹਾਂ ਸਿੰਘ ਦੀ ਰੂਹ ਕਿਉਂ ਭਟਕਦੀ ਫਿਰਦੀ ਹੈ! ''ਦਿੱਲੀ ਵਿਚ ਮੋਇਆਂ ਨੂੰ ਮੁਕਤੀ ਨਹੀਂ ਮਿਲਦੀ....!''

ਕੋਈ ਇੰਦਰ ਦੀ ਆਵਾਜ਼ ਵਿਚ ਬੋਲਿਆ ਹੈ। ਹੌਲੀ ਦੇਣੀ ਦਰਵਾਜ਼ਾ ਖੜ੍ਹਕਿਆ ਹੈ। ਮੇਰਾ ਹੱਥ ਤਲਵਾਰ ਦੀ ਹੱਥੀ ਵੱਲ ਨੂੰ ਸਰਕਣ ਲੱਗਾ ਹੈ। ''ਜਦੋਂ ਤਲਵਾਰ ਚੁੱਕਣ ਦਾ ਵੇਲਾ ਸੀ!.. ਉਦੋਂ ਤਾਂ ਕਿਸੇ ਨੇ ਚੁੱਕੀ ਨਹੀਂ...!'' ਤ੍ਰਿਲੋਕਪੁਰੀ ਦੀਆਂ ਔਰਤਾਂ ਦਾ ਮਿਹਣਾ ਮੇਰੀ ਹਿੱਕ ਵਿਚ ਵੱਜਾ ਹੈ। ਦਿਲ ਦੀ ਧੜਕਣ ਤੇਜ਼ ਹੋ ਗਈ ਹੈ। ਮੈਂ ਕਮਲ ਦੀ ਛਾਤੀ ਉਪਰ ਹੱਥ ਰੱਖਿਆ। ਉਹਦੀ ਧੜਕਣ ਵੀ ਤੇਜ਼ ਹੈ। ਮੈਂ ਹੌਲੀ ਦੇਣੀ ਤਲਵਾਰ ਚੁੱਕੀ ਹੈ। ਦਰਵਾਜ਼ੇ ਵੱਲ ਨੂੰ ਸਰਕੀ ਹਾਂ। ਵਿਰਲਾਂ ਵਿਚ ਤਲਵਾਰ ਦੀ ਨੋਕ ਫੇਰੀ ਹੈ। ਗਾਚੀ ਕਿਰ ਗਈ ਹੈ। ਮੈਂ ਇਕ ਵਿਰਲ ਨਾਲ ਅੱਖ ਲਾਈ ਹੈ। ਗਲੀ ਵਿਚ ਹਨੇਰਾ ਹੈ। ਸਾਰੀ ਗਲੀ ਔਰਤਾਂ ਨਾਲ ਭਰੀ ਪਈ ਹੈ। ਸਿਰਾਂ ਉਪਰ ਚਿੱਟੀਆਂ ਚੁੰਨੀਆਂ।

ਸੁੰਨੀਆਂ ਬਾਹਵਾਂ। ਲੰਮੇ ਘੁੰਡ ਕੱਢੀਂ ਉਹ ਉਜੜੇ ਸੁਹਾਗ ਮੰਗਦੀਆਂ ਹਨ। ਮੈਂ ਉਨ੍ਹਾਂ ਦੀ ਸੁੱਖ ਮੰਗਦੀ ਹਾਂ। ਕਿਤੇ ਫਿਰ ਦੰਗਾਕਾਰੀਆਂ ਦੀ ਭੀੜ ਆ ਗਈ। ਇਕ ਵੀ ਔਰਤ ਜਿਊਂਦੀ ਨਹੀਂ ਬਚਣੀ । ਉਹ ਤਾਂ ਪਹਿਲਾਂ ਹੀ ਮਰੀਆਂ ਹੋਈਆਂ ਹਨ। ''ਨਹੀਂ ਅਸੀਂ ਮਰੀਆਂ ਨਹੀਂ!.... ਉਨ੍ਹਾਂ ਨੇ ਸਾਡੀ ਰੂਹ ਮਾਰ ਦਿੱਤੀ ਐ!... ਸਾਨੂੰ ਬਚਾ ਲਓ!... ਉਹ ਆ ਗਏ!.. ਦਰਵਾਜ਼ਾ ਖੋਲ੍ਹੋ !.... ਸਾਨੂੰ ਬਚਾ ਲਓ!... ਦਰਵਾਜ਼ਾ ਖੋਲ੍ਹੋ...!''

ਖੇਹ-ਖਰਾਬ ਹੋਈਆਂ ਦੇਹਾਂ ਦਰਵਾਜ਼ਿਆਂ ਉਪਰ ਦੁਹੱਥੜ ਮਾਰਨ ਲੱਗੀਆਂ ਹਨ।


**(ਬਾਕੀ ਅਗਲੇ ਅੰਕ ਵਿਚ)**

(ਬਾਕੀ ਅਗਲੇ ਅੰਕ ਵਿਚ)

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ (30 ਅਗਸਤ 1604)



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਦੀਦੀ ਗੁਰੂ ਹਨ। ਇਹ ਇਕ ਅਜਿਹਾ ਗ੍ਰੰਥ ਹੈ, ਜਿਸਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ, ਜਿਸਦੀ ਸਿੱਖਿਆ ਜਨ ਕਲਿਆਣ ਵਾਸਤੇ ਹੈ। ਇਸ ਵਿਚ ਕੇਵਲ ਅਧਿਆਤਮਕ ਉਚਾਈਆਂ ਹੀ ਨਹੀਂ, ਸਗੋਂ ਸਮੁੱਚੇ ਜੀਵਨ ਮਾਰਗ ਅਤੇ ਸਾਵੀ ਪੱਧਰੀ ਜੀਵਨ ਜਾਚ ਤੇ ਵਰਤਮਾਨ ਜੀਵਨ ਉਚਾਈ ਦਾ ਅਨਮੋਲ ਖਜ਼ਾਨਾ ਹੈ। ਮਨੁੱਖ ਦੀਆਂ ਸਮੱਸਿਆਵਾਂ ਦਾ ਹੱਲ ਹੈ।

ਅਗਿਆਨਤਾ ਅਤੇ ਵਹਿਮਾਂਭਰਮਾਂ ਵਿਚ ਭਟਕਦੀ ਮਨੁੱਖਤਾ ਨੂੰ ਰਾਹ ਦਿਖਾਉਣ ਲਈ ਅਵਤਾਰੀ ਪੁਰਸ਼ ਸੰਸਾਰ ਵਿਚ ਆਉਂਦੇ ਹਨ। ਰੱਬੀ ਬਾਣੀ ਰਾਹੀਂ ਮਨੁੱਖਤਾ ਨੂੰ ਸਤਿ-ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੰਦੇ ਹਨ। ਸਿੱਖ ਧਰਮ ਦੀ ਬੁਨਿਆਦ ਸਤਿ ਤੇ ਰੱਖੀ ਗਈ ਹੈ, ਜਿਸਦਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਪ੍ਰਾਪਤ ਹੁੰਦਾ ਹੈ। ਸਿੱਖਿਆ ਸਮੁੱਚੀ ਮਾਨਵ ਜਾਤੀ ਵਾਸਤੇ ਹੈ। ਖੱਤਰੀ, ਬ੍ਰਾਹਮਣ, ਸੂਦ ਵੈਸ਼ ਉਪਦੇਸੁ ਚਹੁ ਵਰਨਾ ਕਉ ਸਾਂਝਾ।। ਗੁਰੂ ਗ੍ਰੰਥ ਸਾਹਿਬ ਵਿਚਅ ਭਾਵਨਾ, ਚਿੰਤਨ ਅਤੇ ਦ੍ਰਿਸ਼ਟੀਕੋਣ ਵਿਸ਼ਵ ਵਿਆਪੀ ਹੈ। ਗੁਰੂਆਂ ਨੇ ਦੇ-ਹਧਾਰੀ ਗੁਰੂਆਂ ਦੀ ਪੂਜਾ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ ਹੈ, ਜੋ ਸਦੀਵੀ ਸ਼ਬਦ ਰੂਪੀ ਗੁਰੂ ਹੈ। ਗੁਰਬਾਣੀ ਗੁਰੂ ਦਾ ਉਪਦੇਸ਼ ਨਿਰੰਕਾਰ ਨਾਲ ਜੁੜਨ ਦੀ ਜਾਚ ਦੱਸਦਾ ਹੈ। ਸਿੱਖ ਗੁਰੂਆਂ ਅਤੇ ਹੋਰ ਸੰਤਾਂ ਭਗਤਾਂ ਦੀ ਬਾਣੀ ਇਕ ਵਡਮੁੱਲੀ ਸਿੱਖਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਸੁੱਖ ਆਸਣ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸਾਹਿਬ ਵਿਖੇ ਕੀਤਾ ਜਾਂਦਾ ਹੈ। ਇਹ ਸਿੱਖ ਧਰਮ ਦੀ ਸ਼ਰਧਾ ਦਾ ਕੇਂਦਰੀ ਧੁਰਾ ਹੈ, ਇਸਦੀ ਆਰੰਭਤਾ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਲੈ ਕੇ ਪਹਿਲੇ ਪੰਜ ਗੁਰੂਆਂ ਦੀ ਬਾਣੀ ਅਤੇ ਸੰਤਾਂ, ਭਗਤਾਂ, ਭੱਟਾਂ ਅਤੇ ਸਿੱਖ ਬਾਣੀਕਾਰਾਂ ਦੀ ਬੜੀ ਪਵਿੱਤਰ ਰਚਨਾ ਨੂੰ ਸੰਭਾਲਿਆ ਗਿਆ ਹੈ। ਜਿਹਨਾਂ ਦਾ ਵੇਰਵਾ ਹੈਕਿ 6 ਸਿੱਖ ਗੁਰੂ, 15 ਭਗਤ, 11 ਭਟ ਤੇ 4 ਗੁਰ ਸੇਵਕ ਦੀ ਬਾਣੀ ਦਰਜ ਹੈ। ਇਹ ਰਚਨਾ ਬੰਦਗੀ ਅਤੇ ਪ੍ਰਭੂ ਮਿਲਾਪ ਦਾ ਰਾਹ ਦੱਸਦੀ ਹੈ। ਰੱਬੀ ਬਾਣੀ ਜੋ ਪ੍ਰਚੱਲਿਤ ਆਰੀਆ ਭਾਸ਼ਾ ਦਾ ਮਿਸ਼ਰਣ ਹੈ। ਬਾਣੀਕਾਰਾਂ ਦੇ ਰੱਬੀ ਬੋਲ ਵੱਖ ਵੱਖ ਬੋ-ਲੀਆਂ ਵਿਚ ਪ੍ਰਾਪਤ ਹੁੰਦੇ ਹਨ। ਪਹਿਲਾਂ ਧਰਮ ਗ੍ਰੰਥ ਸੰਸਕ੍ਰਿਤ ਅਤੇ ਫਾਰਸੀ ਭਾਸ਼ਾ ਵਿਚ ਪ੍ਰਾਪਤ ਹੁੰਦੇ ਸਨ, ਜੋ ਆਮ ਆਦਮੀ ਦੀ ਸਮਝ ਤੋਂ ਬਾਹਰ ਸਨ। ਗ੍ਰੰਥਾਂ ਦੀ ਵਿਆਖਿਆ ਪੰਡਤ ਅਤੇ ਮੌਲਵੀ ਕਰਦੇ ਸਨ। ਜੋ ਆਪਣੇ ਖਾਸ ਹਿੱਤ ਪਾਲਦੇ ਸਨ। ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿੱਤ ਵਿਹਾਰ ਵਿਚ ਵਰਤੀ ਜਾਂਦੀ ਲੋਕ ਭਾਸ਼ਾ, ਸੰਤ ਭਾਸ਼ਾ ਦੀ ਸ਼ਬਦਾਵਲੀ ਹੈ, ਜੋ ਕਾਵਿ ਰੂਪ ਵਿਚ ਸਾਹਿਤ ਦੀ ਬੇਸ਼ਕੀਮਤੀ ਵੰਨਗੀ ਹੈ। ਇਸ ਪ੍ਰਮਾਤਮਾ ਦੀ ਉਸਤੱਤ ਨੂੰ ਜਦੋਂ ਰਾਗਾਂ ਵਿਚ ਗਾਇਆ ਜਾਂਦਾ ਹੈ ਤਾਂ ਕਾਵਿਕ ਸੰਗੀਤ ਦਾ ਰਹੱਸਮਈ ਪ੍ਰਵਾਹ ਚਲਦਾ ਹੈ, ਜੋ ਆਤਮਕ ਸ਼ਾਂਤੀ ਪ੍ਰਦਾਨ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਪੋਥੀ ਰੂਪ ਵਿਚ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸੌਂਪੀ ਗਈ, ਜਿਹਨਾਂ ਨੇ ਇਸਨੂੰ ਸੰਭਾਲਿਆ, ਸਤਿਕਾਰਿਅ ਤੇ ਅਗਾਂਹ ਤੋਰਿਆ। ਪੋਥੀ ਪਰਮੇਸ਼ਰ ਕਾ ਥਾਨ।। ਸ੍ਰੀ ਗੁਰੂ ਗ੍ਰੰਥ ਸਾਬਿ ਜੀ ਦਾ ਪ੍ਰਕਾਸ਼ ਪ੍ਰਮਾਤਮਾ ਦਾ ਪ੍ਰਕਾਸ਼ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣਾ ਪ੍ਰਮਾਤਮਾ ਨੂੰ ਮੱਥਾ ਟੇਕਣਾ ਹੈ। ਅਕਾਲ ਪੁਰਖ ਨੂੰ ਮੱਥਾ ਟੇਕਣਾ ਹੈ। ਫਿਰ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਸਾਹਿਬ ਤੋਂ ਇਕੱਤਰ ਹੁੰਦੀ ਗਈ, ਜਿਸਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਇਆ। ਬਾਣੀ ਦੀ ਘੋਖ ਅਤੇ ਵਾਚਨਾ ਰਾਮ ਸਰੋਵਰ ਦੇ ਰਮਣੀਕ ਕੰਢੇ 'ਤੇ ਨਿਭਾਈ ਗਈ। ਗੁਰੂ ਅਰਜਨ ਦੇਵਜੀ ਨੇ ਇਕੱਤਰ ਹੋਈ ਸਮੁੱਚੀ ਬਾਣੀ ਨੂੰ 31 ਰਾਗਾਂ ਵਿਚ ਤਰਤੀਬ ਦੇ ਕੇ 30 ਅਗਸਤ 1904 ਨੂੰ ਆਦਿ ਗ੍ਰੰਥ ਸੰਪੰਨ ਹੋਏ। ਸਤੰਬਰ 1, 1604 ਨੂੰ ਆਦਿ ਗ੍ਰੰਥ ਨਗਰ ਕੀਰਤਨ ਦੇ ਰੂਪ ਵਿਚ ਬੜੀ ਸ਼ਾਨ ਨਾਲ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਸਾਹਿਬ ਜੀ ਦੇ ਨਾਲ ਸੰਗਤਾਂ ਵੀ ਆਦਿ ਗ੍ਰੰਥ ਜੀ ਦੀ ਹਜ਼ੂਰੀ ਵਿਚ ਬੈਠੀਆਂ। ਪਹਿਲਾ ਹੁਕਮਨਾਮਾ ਪ੍ਰਾਪਤ ਹੋਇਆ- ਸੂਹੀ ਮਹਲਾ ਪੰਜਵਾਂ।। ਸੰਤਾ ਕੇ ਕਾਰਜਿ ਆਪਿ ਪਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ।। ਅੰਗ 703 ਆਦਿ ਗ੍ਰੰਥ ਜੀ ਨੂੰ ਹੋਰ ਵਿਸ਼ਾਲ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਸਾਬਿ ਜੀ ਦੀ ਬਾਣੀ ਇਕੱਤਰ ਕਰਦਿਆਂ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ 1705 ਵਿਚ ਮੁਕੰਮਲ ਕੀਤਾ। ਨਾਲ ਹੀ ਪੁਨਰ ਸੰਪਾਦਨ ਕੀਤਾ। ਅਗਤੂਬਰ 20, 1708 ਨੂੰ ਸਮੁੱਚੀ ਬਾਣੀ ਨੂੰ ਨੰਦੇੜ ਸਾਹਿਬ ਵਿਖੇ ਗੁਰਿਆਈ ਆਦਿ ਗ੍ਰੰਥ ਨੂੰ ਸੌਂਪੀ ਗਈ ਤੇ ਨਾਮ ਗੁਰੂ ਗ੍ਰੰਥ ਸਾਹਿਬ ਹੋ ਗਿਆ। ਗੁਰਾਂ ਨੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਚੱਲਣ ਦਾ ਆਦੇਸ਼ ਦਿੱਤਾ। ਉਹਨਾਂ ਦੇ ਹੁਕਮ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਹੀ ਹਰ ਸਿੱਖ ਦੇ ਗੁਰੂ ਹਨ। ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਸੰਗਤਾਂ ਵਿਚ ਵੰਡੇ। ਹੁਣ 1430 ਅੰਗਾਂ ਵਾਲੀ ਬੀੜ ਦੀ ਛਪਾਈ ਦੀ ਮਾਨਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਕੋਲ ਰਾਖਵੀ ਹੈ। ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਧਾਰਮਿਕ ਅਤੇ ਸਮਾਜਿਕ ਕਾਰਜਾਂ ਦੀ ਅਗਵਾਈ ਕਰਦੇ ਹਨ। ਸੰਗਤਾਂ ਦੇ ਅਥਾਹ ਵਿਸ਼ਵਾਸ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ। ਭਾਵੇਂ ਵਿਚ ਰਹਿ ਕੇ ਚੜ੍ਹਦੀਕਲਾ ਦਾ ਵਿਸ਼ਵਾਸ ਮਿਲਦਾ ਹੈ, ਉਤਸ਼ਾਹ ਵਧਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਰਧਾ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਨੇ ਸਤੰਤਰ ਖਾਲਸਾ ਸਾਮਰਾਜ ਦੀ ਨੀਂਹ ਰੱਖੀ। ਉਸਨੂੰ ਵਿਸ਼ਾਲਤਾ ਬਖਸ਼ ਕੇ ਸਥਾਪਤ ਕੀਤਾ। ਉਹਨਾਂ ਦਾ ਜੀਵਨ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਹੀ ਕੇਂਦਰਿਤ ਰਿਹਾ। ਮਹਾਰਾਜਾ ਰਣਜੀਤ ਸਿੰਘ ਪੰਥ ਦੇ ਸਮਾਗਮਾਂ ਵੇਲੇ ਹਰਿਮੰਦਰ ਜਾ ਕੇ ਮੱਥਾ ਟੇਕਦੇ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ। ਸਿੱਖਾਂ ਵਾਸਤੇ ਸ਼ਰਧਾ ਦਾ ਇਕੋ ਇਕ ਸਮੁੱਚਾ ਗ੍ਰੰਥ ਹੈ। ਇਸ ਤੋਂ ਇਲਾਵਾ ਕਿਸੇ ਦੇਹਧਾਰੀ ਜਾਂ ਮੂਰਤੀ ਨੂੰ ਨਹੀਂ ਮੰਨਿਆ ਜਾਂਦਾ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਇਸ ਧਾਰਮਿਕ ਗ੍ਰੰਥ ਨੂੰ ਹੀ ਗੁਰੂ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਜੀਵਨ ਮਾਰਗ ਦਾ ਪ੍ਰੇਰਨਾ ਸਰੋਤ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਬਿਨਾਂ ਭੇਦਭਾਵ ਦੇ ਸੰਸਾਰ ਵਿਚ ਸੰਚਾਰਨ ਦੀ ਲੋੜ ਹੈ। ਅੰਤਿਕਾ- ਹੇ ਨਾਨਕ! ਜੋ ਮਨੁੱਖ ਸਦਾ ਉੱਚੇ ਆਤਮਕ ਮੰਡਲ ਵਿਚ ਵੱਸਦਾ ਹੈ, ਉਸ ਅੰਦਰ ਆਤਮਕ ਭਾਵ ਪੈਦਾ ਹੁੰਦੇ ਹਨ। ਆਤਮਕ ਗੁਣਾਂ ਨਾਲ ਉਹ ਡੂੰਘੀ ਸਾਂਝ ਪਾਈ ਰੱਖਦਾ ਹੈ। ਆਤਮਕ ਗੁਣਾਂ ਵਿਚ ਉਸਦੀ ਸੁਰਤਿ ਜੁੜੀ ਰਹਿੰਦੀ ਹੈ। ਉਸਦੇ ਮਨ ਨੂੰ ਪ੍ਰਮਾਤਮਾ ਦਾ ਨਾਮ ਪਿਆਰਾ ਲੱਗਦਾ ਹੈ। ਉਹ ਸਿਮਰਦਾ ਹੈ, ਪ੍ਰੇਰਦਾ ਹੈ। ਉਹ ਸਦਾ ਜਗਤ ਮੂਲ ਪ੍ਰਭੂ ਦੀ ਹੀ ਸਿਫਤ ਸਲਾਹ ਕਰਦਾ ਹੈ। ਗੁਰੂ ਪੀਰ ਦੇ ਸ਼ਬਦ ਨੂੰ ਹਿਰਦੇ ਵਿਚ ਟਿਕਾ ਕੇ ਉਹ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ। ਪਰ ਗੁਰ-ਸ਼ਬਦ ਤੋਂ ਖੁੰਝ ਕੇ ਜਗਤ ਮਾਇਆ ਮੋਹ ਦੇ ਵਿਚ ਕਮਲਾ ਹੋਇਆ ਫਿਰਦਾ ਹੈ। ਉਹ ਪੂਰਨ ਤਿਆਗੀ ਮਨੁੱਖ ਅਡੋਲ ਆਤਮਕ ਅਵਸਥਾ ਵਿਚ ਟਿਕ ਕੇ ਚੰਗੇ ਭਾਗਾਂ ਵਾਲਾ ਬਣ ਜਾਂਦਾ ਹੈ। ਉਸਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਯਾਦ ਨੂੰ ਹੀ ਆਪਣਾ ਜੀਵਨ ਨਿਸ਼ਾਨਾ ਮੰਨਦਾ ਹੈ। (ਅੰਗ 634-635)

## ਗਰੀਬੀ ਰੇਖਾ' ਇੱਕ ਪਾਰਟੀ ਤੋਂ ਘੁੰਮ ਦੂਸਰੀ ਪਾਰਟੀ ਵੱਲ

ਮੇਰੀ ਅਤੇ ਸਾਥੀ ਅਧਿਆਪਕ ਦੀ ਡਿਊਟੀ ਗਰੀਬੀ ਸਬੰਧੀ ਸਰਵੇ ਕਰਨ ਲਈ ਲੱਗੀ ਸੀ।ਫਾਰਮ ਦੇਣ ਲੱਗਿਆਂ ਆਦਰਸ਼ਵਾਦੀ ਭਾਸ਼ਣ ਅਤੇ ਅਸਿੱਧੇ ਢੰਗ ਨਾਲ ਕਾਨੂੰਨ ਦਾ ਡਰ ਦਿਖਾ ਕੰਮ ਵਧੀਆ ਅਤੇ ਇਮਾਨਦਾਰੀ ਨਾਲ ਕਰਨ ਲਈ ਕਿਹਾ ਗਿਆ। ਸਰਵੇ ਦੌਰਾਨ ਗਰੀਬਾਂ ਦੀ ਹਾਲਤ ਵੇਖ ਮਨ ਬੜਾ ਖਰਾਬ ਹੁੰਦਾ। ਘੁਰਨਿਆਂ ਵਰਗੇ ਨਿੱਕੇ-ਨਿੱਕੇ ਘਰ, ਟੁਟਿਆ-ਫੁਟਿਆ ਸਮਾਨ, ਅੱਧਨੰਗੇ ਫਿਰਦੇ ਬੱਚੇ। ਇਨ੍ਹਾਂ ਗਰੀਬਾਂ ਨੂੰ ਸਰਕਾਰੀ ਸਹੂਲਤਾਂ ਦਾ ਕੋਈ ਵੀ ਲਾਭ ਨਹੀਂ ਸੀ ਮਿਲ ਰਿਹਾ।ਜਿਹੜੇ ਲੋਕ ਗਰੀਬੀ ਲਾਭ ਲੈ ਰਹੇ ਸੀ, ਉਹ ਘਰ ਸਧਾਰਨ ਹੀ ਨਹੀਂ ਸਗੋਂ ਚੰਗੇ ਭਲੇ ਅਮੀਰ ਸਨ। ਦਸ ਦਿਨ ਦਾ ਕੰਮ ਅਸੀਂ ਛੇਤੀ ਤੋਂ ਛੇਤੀ ਨਿਬੇੜਨਾ ਚਾਹੁੰਦੇ ਸੀ ਤਾਂ ਕਿ ਬੱਚਿਆਂ ਦਾ ਨੁਕਸਾਨ ਪੜ੍ਹਾਈ ਵੱਲੋਂ ਘੱਟ ਤੋਂ ਘੱਟ ਹੋਵੇ। ਕੰਮ ਲੱਗਭੱਗ ਨਿਬੜਨ ਵਾਲਾ ਸੀ ਤਾਂ ਸਰਪੰਚ ਨੇ ਸੁਨੇਹਾ ਭੇਜ ਘਰ ਬੁਲਾ ਲਿਆ। ਰਸਮੀ ਹਾਲ ਚਾਲ ਤੋਂ ਬਾਅਦ ਇੱਕ ਲੰਬੀ ਲਿਸਟ ਫੜਾ ਦਿੱਤੀ ਕਿ ਕਿਹੜੇ ਘਰ ਕੱਟਣੇ ਹਨ ਅਤੇ ਕਿਹੜੇ ਨਵੇਂ ਸ਼ਾਮਿਲ ਕਰਨੇ ਹਨ। ਅਸੀਂ ਅਜਿਹਾ ਕਰਨ ਤੋਂ ਝਿਜਕ ਰਹੇ ਸੀ ਤਾਂ ਸਰਪੰਚ ਨੇ ਆਪਣਾ ਮੋਬਾਇਲ ਮਿਲਾ ਸਾਨੂੰ ਸਥਾਨਕ ਵਿਧਾਇਕ ਨਾਲ ਗੱਲ ਕਰਨ ਲਈ ਕਿਹਾ। "ਮਾਸਟਰ ਜੀ, ਜਿਹੜੀ ਲਿਸਟ ਸਰਪੰਚ ਨੇ ਬਣਾਈ ਹੈ, ਉਸੇ ਨੂੰ ਫਾਈਨਲ ਕਰਨਾ ਹੈ। ਸਰਕਾਰ ਬਦਲ ਗਈ ਹੈ,ਗਰੀਬ ਵੀ ਬਦਲਣੇ ਹੋਣਗੇ। ਮੈਂ ਨਹੀਂ ਚਾਹੁੰਦਾ ਤੁਹਾਨੂੰ ਮੇਰੇ ਘਰ ਆ..।" ਵਿਧਾਇਕ ਨੇ ਇੱਕ ਤਰ੍ਹਾਂ ਹੁਕਮ ਦੇ ਫੋਨ ਕੱਟ ਦਿੱਤਾ। ਮੈਂ ਨਵੀਂ ਅਤੇ ਪੁਰਾਣੀ ਲਿਸਟ ਵੇਖ ਰਿਹਾ ਸੀ, ਗਰੀਬ ਕਿਸੇ ਵੀ ਲਿਸਟ ਵਿੱਚ ਨਹੀ ਸਨ। ਗਰੀਬੀ ਰੇਖਾ ਇੱਕ ਪਾਰਟੀ ਤੋਂ ਘੁੰਮ ਦੂਸਰੀ ਪਾਰਟੀ ਵੱਲ ਹੋ ਗਈ ਸੀ।

**- ਗੁਰਮੀਤ ਸਿੰਘ ਮਰਾੜ੍ਹ 501400397**






# ਮਹਾਨ ਯੋਧਾ ਕੋਮਰਮ ਭੀਮ



ਹਰਦੀਪ ਸਿੰਘ ਚੁੰਬਰ
+91-94636-01616

ਕੋਮਰਮ ਭੀਮ ਇਕ ਅਜਿਹਾ ਆਦਿਵਾਸੀ ਯੋਧਾ ਸੀ ਜਿਸ ਨੂੰ ਹਰਾਉਣ ਲਈ ਹੈਦਰਬਾਦ ਨਿਜਾਮ ਨੂੰ ਅੰਗਰੇਜਾਂ ਦਾ ਸਹਾਇਤਾ ਲੈਣੀ ਪਈ। ਕੋਮਰਮ ਭੀਮ, ਗੋਂਡਦਾ ਜਨਮ 22 ਅਕਤੂਬਰ 1901 ਨੂੰ ਆਸਿਫਾਬਾਦ ਜ਼ਿਲੇ (ਪੂਰਬੀ ਅਦੀਲਾਬਾਦ ਜ਼ਿਲਾ) ਦੇ ਪਿੰਡ ਸਨਕੇਪੱਲੀ ਵਿੱਚ ਹੋਇਆ ਸੀ। ਭੀਮ ਦਾ ਬਚਪਨ ਬਾਹਰੀ ਦੁਨੀਆਂ ਤੋਂ ਅਣਜਾਣ ਬੀਤਿਆ, ਉਸਨੇ ਕੋਈ ਰਸਮੀ ਤੌਰ ਦੀ ਸਿੱਖਿਆ ਪ੍ਰਾਪਤ ਨਹੀਂ ਕੀਤੀ ਅਤੇ ਆਪਣੇ ਸਮਾਜ ਦੀਆਂ ਮੁਸ਼ਕਲਾਂ ਅਤੇ ਤਜ਼ਰਬਿਆਂ ਨੂੰ ਵੇਖਦਿਆਂ ਵੱਡਾ ਹੋਇਆ। ਭੀਮ ਜੰਗਲਾਤ ਪੁਲਿਸ (ਫੌਰੈਸਟ ਗਾਰਡ), ਕਾਰੋਬਾਰੀਆਂ ਅਤੇ ਜ਼ਿਮੀਂਦਾਰਾਂ ਦੁਆਰਾ ਆਦਿਵਾਸੀਆਂ ਦੇ ਸ਼ੋਸ਼ਣ ਨੂੰ ਵੇਖਦਾ ਹੋਇਆ ਵੱਡਾ ਹੋਇਆ। ਉਹ ਲੋਕ ਇਕ ਜਗ੍ਹਾ ਤੋਂ ਦੂਜੀ ਥਾਂ ਭਟਕਦੇ ਸਨ ਅਤੇ ਇਸ ਤਰ੍ਹਾਂ ਜਗਾ ਬਦਲਕੇ ਉਹ ਵਪਾਰੀਆਂ ਅਤੇ ਅਧਿਕਾਰੀਆਂ ਦੇ ਸ਼ੋਸ਼ਣ ਅਤੇ ਜਬਰਦਸਤੀਆਂ ਤੋਂ ਆਪਣੇ ਆਪ ਨੂੰ ਬਚਾਉਂਦੇ ਸਨ।"ਪੋਡੂ" ਕਾਸ਼ਤ ਕੀਤੀ ਫਸਲਦੇ ਕੇਸ ਨੂੰ ਨਿਜ਼ਾਮ ਅਧਿਕਾਰੀਆਂ ਕੋਲ ਲੈ ਜਾਂਦੇ ਸਨ ਅਤੇ ਦਲੀਲ ਦਿੰਦੇ ਸਨ ਕਿ ਇਹ ਉਨ੍ਹਾਂ ਦੀ ਜ਼ਮੀਨ ਸੀ। ਉਹ ਦਰੱਖਤ ਵੱਢਣ ਦੇ ਦੋਸ਼ ਵਿੱਚ ਕਬਾਇਲੀ ਬੱਚਿਆਂ ਦੀਆਂ ਉਂਗਲਾਂ ਕੱਟ ਦਿੰਦੇ ਸਨ। ਟੈਕਸ ਜ਼ਬਰਦਸਤੀ ਇਕੱਠਾ ਕਰਦੇ ਸਨ, ਨਾਂ ਦੇਣ ਦੀ ਸੂਰਤ ਵਿੱਚ ਮਾਰਕੁੱਟ, ਜਾਅਲੀ ਕੇਸ ਦਾਇਰ ਕਰ ਪ੍ਰੇਸਾਨ ਕਰਦੇ ਸਨ। ਖੇਤੀਬਾੜੀ ਪੈਦਾਵਾਰ ਵਿਚੋਂ ਟੈਕਸ ਦੇਣ ਤੋਂ ਬਾਅਦ ਜਦੋਂ ਉਨ੍ਹਾਂ ਦੇ ਹੱਥਾਂ ਵਿਚ ਕੁਝ ਵੀ ਨਹੀਂ ਬਚਦਾ ਸੀ, ਤਾਂ ਬਹੁਤ ਸਾਰੇਲੋਕਾਂ ਨੇ ਪਿੰਡ ਤੋਂ ਪਵਾਸ ਕਰਨਾ ਸ਼ੁਰੂ ਕਰ ਦਿੰਦੇ ਸਨ। ਉਸ ਸਮੇਂ ਇਹ ਖੇਤਰ ਅਸਫ ਜਾਹੀ ਦੇ ਰਾਜ ਹੇਠ ਸੀ। ਜਦੋਂ ਕੋਮਰਮ ਭੀਮ ਸਿਰਫ 19 ਸਾਲਾਂ ਦਾ ਸੀ, ਉਸ ਦੇ ਪਿਤਾ ਨੂੰ ਨਿਜ਼ਾਮ ਅਧਿਕ-ਾਰੀਆਂ ਨੇ ਮਾਰ ਦਿੱਤਾ, ਕਿਉਂਕਿ ਉਹ ਆਦਿਵਾਸੀਆਂ ਲਈ ਲੜ ਰਿਹਾ ਸੀ। ਪਿਤਾ ਦੀ ਮੌਤ ਤੋਂ ਬਾਅਦ, ਕੋਮਰਮ ਭੀਮ ਦਾ ਪਰਿਵਾਰ ਕੈਰੀਮਿਲਾ ਪਿੰਡ ਚਲਾ ਗਿਆ। 1940 ਵਿਚ ਅਕਤੂਬਰ ਮਹੀਨੇ ਵਿਚ ਪਟਵਾਰੀ ਲਕਸ਼ਮਣ ਰਾਓ, ਨਿਜ਼ਾਮ ਦੇ ਪੱਟੇਦਾਰ ਸਿਦੀਕੀ 10 ਹੋਰ ਲੋਕਾਂ ਨਾਲ ਪਿੰਡ ਆਇਆ ਅਤੇ ਲੋਕਾਂ ਨਾਲ ਬਦਸਲੂਕੀ ਕੀਤੀ ਅਤੇ ਜਬਰੀ ਲਗਾਨ ਵਸੂਲਣ ਲਈ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਲੋਕਾਂ ਨੇ ਇਸਦਾ ਵਿਰੋਧ ਕੀਤਾ। ਪਰ ਫਿਰ ਵੀ ਨਿਜ਼ਾਮਰਾਜ ਦੇ ਜਗੀਰਦਾਰ ਸਿਦੀਕੀ ਨੇ ਗੋਂਡ ਪ੍ਰਿਵਾਰਾਂ ਉਤੇ ਜ਼ਿਆਦਾ ਟੈਕਸ ਲਗਾ ਕੇ ਉਨ੍ਹਾਂ ਦੀ ਜ਼ਮੀਨ ਖੋਹ ਲਈ ਇਸ ਵਿਚ ਕੋਮਰਮ ਭੀਮ ਦੀ ਜਮੀਨ ਵੀ ਸੀ। ਕੋਮਰਮ ਭੀਮ ਨੇ ਇਸ ਨੂੰ ਬਰਦਾਸ਼ਤ ਨਹੀਂ ਕੀਤਾ। ਉਸਨੇ ਗੋਂਡ ਦੇ ਲੋਕਾ ਦਾ ਸਮੂਹ ਬਣਾਕੇ ਸਿਦਿੱਕੀ ਅਤੇ ਉਸ ਦੇ ਪਾਲਤੂ ਗੁੰਡਿਆਂ ਦੇ ਵਿਰੁੱਧ ਲੜਾਈ ਲੜੀ ਅਤੇ ਸਿਦਿੱਕੀ ਮਾਰ ਦਿੱਤਾ।

ਨਿਜ਼ਾਮ ਦੀ ਸਰਕਾਰ ਨੇ ਕੋਮਰਮ ਨੂੰ ਮਾਰਨ ਦੀ ਯੋਜਨਾ ਬਣਾਈ ਲਈ ਸੀ। ਇਸ ਘਟਨਾ ਤੋਂ ਬਾਅਦ ਭੀਮ ਆਪਣੇ ਸਾਥੀ ਕੌਂਸਲ ਨਾਲ ਪੈਦਲ ਚੰਦਰਪੁਰ ਗਿਆ। ਉਥੇ ਉਸਦੀ ਇਕ ਪ੍ਰਿੰਟਿੰਗ ਪ੍ਰੈਸ - 'ਵਿਟੋਬਾ' ਦੇ ਮਾਲਕ ਨੇ ਉਹਨਾ ਦੀ ਮਦਦ ਕੀਤੀ ਅਤੇ ਦੋਵਾਂ ਨੂੰ ਆਪਣੇ ਨਾਲ ਕੰਮ ਲਈ ਰੱਖ ਲਿਆ। ਉਹ ਕਰਾਂਤੀਕਾਰੀ ਉਸ ਸਮੇਂ ਨਿਜ਼ਾਮ ਅਤੇ ਬ੍ਰਿਟਿਸ਼ ਦੀਆਂ ਜਿਆਦਤਾਈਆਂ ਦੇ ਵਿਰੁੱਧ ਇੱਕ ਮੈਗਜ਼ੀਨ ਚਲਾ ਰਿਹਾ ਸੀ। ਵਿਟੋਬਾ ਨਾਲ ਰਹਿੰਦਿਆਂ ਭੀਮ ਨੇ ਅੰਗ੍ਰੇਜ਼ੀ, ਹਿੰਦੀ ਅਤੇ ਉਰਦੂ ਸਿੱਖੀ। ਇਸ ਦੇ ਨਾਲ ਹੀ ਕੰਮ ਕਰਦੇ ਸਮੇਂ ਉਹਨਾ ਨਾਲ ਵਿਚਾਰ ਵਾਟਾਂਦਰਾ ਕਰਦੇ ਰਹਿੰਦੇ, ਇਸ ਨਾਲ ਉਹਨਾਂ ਦੀ ਕਰਾਂਤੀਕਾਰੀਵਿਚਾਰਧਾਰ ਹੋਰ ਤਿੱਖੀ ਹੋ ਗਈ। ਕੁਝ ਸਮੇਂ ਬਾਅਦ, ਪੁਲਿਸ ਨੇ ਪ੍ਰੈਸ ਮਾਲਕ ਨੂੰ ਗ੍ਰਿਫਤਾਰ ਕਰ ਲਿਆ ਅਤੇ ਪ੍ਰੈਸ ਬੰਦ ਹੋ ਗਈ। ਭੀਮ ਫਿਰ ਮੰਚੇਰੀਅਲ (ਤੇਲੰਗਾਨਾ) ਰੇਲਵੇ ਸਟੇਸ਼ਨ 'ਤੇ ਮਿਲੇ ਇਕ ਨੌਜਵਾਨ ਨਾਲ ਚਾਹ ਦੇ ਬਾਗ ਵਿਚ ਕੰਮ ਕਰਨ ਲਈ ਅਸਾਮ ਚਲੇ ਗਏ। ਉਥੇ ਉਸਨੇ ਸਾਢੇ ਚਾਰ ਸਾਲ ਕੰਮ ਕੀਤਾ ਅਤੇ ਕੰਮ ਕਰਦਿਆਂ ਚਾਹ ਬਾਗ਼ ਮਜ਼ਦੂਰਾਂ ਦੇ ਹੱਕਾਂ ਲਈ ਮਾਲਕਾਂ ਖਿਲਾਫ ਵਿਰੋਧ ਜਤਾਇਆ। ਇਸ ਸੰਘਰਸ਼ ਦੌਰਾਨ ਭੀਮ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਚਾਰ ਦਿਨਾਂ ਬਾਅਦ, ਉਹ ਜੇਲ੍ਹ ਤੋਂ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਿਆ ਅਤੇ ਇੱਕ ਮਾਲ ਗੱਡੀ ਵਿੱਚ ਸਵਾਰ ਹੋ ਕੇ ਬੱਲਰਸ਼ਾਹ (ਚੰਦਰਪੁਰ ਨੇੜੇ ਇੱਕ ਜਗ੍ਹਾ) ਲਈ ਸਟੇਸ਼ਨ ਪਹੁੰਚ ਗਿਆ। ਅਸਾਮ ਵਿੱਚ ਆਪਣੀ ਰਿਹਾਇਸ਼ ਦੇ ਦੌਰਾਨ, ਉਸਨੇ ਆਲੂਰੀ ਸੀਤਾਰਾਮਰਾਜੂ ਬਾਰੇ ਸੁਣਿਆ ਸੀ, ਜੋ (ਆਂਧਰਾ ਪ੍ਰਦੇਸ਼) ਵਿੱਚ ਆਦਿਵਾਸੀ ਸੰਘਰਸ਼ ਦੀ ਅਗਵਾਈ ਕਰ ਰਿਹਾ ਸੀ। ਉਸਨੇ ਰਾਮਜੀ ਗੋਂਡ ਤੋਂ ਵੀ ਇੱਕ ਭੂਮਿਕਾ ਲਈ, ਜਿਸਨੇ ਅਦੀਲਾਬਾਦ ਵਿੱਚ ਨਿਜ਼ਾਮ ਦੇ ਅੱਤਿਆਚਾਰਾਂ ਵਿਰੁੱਧ ਆਵਾਜ਼ ਬੁਲੰਦ ਕੀਤੀ ਸੀ। ਵਾਪਸ ਆਉਣ ਤੋਂ ਬਾਅਦ ਉਸਨੇ ਆਦਿਵਾਸੀਆਂ ਦੇ ਭਵਿੱਖ ਦੇ ਸੰਘਰਸ਼ ਦੀ ਯੋਜਨਾ ਬਣਾਉਣੀ ਸ਼ੁਰੂ ਕੀਤੀ ਅਤੇ ਲੋਕਾਂ ਨੂੰ ਸੰਗਠਿਤ ਕੀਤਾ। ਮੌਜੂਦਾ ਤੇਲੰਗਾਨਾ ਪਹਿਲਾਂ ਨਿਜ਼ਾਮ ਦਾ ਹੈਦਰਾਬਾਦ ਰਾਜ ਦਾ ਹਿੱਸਾ ਸੀ। ਇਸ ਉਤੇ ਅਫਜ਼ਲਸ਼ੀ ਵਿਰਾਸਤ ਦੇ ਨਵਾਬਾਂ ਨੇ ਰਾਜ ਕੀਤਾ, ਉਸਨੂੰ ਅਜ਼ਾਦੀ ਤੋਂ ਬਾਅਦ 1948' ਚ ਭਾਰਤੀ ਸੰਘ ਸਾਮਲ ਕਰ ਲਿਆ ਗਿਆ। ਨਿਜ਼ਾਮ ਸ਼ਾਸਨ ਦੌਰਾਨ ਬਹੁਤ ਭਾਰੀ ਟੈਕਸ ਲਗਾਏ ਜਾਂਦੇ ਸਨ ਅਤੇ ਆਦਿਵਾਸੀ ਸਮਾਜ ਦੇ ਵੱਡੇ ਪੱਧਰ 'ਤੇ ਜ਼ਮੀਨਦਾਰਾਂ ਦਾ ਸ਼ੋਸ਼ਣ ਅਤੇ ਅੱਤਵਾਦ ਦਾ ਸ਼ਿਕਾਰ ਹੋ ਰਿਹਾ ਸੀ। ਇਹਨਾ ਅਤਿਆਚਾਰਾ ਦੇ ਵਿਰੋਧ ਵਿਚ ਸੋਮਰਾਮ ਭੀਮ ਨੇ ਨਿਜਾਮ ਸਰਕਾਰ ਦੇ ਖਿਲਾਫ ਇਕ ਵੱਡੇ ਅੰਦੋਲਨ ਦੀ ਸੁਰੂਆਤ ਕੀਤੀ। ਜੋੜੇਘਾਟ ਦੇ ਖੇਤਰਾਂ ਵਿਚ ਗਰੀਲਾ ਫੌਜ ਤਿਆਰ ਕਰ 1928 ਤੋਂ ਲੈਕੇ 1940 ਤਕ ਜੰਗ ਜਾਰੀ ਰੱਖੀ ਸੀ।



ਵਾਪਸ ਆਉਣ ਤੋਂ ਬਾਅਦ, ਉਹ ਆਪਣੀ ਮਾਂ ਅਤੇ ਭਰਾ ਸੋਮੂ ਨਾਲ ਕਾਕਨਘਾਟ ਚਲਾ ਗਿਆ। ਉਥੇ ਉਸਨੇ ਲੱਛੂ ਪਟੇਲ ਨਾਲ ਕੰਮ ਕੀਤਾ, ਜੋ ਦੇਵਦਮ ਪਿੰਡ ਦਾ ਮੁਖੀਆ ਸੀ। ਲੱਛੂ ਨੇ ਭੀਮ ਦੇ ਵਿਆਹ ਦੀ ਜ਼ਿੰਮੇਵਾਰੀ ਵੀ ਲਈ ਅਤੇ ਉਸ ਦਾ ਵਿਆਹ ਸੋਮ ਬਾਈ ਨਾਲ ਕਰਾ ਦਿੱਤਾ। ਭੀਮ ਨੇ ਲੱਛੂ ਦੀ ਜ਼ਮੀਨ ਨਾਲ ਜੁੜੇ ਕੇਸ ਨੂੰ ਆਸਿਫਾਬਾਦ ਦੇ ਅਮੀਨਸਾਬ ਦੇ ਸਾਹਮਣੇ ਲਿਆਉਣ ਵਿਚ ਸਹਾਇਤਾ ਕੀਤੀ। ਇਸ ਘਟਨਾ ਨੇ ਭੀਮ ਨੂੰ ਲਾਗਲੇ ਪਿੰਡਾਂ ਵਿਚ ਪ੍ਰਸਿੱਧ ਹੋ ਗਿਆ। ਕੁਝ ਸਮੇਂ ਬਾਅਦ ਭੀਮ ਆਪਣੇ ਪਰਿਵਾਰ ਨਾਲ ਭਾਵੇਜਰੀ ਚਲਿਆ ਗਿਆ ਅਤੇ ਖੇਤੀ ਲਈ ਜੰਗਲ ਦੀ ਜ਼ਮੀਨ ਸਾਫ਼ ਕਰ ਦਿੱਤੀ। ਪਟਵਾਰੀ, ਜੰਗਲਾਤ, ਚੌਕੀਦਾਰ ਫਿਰ ਫ਼ਸਲ ਦੇ ਸਮੇਂ ਪਿੰਡ ਪਹੁੰਚੇ ਅਤੇ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਉਸਨੇ ਭੀਮ ਅਤੇ ਉਸਦੇ ਪਰਿਵਾਰ ਨੂੰ ਧਮਕਾਉਂਦਿਆਂ ਕਿਹਾ ਕਿ ਇਹ ਨਿਜ਼ਾਮ ਸਰਕਾਰ ਦੀ ਜਮੀਨ ਹੈ ਇਹ ਕਹਿਕੇ ਉਹਨਾ ਦੇ ਪ੍ਰੀਵਾਰ ਨੂੰ ਜਮੀਨ ਵਿਚੋਂ ਨਿਕਲਣ ਦੀ ਧਮਕੀ ਦਿਤੀ। ਇਸ ਸਬੰਧ ਵਿਚ ਭੀਮ ਨੇ ਨਿਜ਼ਾਮ ਨੂੰ ਮਿਲਣ ਦਾ ਫੈਸਲਾ ਕੀਤਾ ਤਾਂ ਜੋ ਉਹ ਆਦਿਵਾਸੀਆਂ 'ਤੇ ਹੋ ਰਹੇ ਅੱਤਿਆਚਾਰਾਂ' ਤੇ ਵਿਚਾਰ ਵਟਾਂਦਰੇ ਕਰ ਸਕਣ ਅਤੇ ਇਨਸਾਫ ਦੀ ਮੰਗ ਕਰ ਸਕਣ। ਪਰ ਭੀਮ ਨੂੰ ਮਿਲਣ ਦੀ ਆਗਿਆ ਨਹੀਂ ਮਿਲੀ।ਭੀਮ ਜੋੜੇਘਾਟ ਵਾਪਸ ਪਰਤਿਆ ਅਤੇ ਮਹਿਸੂਸ ਕੀਤਾ ਕਿ ਨਿਜ਼ਾਮ ਸਰਕਾਰ ਦੇ ਵਿਰੁੱਧ 'ਇਨਕਲਾਬ' ਇਕੋ ਇਕ ਹੱਲ ਸੀ। ਉਸਨੇ ਬਾਰ੍ਹਾਂ ਪਿੰਡਾਂ (ਜੋਡੇਘਾਟ, ਪਟਨਪੁਰ, ਭਾਬੇਜਾਰੀ, ਟੋਕੇਨਵਾੜਾ, ਚਲਬਰਿਦੀ, ਸਿਵਾਗੁਡਾ, ਭੀਮਾਨਗੁੰਦੀ, ਕਾਲੇਗਾਓਂ, ਅੰਕੁਸਪੁਰ, ਨਰਸਾਪੁਰ, ਕੋਸ਼ਾਗੁਡਾ, ਲੀਨੇਪੱਟੇਰ) ਦੇ ਆਦਿਵਾਸੀ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਲਾਮਬੰਦ ਕੀਤਾ। ਜ਼ਮੀਨੀ ਅਧਿਕਾਰਾਂ ਲਈ ਸੰਘਰਸ਼ ਲਈ ਇੱਕ ਗੁਰੀਲਾ ਫੌਜ ਵੀ ਬਣਾਈ। ਉਸਨੇ ਇਸ ਖੇਤਰ ਨੂੰ ਇੱਕ ਸੁਤੰਤਰ ਗੋਂਡਵਾਨਾ ਰਾਜ ਐਲਾਨ ਦਿੱਤਾ। ਇਸ ਸਮੇਂ ਹਜਾਰਾਂ ਸਾਲਾਂ ਤੋਂ ਭਾਰਤ ਉਤੇ ਕਬਜਾ ਕਰ ਰਾਜ ਕਰਨ ਵਾਲੇ ਭਾਰਤ ਵਿਚ ਆਰੀਆ ਹਿੰਦੂ ਅਤੇ ਵਿਦੇਸ਼ੀ ਸ਼ਾਸਕ ਮੁਸ਼ਲਮਾਨ ਲੋਕ ਸਿਆਸੀ ਸੰਗਠਨ ਬਣਾਕੇ ਅੰਗਰੇਜਾਂ ਤੋਂ ਅਜ਼ਾਦੀ ਦੀ ਮੰਗ ਕਰ ਰਹੇ ਸਨ। ਪਰ ਉਹਨਾਂ ਦੇ ਸ਼ਾਸਨ ਕਾਲ ਦੋਰਾਨ ਭਾਰਤੀ ਆਦਿਵਾਸੀ ਸਮਾਜ ਉਤੇ ਜ਼ੁੱਲਮਾਂ ਦੀ ਲੜੀ ਬਹੁਤ ਦਰਦਨਾਕ ਹੈ। ਅੰਗਰੇਜਾਂ ਤੋਂ ਬਹੁਤ ਪਹਿਲਾਂ ਆਏ ਵਿਦੇਸ਼ੀ ਸ਼ਾਸਕਾਂ ਦੇ ਸਾਹਮਣੇ ਕੋਮਰਮ ਭੀਮ ਦੀ ਸੁਤੰਤਰ ਆਦਿਵਾਸੀ ਗੋਂਡਵਾਨਾ ਰਾਜ ਸਥਾਪਤ ਕਰਨ ਦੀਹਜਾਰਾਂ ਸਾਲਾਂ ਬਾਅਦ ਉਠੀ ਪਹਿਲੀ ਮੰਗ ਸੀ।

ਅੰਦੋਲਨ ਦੀ ਸ਼ੁਰੂਆਤ 'ਤੁੜੁਮ'(ਢੋਲ) ਦੀ ਆਵਾਜ਼ ਨਾਲ ਹੋਈ। ਗੋਂਡ ਸੈਨਾ ਦੀ ਬਗਾਵਤ ਦੀ ਸ਼ੁਰੂਆਤ ਭਾਬੇਜਾਰੀ ਅਤੇ ਜੋੜੇਘਾਟ 'ਤੇ ਹਮਲਾ ਕਰਕੇ ਹੋਈ। ਇਸ ਬਗਾਵਤ ਬਾਰੇ ਸੁਣਦਿਆਂ ਨਿਜ਼ਾਮ ਸਰਕਾਰ ਘਬਰਾ ਗਈ ਅਤੇ ਭੀਮ ਨਾਲ ਸਮਝੌਤਾ ਕਰਨ ਲਈ ਆਸਿਫਾਬਾਦ ਕੁਲੈਕਟਰ ਨੂੰ ਭੇਜਿਆ। ਨਿਜ਼ਾਮ ਨੇ ਭਰੋਸਾ ਦਿਵਾਇਆ ਕਿ ਕਬਾਇਲੀਆਂ ਨੂੰ ਜ਼ਮੀਨੀ ਪੱਟੇ ਦਿੱਤੇ ਜਾਣਗੇ ਅਤੇ ਸਵੈ-ਸਰਕਾਰ ਲਈ ਵਾਧੂ ਜ਼ਮੀਨ ਕੋਮਰਮ ਭੀਮ ਨੂੰ ਦਿੱਤੀ ਜਾਵੇਗੀ। ਪਰ ਭੀਮ ਨੇ ਉਸ ਦੇ ਪ੍ਰਸਤਾਵ ਨੂੰ ਰੱਦ ਕਰਦਿਆਂ ਕਿਹਾ ਕ ਉਸਦਾ ਸੰਘਰਸ਼ ਨਿਆਂ ਲਈ ਹੈ। ਭੀਮ ਨੇ ਝੂਠੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਰਿਹਾਈ ਦੀ ਮੰਗ ਕੀਤੀ। ਇਸ ਦੇ ਨਾਲ ਹੀ ਸਵੈ-ਰਾਜ (ਸਵੈ ਸ਼ਾਸਨ) ਦੀ ਮੰਗ ਨੂੰ ਮੁੱਖ ਰੱਖਦਿਆਂ ਨਿਜ਼ਾਮ ਨੂੰ ਗੋਂਡ ਲੋਕਾਂ ਦੀ ਜਗ੍ਹਾ ਵਿਚੋਂ ਨਿਲਜਾਣ ਲਈ ਕਿਹਾ। ਜਿਵੇਂ ਹੀ ਇਹ ਬਗਾਵਤ ਸ਼ੁਰੂ ਹੋਈ, ਗੋਂਡ ਆਦਿਵਾਸੀਆਂ ਨੇ ਬੜੇ ਉਤਸ਼ਾਹ ਅਤੇ ਜੋਸ਼ ਨਾਲ ਆਪਣੀ ਧਰਤੀ ਦੀ ਰਾਖੀ ਕੀਤੀ। ਭੀਮ ਦੇ ਦਮਦਾਰ ਭਾਸ਼ਣ ਲੜੀਆਂ ਨੇ ਲੋਕਾਂ ਨੂੰ ਜਲ-ਜੰਗਲ-ਜਮੀਨ ਦੀ ਲਹਿਰ ਵਿਚ ਸ਼ਾਮਲ ਹੋਣ ਲਈ ਉਤਸ਼ਾਹਤ ਕੀਤਾ ਅਤੇ ਭਵਿੱਖ ਨੂੰ ਬਚਾਉਣ ਲਈ ਆਪਣੀ ਆਖ਼ਰੀ ਸਾਹ ਤਕ ਲੜਨ ਦਾ ਫੈਸਲਾ ਲਿਆ। ਕੋਮਰਮ ਭੀਮ ਨੇ ਆਪਣੀ 'ਜਲ- ਜੰਗਲ - ਜ਼ਮੀਨ' ਦਾ ਨਾਅਰਾ ਦੇਣ ਵਾਲਾ ਪਹਿਲਾ ਸਖਸ਼ ਹੈ। ਨਿਜ਼ਾਮ ਸਰਕਾਰ ਨੇ ਭੀਮ ਦੀਆਂ ਮੰਗਾਂ ਨੂੰ ਠੁਕਰਾ ਦਿੱਤਾ ਅਤੇ ਗੋਂਡ ਆਦਿਵਾਸੀਆਂ ਉੱਤੇ ਜ਼ੁਲਮ ਜਾਰੀ ਰਖੇ। ਇਸ ਨਾਲ ਹੀ ਨਿਜ਼ਾਮ ਸਰਕਾਰ ਨੇ ਭੀਮ ਨੂੰ ਮਾਰਨ ਦੀ ਨਵੀਂ ਸਾਜਿਸ਼ ਰਚਣੀ ਸ਼ੁਰੂ ਕਰ ਦਿੱਤੀ। ਤਹਿਸੀਲਦਾਰ ਅਬਦੁੱਲ ਸੱਤਾਰ ਨੇ ਇਸ ਵਹਿਸ਼ੀ ਸਾਜਿਸ਼ ਨੂੰ ਅੰਜ਼ਾਮ ਦਿੱਤਾ ਅਤੇ 300 ਅਤਿਵਾਦੀ ਸਿਪਾਹੀ ਅਲੀਰਾਜਾ ਬ੍ਰਾਂਡਜ਼ ਦੇ ਨਾਲ ਬਾਘੇਜਾਰੀ ਅਤੇ ਜੋੜੇਘਾਟ ਦੀਆਂ ਪਹਾੜੀਆਂ ਤੇ ਭੇਜ ਦਿੱਤੇ। ਨਿਜ਼ਾਮ ਸਰਕਾਰ ਦੀ ਫੌਜ, ਭੀਮ ਅਤੇ ਉਸ ਦੀ ਫੌਜ ਨੂੰ ਫੜਨ ਵਿੱਚ ਅਸਫਲ ਰਹੀ। ਨਿਜਾਮ ਸਰਕਾਰ ਨੇ ਵੀ ਕੋਮਰਮ ਭੀਮ ਦੀ ਫ਼ੌਜ ਨੂੰ ਨਿਯੰਤਰਿਤ ਕਰਨ ਲਈ ਬ੍ਰਿਟਿਸ਼ ਫੌਜ ਦਾ ਵੀ ਸਮਰਥਨ ਪ੍ਰਾਪਤ ਕੀਤਾ, ਪਰ ਉਨ੍ਹਾਂ ਨੇ ਕੋਮਰਮ ਸੈਨਾ ਦੇ ਸਾਹਮਣੇ ਕੁਝ ਨਹੀਂ ਕਰ ਸਕੀ। ਇਸ ਲਈ ਉਸਨੇ ਕੁਡੂ ਪਟੇਲ (ਗੋਂਡ) ਨੂੰ ਰਿਸ਼ਵਤ ਦਿੱਤੀ ਕਿ ਉਹ ਨਿਜ਼ਾਮ ਸਰਕਾਰ ਦਾ ਮੁਖਬਰ ਬਣੇ। ਜਿਸਨੇ ਨਿਜ਼ਾਮ ਨੂੰ ਭੀਮ ਦੀ ਫੌਜ ਬਾਰੇ ਜਾਣਕਾਰੀ ਦਿੱਤੀ।

1 ਸਤੰਬਰ 1940 ਦੀ ਸਵੇਰ ਨੂੰ, ਜੋਡੇਘਾਟ ਦੀਆਂ ਔਰਤਾਂ ਨੇ ਪਿੰਡ ਦੇ ਆਲੇ-ਦੁ-ਆਲੇ ਕੁਝ ਹਥਿਆਰਬੰਦ ਪੁਲਿਸ ਮੁਲਾਜ਼ਮ ਵੇਖੇ, ਜੋ ਕੋਮਰਮ ਭੀਮ ਦੀ ਭਾਲ ਕਰ ਰਹੇ ਸਨ। ਭੀਮ, ਜੋ ਆਪਣੇ ਕੁਝ ਸਿਪਾਹੀਆਂ ਨਾਲ ਉਥੇ ਰਿਹਾ, ਪੁਲਿਸ ਦੇ ਆਉਣ ਦੀ ਖ਼ਬਰ ਸੁਣਦਿਆਂ ਹੀ ਹਥਿਆਰਬੰਦ ਹੋ ਗਿਆ; ਹਾਲਾਂਕਿ, ਜ਼ਿਆਦਾਤਰ ਸਿਪਾਹੀ ਕੁਹਾੜੀਆਂ, ਤੀਰ, ਕਮਾਨਾਂ, ਡਾਂਗਾਂ, ਲਾਠੀਆਂ ਆਦਿ ਨਾਲ ਯੁੱਧ ਲਈ ਤਿਆਰ ਹੋ ਗਏ। ਦੂਜਾ ਪਾਸੇ ਆਸਿਫਾਬਾਦ ਤਾਲੁਕਦਾਰ-ਅਬਦੁੱਲ ਸੱਤਾਰ ਨੇ ਇੱਕ ਦੂਤ ਨੂੰ ਭੇਜਿਆ ਅਤੇ ਭੀਮ ਅੱਗੇ ਆਤਮ ਸਮਰਪਣ ਕਰਨ ਦੀ ਪੇਸ਼ਕਸ ਰਖੀ। ਤੀਜੀ ਵਾਰ ਜਦੋਂ ਉਸਨੇ ਆਤਮ ਸਮਰਪਣ ਦੀ ਮੰਗ ਨੂੰ ਠੁਕਰਾ ਦਿੱਤਾ ਤਾਂ ਸੱਤਾਰ ਨੇ ਧੋਖੇ ਨਾਲ ਗੋਲੀਬਾਰੀ ਕਰਨ ਦੇ ਆਦੇਸ਼ ਦਿੱਤੇ। ਭੀਮ ਅਤੇ ਉਸਦੇ ਸਿਪਾਹੀ ਬੰਦੂਕ ਦੇ ਸਾਹਮਣੇ ਬੇਸਹਾਰਾ ਸਨ ਅਤੇ ਜ਼ਿਆਦਾ ਕੁਝ ਨਹੀਂ ਕਰ ਸਕੇ। ਇਸ ਘਟਨਾ ਵਿੱਚ ਭੀਮ ਤੋਂ ਇਲਾਵਾ 15 ਸੈਨਿਕ ਸ਼ਹੀਦ ਹੋਏ ਸਨ। ਭੀਮ ਦੇ ਨੇੜਲੇ ਸਾਥੀ ਮਾਰੂ ਅਤੇ ਭਾਦੂ ਦੱਸਦੇ ਸਨ ਕਿ, " ਬੇਦਰਦ ਖ਼ੂਨੀ ਪੂਰਨਮਾਸ਼ੀ ਦਾ ਦਿਨ ਇਸ ਘਟਨਾ ਨਾਲ ਸਾਰੇ ਕਬਾਇਲੀ ਸਮਾਜ ਵਿੱਚ ਉਦਾਸੀ ਅਤੇ ੋਗ ਦਾ ਕਾਰਨ ਬਣਾਇਆ।" ਸ਼ਹੀਦਾਂ ਦੀਆਂ ਮ੍ਰਿਤਕ ਦੇਹਾਂ ਬੇ ਦਰਦੀ ਨਾਲ ਸਾੜ ਦਿੱਤੀਆਂ ਗਈਆਂ, ਬਹੁਤ ਘੱਟ ਲੋਕਾਂ ਨੇ ਸ਼ਹੀਦਾਂ ਨੂੰ ਵੇਖਿਆ। ਕਾਲੀ ਪੂਰਨਮਾਸ਼ੀ ਦੀ ਉਸ ਰਾਤ, ਭੀਮ ਦੇ ਸੈਂਕੜੇ ਪੈਰੋਕਾਰਾਂ ਨੇ ਬਹਾਦਰੀ ਨਾਲ ਪੁਲਿਸ ਨੂੰ ਕਮਾਨ, ਤੀਰ ਅਤੇ ਬਰਛੀ ਨਾਲ ਸਾਹਮਣਾ ਕਰਦੇ ਆਪਣੀ ਜਾਨ ਕੁਰਬਾਨ ਕਰ ਦਿੱਤੀ। ਵਹਿਮਾਂ ਭਰਮਾ ਦਾ ਬੀਜ ਚਲਾਕ ਲੋਕਾਂ ਨੇ ਭਾਰਤੀਆਂ ਦੇ ਮਨਾਂ ਵਿਚ ਬਾਖੂਬੀ ਬੀਜ ਰਖਿਆ ਹੈ। ਇਸ ਲਈ ਭੀਮ ਦੇ ਦੁਸਮਣ ਦਾ ਮੰਨਣਾ ਸੀ ਕਿ 'ਭੀਮ ਨੂੰ ਵੀ ਰਵਾਇਤੀ ਜਾਦੂਮੰਤਰਾਂ ਦਾ ਗਿਆਨ ਹੈ' ਇਸ ਦੀ ਧਾਰਨਾ ਨੂੰ ਮੰਨਦਿਆਂ, ਉਹ ਡਰਦੇ ਸੀ ਕਿ ਭੀਮ ਮੁੜ ਜੀਵਿਤ ਹੋ ਸਕਦਾ ਹੈ। ਇਸ ਲਈ ਉਸਨੇ ਭੀਮ ਦੇ ਸਰੀਰ ਉਤੇ ਉਸ ਸਮੇ ਤਕ ਗੋਲੀਆਂ ਚਲਾਉਦੇ ਰਹੇ ਜਦ ਤਕ ਉਸਦਾ ਪੂਰਾ ਸਰੀਰ ਛਲਣੀ ਹੋ ਗਿਆ ਅਤੇ ਬੇਪਛਾਣਗਿਆ। ਖ਼ੂਨੀ ਪੂਰਨੀਮਾ ਦੇ ਉਸ ਦਿਨ, ਜਦੋਂ ਗੋਂਡ ਸਮਾਜ ਦਾ ਤਾਰਾ ਜਮੀਨ ਉਤੇ ਡਿੱਗ ਪਿਆ ਤਾਂ ਜੋੜਾਘਾਟ ਦੀਆਂ ਪਹਾੜੀਆਂ ਦੇ ਰੋਣ ਕੁਰਲਾਉਣ ਦੀਆਂ ਦਰਦ ਭਰੀਆਂ ਅਵਾਜਾਂ ਨਾਲ ਅਸਮਾਨ ਗੂੰਜ ਗਿਆ। 'ਕੋਮਰਮ ਭੀਮ ਅਮਰ ਰਹੇ, ਭੀਮ ਦਾਦਾ ਅਮਰ ਹੈ' ਦੇ ਨਾਅਰਿਆਂ ਨੇ ਸਾਰੇ ਜੰਗਲ ਨੂੰ ਗੂੰਜ ਦਿੱਤਾ। ਕੋਮਰਮ ਭੀਮ ਬਾਰੇ ਮੌਜੂਦਾ ਇਤਿਹਾਸਕ ਲਿਖਤਾਂ ਦਾ ਦਾਅਵਾ ਹੈ ਕਿ ਭੀਮ ਇਕ "ਰਾਸ਼ਟਰਵਾਦੀ ਜੰਗਲ ਨਿਵਾਸੀ" ਆਗੂ ਸੀ ਜਿਸਨੇ ਨਿਜ਼ਾਮ ਸਰਕਾਰ ਵਿਰੁੱਧ ਲੜਾਈ ਲੜੀ। ਉਨ੍ਹਾਂ ਦਾ ਦਾਅਵਾ ਹੈ ਕਿ ਭੀਮ ਦੀ ਨਾਰਾਜ਼ਗੀ 'ਹਿੰਦੂਆਂ' ਉਤੇ ਇਸਲਾਮਿਕ (ਨਿਜ਼ਾਮ) ਸ਼ੋਸ਼ਣ ਕਾਰਨ ਹੋਈ ਸੀ, ਜਿਸ ਕਾਰਨ ਹਿੰਦੂ ਸਮਾਜ ਨਰਾਜ ਸੀ। ਪਰ ਜਦੋਂ ਆਦੀਵਾਸੀ ਹਿੰਦੂ ਧਰਮ ਦੇ ਚਤੁਰਵਰਨ ਵਿਚ ਨਹੀਂ ਆਉਂਦੇ, ਜਦੋਂ ਆਦਿਵਾਸੀਆਂ ਸੰਵਿਧਾਨਕ ਤੌਰ ਤੇ ਹਿੰਦੂ ਧਰਮ ਤੋਂ ਬਾਹਰ ਹਨ, ਅਤੇ ਭਾਰਤ ਦੀ ਅਦਾਲਤ ਨੇ ਹੀ ਮੰਨਿਆ ਹੈ ਕਿ ਗੋਂਡ ਹਿੰਦੂ ਨਹੀਂ ਹਨ- ਤਾਂ ਕੋਮਰਮ ਭੀਮ 'ਇਸਲਾਮਿਕ' ਸ਼ੋਸ਼ਣ ਵਿਰੁੱਧ ਲੜ ਰਹੇ ਨੂੰ "ਹਿੰਦੂ"ਕਿਸ ਤਰਕ ਨਾਲ ਦਰਸਾਉਂਦੇ ਹਨ? ਭੀਮ ਦੇ ਇਤਿਹਾਸ ਦਾ ਕਿਹੜਾ ਤੱਥ ਦਰਸਾਉਂਦਾ ਹੈ ਕਿ ਭੀਮ ਨੇ 'ਹਿੰਦੂ' ਧਰਮ ਨੂੰ ਸਵੀਕਾਰਿਆ ਅਤੇ ਹਿੰਦੂਆਂ ਦੇ ਹੱਕ ਲਈ ਲੜਿਆ? ਗੋਂਡ ਸਮਾਜ ਦੇ ਨਜ਼ਰੀਏ ਤੋਂ, ਭੀਮ ਦਾ ਇਤਿਹਾਸ ਸਾਨੂੰ ਇੱਕ ਵੱਖਰੀ ਤਸਵੀਰ ਪ੍ਰਦਾਨ ਕਰਦਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਭੀਮ ਨੂੰ 'ਹਿੰਦੂ ਰਾਸ਼ਟਰਵਾਦੀ ਵਿਚਾਰਧਾਰਾ' ਨਾਲ ਜੋੜ ਕੇ, ਇਤਿਹਾਸਕ ਤੱਥਾਂ ਨਾਲ ਛੇੜਛਾੜ ਕਰਕੇ ਇਤਿਹਾਸਕਾਰ ਸਿਰਫ ਇਕ ਪ੍ਰਚਾਰ ਹੀ ਰਹੇ ਹਨ। ਜਿਸਨੇ ਕਦੇ ਭੀਮ ਨੂੰ ਸੁਤੰਤਰ ਗੋਂਡ ਕਬੀਲੇ ਦੇ ਆਗੂ ਵਜੋਂ ਸਵੀਕਾਰ ਨਹੀਂ ਕੀਤਾ। ਜਦੋਂ ਕਿ ਅਸਲ ਵਿਚ ਕੋਮਰਮ ਭੀਮ ਦਾ ਸੰਘਰਸ਼ ਪੂਰੀ ਤਰ੍ਹਾਂ ਨਾਲ ਆਦਿਵਾਸੀਆਂ ਦੇ ਸ਼ੋਸ਼ਣ ਅਤੇ ਜ਼ੁਲਮਾਂ ਦੇਵਿਰੁੱਧਸੀ, ਇਹ ਸੰਘਰਸ਼ ਜਲ-ਜੰਗਲ-ਜ਼ਮੀਨ, ਦੇ ਅਧਿਕਾਰ ਲਈ ਸੀ।ਭੀਮ ਸਿਰਫ ਆਪਣੇ ਲੋਕਾਂ ਨੂੰ 'ਦਿਕੂ' (ਬਾਹਰੀ ਲੋਕਾਂ) ਤੋਂ ਮੁਕਤ ਕਰਨ, ਉਨ੍ਹਾਂ ਨੂੰ ਨਿਆਂ ਦੇਣ ਅਤੇ ਸਵੈ-ਸਰਕਾਰ ਸਥਾਪਤ ਕਰਨ ਲਈ ਸੰਘਰਸ਼ ਕਰ ਰਿਹਾ ਸੀ। ਕੋਮਰਮ ਭੀਮ ਦੀ ਲਹਿਰ ਕਈ ਦਹਾਕਿਆਂ ਤੋਂ ਜ਼ਮੀਨੀ ਅਧਿਕਾਰਾਂ ਲਈ ਆਦਿਵਾਸੀਆਂ ਦੇ ਸੰਘਰਸ਼ ਵਿੱਚ ਮਹੱਤਵਪੂਰਣ ਯੋਗਦਾਨ ਰਹੀ ਹੈ ਅਤੇ ਭੀਮ ਸਾਡੇ ਸਾਰਿਆਂ ਲਈ ਇੱਕ ਇਨਕਲਾਬੀ ਮਿਸਾਲ ਹੈ। ਮਹੱਤਵਪੂਰਣ ਗੱਲ ਇਹ ਹੈ ਕਿ ਗੋਂਡ ਸਮਾਜ ਵਿਚ ਕੋਮਰਮ ਭੀਮ ਦਾ ਬਹੁਤ ਸਤਿਕਾਰਯੋਗ ਰੁਤਬਾ ਹੈ। ਹਰ ਸਾਲ ਖ਼ੂਨੀ ਪੂਰਨੀਮਾ ਦੇ ਦਿਨ ਗੋਂਡ ਭਾਈਚਾਰੇ ਵੱਲੋਂ ਕੋਮਰਮ ਭੀਮ ਦੀ ਬਰਸੀ ਮਨਾਈ ਜਾਂਦੀ ਹੈ, ਅਤੇ ਇਸ ਮੌਕੇ ਉਨ੍ਹਾਂ ਦੇ ਜੀਵਨ ਅਤੇ ਸੰਘਰਸ਼ ਨੂੰ ਯਾਦ ਕਰਨ ਲਈ ਜੋੜੇਘਾਟ ਵਿੱਚ ਇੱਕ ਸਮਾਰੋਹ ਦਾ ਆਯੋਜਨ ਕੀਤਾ ਜਾਂਦਾ ਹੈ। ਲੰਬੇ ਸੰਘਰਸ਼ ਤੋਂ ਬਾਅਦ, ਉਸ ਦੀ ਮੌਤ ਤੋਂ 72 ਸਾਲ ਬਾਅਦ, 2012 ਵਿੱਚ, ਸੋਮਰਮ ਭੀਮ ਦੀ ਮੂਰਤੀ ਨੂੰ ਹੈਦਰਾਬਾਦ ਦੇ ਟੈਂਕ ਬੈਂਡ ਵਿੱਚ ਸਥਾਪਤ ਕੀਤਾ ਗਿਆ ਸੀ। ਅੱਜ, ਭੀਮ ਸਾਡੇ ਸਾਹਮਣੇ ਜਲ ਜੰਗਲ ਦੀ ਜਮੀਨ ਦੇ ਹੱਕ ਦੀ ਲੜਾਈ ਵਿਚ ਕਬਾਇਲੀਆਂ ਲਈ ਹਮੇਸ਼ਾਂ ਆਦਰਸ਼ ਰਹੇਗਾ।



# ਆਬਾਦੀ ਦੇ ਵਾਧੇ ਉੱਪਰ ਕਿਵੇਂ ਕਾਬੂ ਪਾਇਆ ਜਾਵੇ



ਡਾ. ਗੁਰਿੰਦਰ ਕੌਰ
001-408-493-9776

15 ਅਗਸਤ, 2019 ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਹੁਣ ਤੱਕ ਦੇ ਕਾਰਜ-ਕਾਲ ਦੌਰਾਨ ਪਹਿਲੀ ਵਾਰ ਦੇਸ ਦੀ ਵਧਦੀ ਆਬਾਦੀ ਉੱਤੇ ਚਿੰਤਾ ਪ੍ਰਗਟਾਈ ਹੈ ਅਤੇ ਕਿਹਾ ਹੈ ਕਿ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਸਾਡੀ ਪੀੜ੍ਹੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਬਹੁਤ ਸਾਰੀਆਂ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ। ਉਨ੍ਹਾਂ ਨੇ ਇਹ ਹਵੀ ਕਿਹਾ ਕਿ ਦੇਸ ਦੇ ਕੁਝ ਫ਼ੀਸਦ ਲੋਕ ਆਬਾਦੀ ਦੇ ਇਸ ਵਾਧੇ ਦੀਆਂ ਸਮੱਸਿਆਵਾਂ ਤੋਂ ਜਾਗਰੂਕ ਹਨ ਅਤੇ ਉਨ੍ਹਾਂ ਨੇ ਆਪਣੇ ਪਰਿਵਾਰ ਸਵੈ ਇੱਛਾ ਨਾਲ ਆਪਣੇ ਆਰਥਿਕ ਸਾਧਨਾਂ ਅਨੁਸਾਰ ਸੀਮਤ ਕਰ ਲਏ ਹਨ, ਪਰ ਸ਼ਾਇਦ ਪ੍ਰਧਾਨ ਮੰਤਰੀ ਇਸ ਤੱਥ ਤੋਂ ਜਾਣੂ ਨਹੀਂ ਹਨ ਕਿ ਦੇਸ ਦੇ ਲਗਭਗ ਸਾਰੇ ਰਾਜ ਅਤੇ ਕੇਂਦਰੀ ਸਾਸਤ ਰਾਜਾਂ ਵਿਚ ਰੀਪਲੇਸਮੈਂਟ ਰੇਸੋ ਭਾਰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪ੍ਰਤਿ ਔਰਤ ਬੱਚੇ ਪੈਦਾ ਕਰਨ ਦਰ ਤੇਜ਼ੀ ਨਾਲ ਘੱਟ ਰਹੀ ਹੈ। ਦੇਸ ਦੀ ਔਸਤ ਰੀਪਲੇਸਮੈਂਟ ਰੇਸੋ 4.5 ਸੀ ਜਿਹੜੀ ਹੁਣ ਘੱਟ ਕੇ 2.2 ਰਹਿ ਗਈ ਹੈ। ਆਬਾਦੀ ਦੇ ਸੰਤੁਲਿਤ ਵਾਧੇ ਲਈ ਇਹ ਰੇਸ਼ੋ 2.1 ਹੋਣੀ ਚਾਹੀਦੀ ਹੈ। ਸੈਂਪਲ ਰਜਿਸਟਰੇਸ਼ਨ ਸਿਸਟਮ ਦੇ 2017 ਦੇ ਅੰਕੜਿਆਂ ਅਨੁਸਾਰ ਦੇਸ ਦੇ 27 ਰਾਜਾਂ ਅਤੇ ਕੇਂਦਰੀ-ਸ਼ਾਸਤ ਰਾਜਾਂ ਵਿਚ ਰੀਪਲੇਸ਼ਮੈਂਟ ਰੇਸ਼ੋ 2.1 ਤੋਂ ਘੱਟ ਅਤੇ ਸਭ ਤੋਂ ਘੱਟ ਸਿੱਕਮ ਰਾਜ ਵਿੱਚ 1.2 ਰਿਕਾਰਡ ਕੀਤੀ ਗਈ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਰਾਜਾਂ ਵਿਚ ਲੋਕ ਆਬਾਦੀ ਦੇ ਵਾਧੇ ਦੀਆਂ ਸਮੱਸਿਆਵਾਂ ਬਾਰੇ ਜਾਣੂ ਹਨ ਅਤੇ ਸਵੈਇੱਛਾ ਨਾਲ ਹੀ ਆਬਾਦੀ ਦੇ ਵਾਧੇ ਨੂੰ ਕਾਬੂ ਕਰਨ ਦੀਆਂ ਕੋਸ਼ਿਸਾਂ ਵਿਚ ਲੱਗੇ ਹਨ।

ਆਪਣੀ ਨਿੱਜੀ ਅਤੇ ਸਮਾਜਿਕ ਭਲਾਈ ਲਈ ਜਾਗਰੂਕ ਹੋਣਾ ਹਰ ਇੱਕ ਦੇਸ ਵਾਸੀ ਦਾ ਫਰਜ਼ ਬਣਦਾ ਹੈ, ਪਰ ਇਹ ਜਾਗਰੂਕਤਾ ਸਾਖਰਤਾ ਅਤੇ ਆਰਥਿਕ ਸੰਪਨਤਾ ਨਾਲ ਆਉਂਦੀ ਹੈ। ਜਿਹੜੇ ਰਾਜਾਂ ਵਿਚ ਪ੍ਰਤਿ ਔਰਤ ਬੱਚੇ ਪੈਦਾ ਕਰਨ ਦੀ ਦਰ 2.1 ਤੋਂ ਥੱਲੇ ਹੈ ਉਨ੍ਹਾਂ ਸਾਰੇ ਰਾਜਾਂ ਵਿਚ ਔਰਤਾਂ ਦੀ ਸਾਖਰਤਾ ਦਰ, ਦੇਸ ਦੀਆਂ ਔਰਤਾਂ ਦੀ ਔਸਤ ਸਾਖਰਤਾ ਦਰ (65.46 ਫ਼ੀਸਦ) ਤੋਂ ਉੱਪਰਜ ਹੈ।

1 ਜੁਲਾਈ, 2019 ਦੀ ਸੁਯੰਕਤ ਰਾਸ਼ਟਰ ਸੰਘ ਦੀ ਇਕ ਰਿਪੋਰਟ ਅਨੁਸਾਰ ਭਾਰਤ ਜਿਹੜਾ ਹੁਣ ਦੀ ਆਬਾਦੀ ਅਨੁਸਾਰ ਦੁਨੀਆ ਵਿਚ ਦੂਜੇ ਨੰਬਰ ਉੱਤੇ ਹੈ, 2024 ਵਿਚ ਚੀਨ ਨੂੰ ਪਿੱਤੇ ਛੱਡ ਕੇ ਪਹਿਲੇ ਨੰਬਰ ਉੱਤੇ ਪਹੁੰਚ ਜਾਵੇਗਾ ਅਤੇ ਇਸ ਦੀ ਆਬਾਦੀ 2060 ਵਿਚ 1.6 ਬਿਲੀਅਨ ਹੋ ਜਾਵੇਗੀ। ਸਾਡੇ ਦੇਸ ਦੀ ਆਬਾਦੀ 1951 ਵਿਚ ਸਿਰਫ਼ 361 ਮਿਲੀਅਨ ਸੀ ਜਿਹੜੀ 2011 ਵਿਚ ਵਧ ਕੇ 1.21 ਬਿਲੀਅਨ ਅਤੇ 20 ਅਗਸਤ, 2019 ਨੂੰ 1.37 ਬਿਲੀਅਨ ਹੋ ਗਈ ਹੈ। ਅੰਕੜਿਆਂ ਅਨੁਸਾਰ ਦੁਨੀਆ ਉੱਤੇ ਵਿਚਰਨ ਵਾਲਾ ਹਰ ਛੇਵਾਂ ਵਿਅਕਤੀ ਭਾਰਤੀ ਹੈ ਅਤੇ ਸਾਡੇ ਦੇਸ ਵਿਚ ਹਰ ਇਕ ਸੈਕਿੰਡ ਵਿਚ ਇਕ ਬੱਚਾ ਜਨਮ ਲੈ ਲੈਂਦਾ ਹੈ।

ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਭਾਵੇਂ ਭਾਰਤ ਦੇ ਤਿੰਨ-ਚੌਥਾਈ ਰਾਜਾਂ ਨੇ ਰੀਪਲੇਸਮੈਂਟ ਰੇਸ਼ੋ/ਪ੍ਰਤੀ ਔਰਤ ਬੱਚੇ ਪੈਦਾ ਕਰਨ ਦੀ ਦਰ ਉੱਤੇ ਕਾਬੂ ਪਾ ਲਿਆ ਹੈ, ਪਰ ਹਾਲੇ ਵੀ ਦੇਸ ਦੇ ਨੌਂ ਰਾਜਾਂ ਵਿਚ ਇਹ ਦਰ ਕਾਫੀ ਜਿਆਦਾ ਹੈ। ਬਿਹਾਰ ਵਿਚ 3.2, ਉੱਤਰ ਪ੍ਰਦੇਸ਼ ਵਿਚ 3.0, ਮੱਧ ਪ੍ਰਦੇਸ਼ ਵਿਚ 2.7, ਰਾਜਸਥਾਨ ਵਿਚ 2.6, ਝਾਰਖੰਡ ਵਿਚ 2.3, ਛੱਤੀਸਗੜ੍ਹ ਵਿਚ 2.4, ਆਸਾਮ ਵਿਚ 2.3 ਅਤੇ ਹਰਿਆਣਾ ਅਤੇ ਗੁਜਰਾਤ ਵਿਚ 2.2 ਹੈ ਜਿਸ ਕਰਕੇ ਇਨ੍ਹਾਂ ਰਾਜਾਂ ਦੀ ਆਬਾਦੀ ਦੁਨੀਆ ਦੇ ਨੌਂ ਦੇਸਾ ਦੇ ਬਰਾਬਰ ਹੈ। ਬਿਹਾਰ ਦੀ ਆਬਾਦੀ ਫਿਲੀਪੀਨਜ਼ ਦੇ ਬਰਾਬਰ ਹੈ ਜਦਕਿ ਉੱਤਰਪ੍ਰਦੇਸ ਦੀ ਬਰਾਜ਼ੀਲ, ਮੱਧਪ੍ਰਦੇਸ ਦੀ ਫਰਾਂਸ, ਰਾਜਸਥਾਨ ਦੀ ਯੂਨਾਈਡ ਕਿੰਨਡਮ, ਝਾਰਖੰਡ ਦੀ ਪੇਰੂ, ਛਤੀਸਗੜ੍ਹ ਦੀ ਆਸਟਰੇਲੀਆ, ਆਸਾਮ ਦੀ ਕੈਨੇਡਾ, ਗੁਜਰਾਤ ਦੀ ਦੱਖਣੀ ਅਫ਼ਰੀਕਾ ਅਤੇ



ਹਰਿਆਣਾ ਦੀ ਤਾਇਵਾਨ ਦੇ ਬਰਾਬਰ ਹੈ। ਇਲ੍ਹਾਂ ਨੌਂ ਰਾਜਾਂ ਭਾਵ ਇਕ ਚੋਥਾਈ ਰਾਜਾਂ ਵਿਚ ਦੇਸ ਦੀ 52 ਫ਼ੀਸਦ ਆਬਾਦੀ ਰਹਿੰਦੀ ਹੈ, ਜਦਕਿ ਬਾਕੀ 27 ਰਾਜਾਂ/ਕੇਂਦਰੀ ਸ਼ਾਸਤ ਰਾਜਾਂ ਵਿਚ 42 ਫ਼ੀਸਦ ਰਹਿੰਦੀ ਹੈ। ਇਨ੍ਹਾਂ ਰਾਜਾਂ ਵਿਚ ਆਬਾਦੀ ਦੇ ਵਧਣ ਦੇ ਮੁੱਖ ਕਾਰਨ ਗ਼ਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਬਾਲ ਵਿਆਹ ਆਦਿ ਹਨ। ਇਹ ਸਾਰੇ ਰਾਜ ਦੇਸ ਦੇ ਵਿਚਕਾਰਲੇ ਹਿੱਸੇ ਵਿਚ ਸਥਿਤ ਹਨ। ਇਨ੍ਹਾਂ ਸਾਰੇ ਰਾਜਾਂ ਵਿਚ ਔਰਤਾਂ ਦੀ ਸਾਖਰਤਾ ਦਰ ਦੇਸ ਦੀ ਔਰਤਾਂ ਦੀ ਸਾਖਰਤਾ ਦਰ ਨਾਲੋਂ ਘੱਟ ਹੈ। ਇਨ੍ਹਾਂ ਰਾਜਾਂ ਵਿਚ ਹਾਲੇ ਵੀ 35 ਤੋਂ 50 ਫ਼ੀਸਦ ਔਰਤਾਂ ਅਨਪੜ੍ਹ ਹਨ ਜਿਸ ਕਰਕੇ ਉਹ ਨਾ ਤਾਂ ਆਰਥਿਕ ਤੌਰ ਉੱਤੇ ਆਤਮਨਿਰਭਰ ਹਨ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਮੌਲਿਕ ਹੱਕਾਂ ਦੀ ਜਾਣਕਾਰੀ ਹੈ। ਗ਼ਰੀਬੀ ਕਰਕੇ ਕੁੜੀਆਂ ਦੇ ਮਾਪੇ ਉਨ੍ਹਾਂ ਨੂੰ ਛੋਟੀ ਉਮਰ ਵਿਚ ਵਿਆਹ ਦਿੰਦੇ ਹਨ। ਇਨ੍ਹਾਂ ਰਾਜਾਂ ਵਿੱਚ ਹਾਲੇ ਵੀ 40 ਤੋਂ 70 ਫ਼ੀਸਦ ਕੁੜੀਆਂ ਦੇ ਵਿਆਹ 18 ਸਾਲ ਦੀ ਉਮਰ ਤੋਂ ਪਹਿਲਾਂ ਹੋ ਜਾਂਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਰਾਜਾਂ ਵਿਚ ਗ਼ਰੀਬੀ ਕਾਰਨ ਬਾਲ ਵਿਆਹਾਂ ਦੀ ਫ਼ੀਸਦ ਗਿਣਤੀ ਬਾਕੀ ਰਾਜਾਂ ਦੇ ਮੁਕਾਬਲੇ ਜਿਆਦਾ ਹੈ।

ਆਬਾਦੀ ਦੇ ਵਾਧੇ ਉੱਤੇ ਕਾਬੂ ਕਰਨ ਲਈ ਸਿਰਫ਼ ਚਿੰਤਾ ਪ੍ਰਗਟਾਉਣਾ ਹੀ ਕਾਫ਼ੀ ਨਹੀਂ ਹੈ। ਸਰਕਾਰ ਨੂੰ ਇਸ ਸੰਬੰਧ ਵਿਚ ਬਣਦੇ ਉਪਰਾਲੇ ਕਰਨੇ ਚਾਹੀਦੇ ਹਨ। ਸਾਡੇ ਦੇਸ ਵਿਚ ਇਨ੍ਹਾਂ ਨੌਂ ਰਾਜਾਂ ਤੋਂ ਬਿਨਾਂ ਬਾਕੀ ਸਾਰੇ ਰਾਜਾਂ ਵਿਚ ਲੋਕਾਂ ਦੁਆਰਾ ਸਵੈ-ਇੱਛਾ ਨਾਲ ਆਪਦੇ ਪਰਿਵਾਰ ਭਾਵ ਬੱਚਿਆਂ ਦੀ ਗਿਣਤੀ ਘੱਟ ਕੀਤੀ ਅਤੇ ਸਰਕਾਰ ਵਲੋਂ ਇੰਨ੍ਹਾਂ ਰਾਜਾਂ ਵਿਚ ਵਧਦੀ ਆਬਾਦੀ ਉੱਤੇ ਕਾਬੂ ਪਾਉਣ ਲਈ ਨਾ ਤਾਂ ਕੋਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ ਅਤੇ ਨਾ ਹੀ ਕਿਸੇ ਵੀ ਤਰ੍ਹਾਂ ਦੀ ਕੋਈ ਹੱਲਾਸ਼ੇਰੀ ਦਿੱਤੀ ਗਈ ਹੈ। ਭਾਵੇਂ ਸਰਕਾਰ ਵੱਲੋਂ ਦੇਸ ਦੀ ਆਬਾਦੀ ਨੂੰ ਕਾਬੂ ਵਿਚ ਰੱਖਣ ਲਈ 1951 ਤੋਂ ਪਰਿਵਾਰ ਨਿਯੋਜਨ ਦੇ ਨੈਸ਼ਨਲ ਫੈਮਿਲੀ ਪਲੈਨਿੰਗ ਪ੍ਰੋਗਰਾਮ ਵਰਗੀਆਂ ਯੋਜਨਾਵਾਂ ਸ਼ੁਰੂ ਕਰ ਦਿੱਤੀਜਆਂ ਗਈਆਂ ਸਨ ਪਰ ਇੰਨ੍ਹਾਂ ਯੋਜਨਾਵਾਂ ਨੂੰ ਕਦੇ ਵੀ ਸੰਜ਼ੀਦਗੀ ਨਾਲ ਅਮਲ ਵਿਚ ਲਿਆਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਦੂਜੇ ਪਾਸੇ ਚੀਨ ਨੇ 1979 ਵਿਚ ਇਕ ਬੱਚੇ ਦੀ ਯੋਜਨਾ ਲਾਗੂ ਕਰਕੇ 36 ਸਾਲਾਂ ਵਿਚ ਆਬਾਦੀ ਦੇ ਵਾਧੇ ਉੱਤੇ ਪੂਰੀ ਤਰ੍ਹਾਂ ਕਾਬੂ ਪਾ ਕੇ 2015 ਵਿਚ ਇਹ ਯੋਜਨਾ ਬੰਦ ਕਰਕੇ ਲੋਕਾਂ ਨੂੰ ਦੋ ਬੱਚੇ ਪੈਦਾ ਕਰਨ ਦੀ ਖੁੱਲ੍ਹ ਵੀ ਦਿੱਤੀ ਹੈ। ਹੁਣ ਭਾਰਤ ਦੀ ਆਬਾਦੀ ਪ੍ਰਤਿ ਸਾਲ 1.02 ਫ਼ੀਸਦ ਦੀ ਦਰ ਨਾਲ ਵਧ ਰਹੀ ਹੈ, ਜਦਕਿ ਚੀਨ ਦੀ ਆਬਾਦੀ ਦੋ ਬੱਚੇ ਪੈਦਾ ਕਰਨ ਦੀ ਖੁੱਲ੍ਹ ਦੇਣ ਦੇ ਬਾਵਜੂਦ 0.39 ਫ਼ੀਸਦ ਦੀ ਦਰ ਨਾਲ ਪ੍ਰਤਿ ਸਾਲ ਵਧ ਰਹੀ ਹੈ। ਭਾਰਤ ਵਿਚ ਹਾਲੇ ਵੀ ਕਈ ਰਾਜ ਇਕ ਬੱਚੇ ਦੀ ਯੋਜਨਾ ਤਾਂ ਕੀ ਲਾਗੂ ਹੋਣੀ ਸੀ, ਦੋ ਬੱਚਿਆਂ ਦੀ ਯੋਜਨਾ ਵੀ ਹਾਲੇ ਸਾਰੇ ਰਾਜ ਵਿਚ ਲਾਗੂ ਨਹੀਂ ਹੋਈ ਹੈ। ਭਾਰਤ ਦੇ ਕਈ ਰਾਜਾਂ ਵਿਚ 2014 ਵਿਚ ਦੋ ਬੱਚਿਆਂ ਦੀ ਯੋਜਨਾ ਨੂੰ ਲਾਗੂ ਕੀਤਾ ਗਿਆ। ਇਸ ਯੋਜਨਾ ਅਧੀਨ ਦੋ-ਬੱਚਿਆਂ ਤੋਂ ਵੱਧ ਬੱਚਿਆਂ ਵਾਲੇ ਵਿਅਕਤੀਆਂ ਨੂੰ ਸਰਕਾਰੀ ਨੌਕਰੀਆਂ ਲੈਣ ਤੋਂ ਵਰਜਿਤ ਕੀਤਾ ਗਿਆ। ਆਸਾਮ ਵਿਚ ਇਹ ਯੋਜਨਾ 2017 ਵਿਚ ਹੀ ਲਾਗੂ ਹੋਈ। ਰਘੂਨਾਥ ਥੋਨ ਦੋ ਕਾਰਵੇ, ਜਿਨ੍ਹਾਂ ਨੇ ਜੁਲਾਈ 1927 ਤੋਂ 1953 ਦਰਮਿਆਨ ਸਮਾਜ ਸਵਾਸਥ ਨਾਂ ਦੀ ਮੈਗਜ਼ੀਨ ਪ੍ਰਕਾਸ਼ਿਤ ਕੀਤੀ ਸੀ। ਜਿਸ ਵਿਚ ਉਹ ਸਮਾਜਿਕ ਬਿਹਤਰੀ ਨਾਲ ਸੰਬੰਧਿਤ ਵਿਸ਼ਿਆਂ ਵਿਚ ਉੱਪਰ ਚਰਚਾ ਕਰਦੇ ਸਨ, ਨੇ ਭਾਰਤ ਸਰਕਾਰ ਨੂੰ ਆਬਾਦੀ ਦੇ ਵਾਧੇ ਨੂੰ ਰੋਕਣ ਗਰਭ ਨਿਰੋਧਕਾਂ ਦੀ ਵਰਤੋਂ ਦੀ ਸਲਾਹ ਦਿੱਤੀ ਸੀ ਪਰ ਉਨ੍ਹਾਂ ਦੀ ਸਲਾਹ ਦਾ ਬਹੁਤ ਵਿਰੋਧ ਹੋਇਆ ਸੀ। ਸ਼ਾਇਦ ਇਹ ਜਾਣ ਕੇ ਤੁਹਾਨੂੰ ਬਹੁਤ ਹੈਰਾਨੀ ਹੋਵੇਗੀ ਕਿ ਮਹਾਤਮਾ ਗਾਂਧੀ ਇਸ ਦਾ ਵਿਰੋਧ ਕਰਨ ਵਾਲਿਆਂ ਵਿਚੋਂ ਇਕ ਸਨ। ਉਹਨਾਂ ਦਾ ਕਹਿਣਾ ਸੀ ਕਿ ਆਪਣੇ ਆਪ ਉੱਤੇ ਕਾਬੂ ਰੱਖਣਾ ਸਭ ਤੋਂ ਵਧੀਆ ਗਰਭ ਨਿਰੋਧਕ ਹੈ। ਜੇਕਰ ਦੇਸ ਦੀ ਆਬਾਦੀ ਦੇ ਵਾਧੇ ਨੂੰ ਰੋਕਣਾ ਹੈ ਤਾਂ ਨੇਤਾਵਾਂ ਨੂੰ ਆਪਣੇ ਸੌੜੇ ਹਿੱਤਾਂ ਨੂੰ ਲਾਂਭੇ ਰੱਖ ਕੇ ਲੋਕ ਭਲਾਈ ਦੇ ਕੰਮਾਂ ਵੱਲ ਵਧੇਰੇ ਧਿਆਨ ਦੇਣਾ ਹੋਵੇਗਾ। ਗ਼ਰੀਬੀ ਦੂਰ ਕਰਨ ਲਈ ਲੋਕਾਂ ਨੂੰ ਰੁਜ਼ਗਾਰ ਮੁਹੱਈਆਂ ਕਰਵਾਉਣਾ ਜ਼ਰੂਰੀ ਹੈ। ਬੱਚਿਆਂ ਲਈ ਸਕੂਲ ਦੀ ਪੜ੍ਹਾਈ ਮੁਫ਼ਤ ਅਤੇ ਗੁਣਵਤਾ ਭਰਪੂਰ ਹੋਣੀ ਚਾਹੀਦੀ ਹੈ ਤਾਂ ਕਿ ਉਹ ਪੜ੍ਹ-ਲਿਖ ਕੇ ਆਪਦੇ ਪੈਰਾਂ ਉੱਤੇ ਖੜ੍ਹੇ ਹੋ ਕੇ ਚੰਗਾ ਭਵਿੱਖ ਸਿਰਜ ਸਕਣ। ਇਸ ਤੋਂ ਇਲਾਵਾ ਲੜਕੀਆਂ ਦੀ ਪੜ੍ਹਾਈ ਯਕੀਨੀ ਬਣਾਈ ਜਾਵੇ। ਬਾਲ-ਵਿਆਹ ਅਤੇ ਬਾਲ-ਮਜ਼ਦੂਰੀ ਵਰਗੀਆਂ ਅਲਾਮਤਾਂ ਸਮਾਜ ਵਿੱਚੋਂ ਬਿਲਕੁਲ ਖ਼ਤਮ ਕਰ ਦੇਣਾ ਚਾਹੀਦੀਆਂ ਹਨ ਅਤੇ ਕਾਨੂੰਨੀ ਪ੍ਰਕਿਰਿਆ ਅਨੁਸਾਰ ਅਜਿਹਾ ਕਰਨ ਵਾਲਿਆਂ ਨੂੰ ਬਦਦੀ ਸਜ਼ਾ ਦੇਣੀ ਚਾਹੀਦੀ ਹੈ ਤਾਂ ਕਿ ਮਾਪੇ ਕਮਾਈ ਦੇ ਲਾਲਚ ਵਧ ਬੱਚੇ ਪੈਦਾ ਨਾ ਕਰਨ। ਸਰਕਾਰ ਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਛੋਟੇ ਪਰਿਵਾਰ ਦੇ ਫ਼ਾਇਦਿਆਂ ਤੋਂ ਜਾਣੂ ਕਰਾਵੇ ਅਤੇ ਨਾਲ ਲਾਲ ਛੋਟੇ ਪਰਿਵਾਰ ਵਾਲਿਆਂ ਲਈ ਰੁਜ਼ਗਾਰ, ਰੁਜ਼ਗਾਰ ਵਿਚ ਤਰੱਕੀ, ਬੱਚਿਆਂ ਲਈ ਮੁਫ਼ਤ ਪੜ੍ਹਾਈ ਅਤੇ ਡਾਕਟਰੀ ਸਹਾਇਤਾ ਦੇ ਨਾਲ ਨਾਲ ਵਜ਼ੀਫ਼ਿਆਂ ਵਰਗੀਆਂ ਸਹੂਲਤਾਂ ਮੁਹੱਈਆ ਕਰਾਵੇ। ਆਰਥਿਕ ਵਿਕਾਸ ਪਰਿਵਾਰ ਨਿਯੋਜਨ ਦਾ ਇਕ ਅਹਿਮ ਸੂਚਕ ਹੈ। ਆਰਥਿਕ ਉਨਤੀ ਨਾਲ ਲੋਕ ਜਾਗਰੂਕ ਹੁੰਦੇ ਹਨ ਆਪਦੇ ਅਤੇ ਪਰਿਵਾਰਕ ਮੈਂਬਰਾਂ ਦੀਆਂ ਲੋੜਾਂ ਅਤੇ ਸਹੂਲਤਾਂ ਸੋਚਦੇ ਹੋਏ ਸਵੈ-ਇੱਛਾ ਨਾਲ ਹੀ ਪਰਿਵਾਰ ਛੋਟੇ ਕਰਕੇ ਆਬਾਦੀ ਉੱਤੇ ਕਾਬੂ ਪਾ ਲੈਂਦੇ ਹਨ। ਹੁਣ ਸਰਕਾਰ ਨੂੰ ਪਰਿਵਾਰ ਨਿਯੋਜਨ ਨੂੰ ਲਾਗੂ ਕਰਨ ਵਿਚ ਦੇਰੀ ਨਹੀਂ ਕਰਨੀ ਚਾਹੀਦੀ, ਸਗੋਂ ਇਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕਰਕੇ ਵਧਦੀ ਆਬਾਦੀ ਉੱਤੇ ਕਾਬੂ ਪਾ ਕੇ ਇਸ ਸੰਬੰਧ ਵਿਚ ਪਹਿਲੇ ਨੰਬਰ ਉੱਤੇ ਆਉਣ ਦੀ ਥਾਂ ਉੱਤੇ ਦੂਜੇ ਨੰਬਰ ਤੋਂ ਥੱਲੇ ਵਲ ਜਾਣ ਦੀ ਕੋਸ਼ਿਸ ਕਰਨੀ ਚਾਹੀਦੀ ਹੈ।

*# ਪ੍ਰੋਫ਼ੈਸਰ ਜਿਓਗਰਫ਼ੀ ਵਿਭਾਗ,*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*




# Sukhdev Singh Banga Passed Away

Sadly, Sukhdev Singh Banga, Son of Sh. Charan Dass Banga and Bibi KartarKaur Banga, brother of Hardial Banga, Mohinder Banga and Balbir Banga,Mohinder Loi, Rashpal Kaur, Bimla Lingam and Sona Lal passed away as aresult of massive heart attack. He had the heart attack at home and wasrushed to the hospital, where he took his last breath. His death was veryuntimely, unexpected and unfortunate. He was only 47 years old. He issurvived by his wife, Suman Bala Banga, 5 children and parents. He was avery hard working and kind person. He sincerely took care of his agingparents. The SEWA he did of his parents is exemplary. He was truly a Gem.

**FUNERAL SERVICES:** His funeral services will be on 8/31/19, Saturday morning at 10:00 AM, atthe Pittsburg Funeral Chapel, 2295 Railroad Ave Pittsburg.

**VIEWING:**Viewing will be on Friday, August 30 at 6:00 PM.

**CREMATION SERVICES:** Cremation services will be at Oakview Memorial Park 2500 E. 18th St.Antioch, CA 94509 at 1:00 PM.

**FINAL ARDASS:** Final Ardass and Guru Ka Langar will be at Sri Guru Ravidass Temple, 2150Crestview Drive, Pittsburg, after the cremation.

We will never forget his smiling face and amazing attitude. May god blesshis soul and give Banga family the courage to bear this irreparable loss.

***Desh Doaba sends its condolence to the Banga Family, relatives and friends on their biggest loss***

# ਭਾਜਪਾ ਦੀ ਕਦਮ-ਤਾਲ, ਬੇਬਸ ਵਿਰੋਧੀ ਧਿਰ ਅਤੇ ਨਿਰਾਸ਼ ਲੋਕ



ਗੁਰਮੀਤ ਪਲਾਹੀ
91-98158-02070

**ਭਾਜਪਾ ਦੀ ਚੜ੍ਹਤ, ਭਾਰਤੀ ਰਾਜਨੀਤੀ 'ਚ, ਕਾਂਗਰਸ ਦੀ ਸਮੁੱਚੇ ਭਾਰਤ 'ਚ ਫੈਲਾਅ ਦੀ ਸਮਾਪਤੀ ਦਰਸਾਉਂਦੀ ਹੈ। ਭਾਰਤ ਦੀ ਰਾਜਨੀਤੀ 'ਚ ਖੱਬੇ ਦਲ ਹਾਸ਼ੀਏ 'ਤੇ ਜਾ ਚੁੱਕੇ ਹਨ, ਜਿਹਨਾ ਨੂੰ ਲੋਕਾਂ ਤੋਂ ਵੱਡੀਆਂ ਉਮੀਦਾਂ ਸਨ। ਪੱਛਮੀ ਬੰਗਾਲ 'ਚ ਖੱਬੇ ਪੱਖੀ ਰਾਜ ਦੇ ਖ਼ਾਤਮੇ ਨੇ ਖੱਬੇ ਪੱਖੀ ਦਲਾਂ ਦਾ ਦੇਸ਼ ਵਿੱਚ ਪ੍ਰਭਾਵ ਘਟਾਇਆ ਹੈ। ਇੰਜ ਦੇਸ਼ ਅੱਜ ਰਾਸ਼ਟਰਵਾਦੀ ਧਰੁਵੀਕਰਨ ਵੱਲ ਵਧਦਾ ਨਜ਼ਰ ਆ ਰਿਹਾ ਹੈ। ਸੰਸਦ ਵਿੱਚ ਵਿਰੋਧੀ ਧਿਰ ਚਿੱਤ ਹੋ ਰਹੀ ਹੈ, ਉਸਦਾ ਮਹੱਤਵ ਹੀ ਕੋਈ ਨਹੀਂ ਰਿਹਾ, ਭਾਜਪਾ ਦੀ ਥ੍ਰੀ ਨਾਟ ਥ੍ਰੀ ਦੀ ਗਿਣਤੀ (303 ਲੋਕ ਸਭਾ ਮੈਂਬਰ) ਵਿਰੋਧੀ ਆਵਾਜ਼ ਨੂੰ ਲਗਾਤਾਰ ਦਬਾਉਂਦੀ ਹੈ ਅਤੇ ਮਨ ਚਾਹੇ ਬਿੱਲ ਪਾਸ ਕਰਵਾ ਰਹੀ ਹੈ।**

ਮੋਦੀ ਸਰਕਾਰ ਦੀ ਦੂਜੀ ਪਾਰੀ ਵਿੱਚ ਮੋਦੀ-ਸ਼ਾਹ ਜੋੜੀ ਨੇ ਜਿਸ ਆਤਮ-ਵਿਸ਼ਵਾਸ ਅਤੇ ਹਮਲਾਵਰ ਰੁਖ ਨਾਲ ਪਹਿਲਾਂ ਤਿੰਨ ਤਲਾਕ ਬਿੱਲ ਕਨੂੰਨ ਬਣਾਇਆ ਅਤੇ ਫਿਰ ਰਾਜ ਸਭਾ ਵਿੱਚ ਭਾਜਪਾ ਦਾ ਬਹੁਮਤ ਨਾ ਹੁੰਦਿਆਂ ਹੋਇਆਂ ਵੀ ਕਸ਼ਮੀਰ ਵਿੱਚੋਂ ਧਾਰਾ 370 ਅਤੇ 35-ਏ ਖ਼ਤਮ ਕਰਨ ਦਾ ਕਨੂੰਨ ਵਿਰੋਧੀ ਧਿਰ 'ਚ ਭੰਨ-ਤੋੜ ਕਰਕੇ ਪਾਸ ਕਰਵਾ ਲਿਆ, ਉਹ ਭਾਰਤ ਦੀ ਵਿਰੋਧੀ ਧਿਰ ਲਈ ਸ਼ਰਮਨਾਕ ਸੀ। ਜਾਪਦਾ ਹੈ ਜਿਵੇਂ ਵਿਰੋਧੀ ਧਿਰ ਢਹਿ ਰਹੀ ਹੈ, ਹੌਸਲਾ ਹਾਰ ਰਹੀ ਹੈ ਅਤੇ ਇਥੋਂ ਤੱਕ ਕਿ ਲੜਨਾ ਵੀ ਛੱਡ ਰਹੀ ਹੈ। ਮੋਦੀ-2 ਸਰਕਾਰ, ਅਮਿਤ ਸ਼ਾਹ ਅਤੇ ਉਸਦੀ ਹੋਮ ਮਨਿਸਟਰੀ ਰਾਹੀਂ, ਭਾਜਪਾ ਦੇ ਬੁਨਿਆਦੀ ਏਜੰਡੇ ਨੂੰ ਹਕੀਕਤ ਵਿੱਚ ਬਦਲਣ ਲਈ ਯਤਨਸ਼ੀਲ ਹੈ। ਤਿੰਨ ਤਲਾਕ ਇਸ ਦਿਸ਼ਾ ਵਿੱਚ ਪਹਿਲਾ ਕਦਮ ਸੀ, ਕਸ਼ਮੀਰ ਵਿਚੋਂ ਧਾਰਾ-370 ਅਤੇ 35-ਏ ਖ਼ਤਮ ਕਰਨਾ ਦੂਜਾ ਕਦਮ ਰਿਹਾ। ਅਤੇ ਹੁਣ ਕੀ ਭਾਜਪਾ ਦੇ ਏਜੰਡੇ 'ਚ ਖਾਸ ਥਾਂ ਰੱਖਦੇ ਅਯੁੱਧਿਆ ਵਿੱਚ ਰਾਮ ਮੰਦਰ ਦੇ ਨਿਰਮਾਣ ਨੂੰ ਟਾਲਿਆ ਜਾ ਸਕਦਾ ਹੈ ਜਾਂ ਰੋਕਿਆ ਜਾ ਸਕਦਾ ਹੈ? ਉਸ ਵੇਲੇ ਜਦੋਂ ਭਾਜਪਾ, ਰਾਜ ਸਭਾ ਵਿੱਚ ਆਪਣੇ ਬਲਬੂਤੇ ਰਾਜ ਸਭਾ ਵਿੱਚ ਬਹੁਮਤ ਹਾਸਲ ਕਰ ਲਵੇਗੀ, ਕੀ ਭਾਜਪਾ ਦੇਸ਼ ਨੂੰ ਸੰਘ ਪਰਿਵਾਰ ਦੇ ਏਜੰਡੇ ਨੂੰ ਲਾਗੂ ਕਰਨ ਲਈ ਹਿੰਦੂ ਰਾਸ਼ਟਰ ਬਨਾਉਣ ਵੱਲ ਕਦਮ ਨਹੀਂ ਪੁੱਟੇਗੀ?

ਪਿਛਲੇ ਦਿਨੀਂ ਜਦੋਂ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਕਾਂਗਰਸ ਦੀ ਭਾਜਪਾ ਨਾਲ ਵਿਚਾਰਧਾਰਾ ਦੀ ਲੜਾਈ ਹੈ। ਰਾਹੁਲ ਨੇ ਇਹ ਵੀ ਕਿਹਾ ਸੀ ਕਿ ਅਗਰ ਭਾਰਤ ਕੰਪਿਊਟਰ ਹੈ ਤਾਂ ਕਾਂਗਰਸ ਪਾਰਟੀ ਉਸਦਾ ਉਪਰੇਟਿੰਗ ਸਿਸਟਮ (ਚਾਲਕ) ਹੈ। ਲੇਕਿਨ ਕੁਝ ਦਿਨ ਪਹਿਲਾਂ ਜਿਸ ਢੰਗ ਦਾ ਘਟਨਾ ਕਰਮ ਵਾਪਰਿਆ ਹੈ, ਉਸ ਤੋਂ ਤਾਂ ਸਿੱਧ ਹੁੰਦਾ ਹੈ ਕਿ ਵਿਰੋਧੀ ਧਿਰ ਢਹਿ ਰਹੀ ਹੈ, ਖੇਰੂੰ-ਖੇਰੂੰ ਹੋ ਰਹੀ ਹੈ। ਕਾਂਗਰਸ ਦਾ ਤਾਂ ਹੁਣ ਬੁਰਾ ਹਾਲ ਹੋ ਰਿਹਾ ਹੈ, ਜਿਹੜੀ 2004 ਅਤੇ 2009 'ਚ ਕਮਜ਼ੋਰ ਤਾਂ ਹੋ ਚੁੱਕੀ ਸੀ, ਪਰ ਰਾਜ ਭਾਗ ਲਈ ਜੋੜ-ਤੋੜ ਕਰਦੀ ਰਹੀ। ਪਰ 2014 ਦੀਆਂ ਚੋਣਾਂ 'ਚ ਮਸਾਂ 44 ਲੋਕ ਸਭਾ ਸੀਟਾਂ ਜਿੱਤ ਸਕੀ ਅਤੇ 2019 'ਚ ਵੀ ਉਹ ਚੰਗੀ ਕਾਰਗੁਜ਼ਾਰੀ ਨਾ ਦਿਖਾ ਸਕੀ। ਹੁਣ ਤਾਂ ਭਾਜਪਾ ਹੀ ਦੇਸ਼ ਰੂਪੀ ਕੰਪਿਊਟਰ ਦਾ ਉਪਰੇਟਿੰਗ ਸਿਸਟਮ (ਚਾਲਕ) ਬਨਣ ਲਈ ਤਿਆਰ ਹੈ।

ਉੱਤਰੀ ਭਾਰਤ ਵਿੱਚ ਭਾਜਪਾ ਨੇ ਫੰਨ ਫੈਲਾ ਲਿਆ ਹੈ। ਦੱਖਣੀ ਭਾਰਤ ਵਿੱਚ ਉਸਦਾ ਦਬ-ਦਬਾ ਵਧਦਾ ਜਾ ਰਿਹਾ ਹੈ। ਟੀ. ਆਰ. ਐਸ., ਬੀਜਦ, ਅੰਨਾ.ਡੀ.ਐਮ.ਕੇ., ਵਾਈ. ਆਰ..ਐਸ. ਕਾਂਗਰਸ ਪਾਰਟੀਆਂ ਨੂੰ ਭਾਜਪਾ ਆਪਣੀ ਧਿਰ ਨਾਲ ਜੋੜਨ 'ਚ ਕਾਮਯਾਬ ਹੋ ਚੁੱਕੀ ਹੈ। ਬਹੁਤੇ ਖੇਤਰੀ ਦਲ, ਕੇਂਦਰ ਸਰਕਾਰ ਦੇ ਨਾਲ ਹੋਕੇ ਇਸ ਲਈ ਤੁਰਨਾ ਚਾਹੁੰਦੇ ਹਨ ਕਿ ਉਹਨਾ ਨੂੰ ਆਪਣੀ ਸਰਕਾਰ ਚਲਾਉਣ ਲਈ ਮੋਦੀ-ਸ਼ਾਹ ਜੋੜੀ ਤੋਂ ਧਨ ਮਿਲਦਾ ਰਹੇ। ਉਂਜ ਵੀ ਉਹ ਡਰਦੇ ਹਨ ਕਿ ਉਹਨਾ ਦੇ ਨੇਤਾਵਾਂ ਉਤੇ ਕੇਂਦਰ ਸਰਕਾਰ ਦੀ ਆਈ.ਡੀ., ਸੀ.ਬੀ.ਆਈ., ਆਮਦਨ ਕਰ ਵਿਭਾਗ ਆਪਣਾ ਹੰਟਰ ਲੈ ਕੇ ਉਹਨਾ ਨੂੰ ਹੈਰਾਨ-ਪ੍ਰੇਸ਼ਾਨ ਨਾ ਕਰੇ। ਭਾਜਪਾ ਦੀ 2014 ਅਤੇ 2019 'ਚ ਲਗਾਤਾਰ ਜਿੱਤ ਅਤੇ ਬਹੁਤੇ ਸੂਬਿਆਂ 'ਚ ਪਸਾਰਾ ਭਾਰਤੀ ਰਾਜਨੀਤੀ 'ਚ ਬਦਲਾਅ ਦਾ ਸੰਕੇਤ ਹੈ।

ਭਾਜਪਾ ਦੀ ਚੜ੍ਹਤ, ਭਾਰਤੀ ਰਾਜਨੀਤੀ 'ਚ, ਕਾਂਗਰਸ ਦੀ ਸਮੁੱਚੇ ਭਾਰਤ 'ਚ ਫੈਲਾਅ ਦੀ ਸਮਾਪਤੀ ਦਰਸਾਉਂਦੀ ਹੈ। ਭਾਰਤ ਦੀ ਰਾਜਨੀਤੀ 'ਚ ਖੱਬੇ ਦਲ ਹਾਸ਼ੀਏ 'ਤੇ ਜਾ ਚੁੱਕੇ ਹਨ, ਜਿਹਨਾ ਨੂੰ ਲੋਕਾਂ ਤੋਂ ਵੱਡੀਆਂ ਉਮੀਦਾਂ ਸਨ। ਪੱਛਮੀ ਬੰਗਾਲ 'ਚ ਖੱਬੇ ਪੱਖੀ ਰਾਜ ਦੇ ਖ਼ਾਤਮੇ ਨੇ ਖੱਬੇ ਪੱਖੀ ਦਲਾਂ ਦਾ ਦੇਸ਼ ਵਿੱਚ ਪ੍ਰਭਾਵ ਘਟਾਇਆ ਹੈ। ਇੰਜ ਦੇਸ਼ ਅੱਜ ਰਾਸ਼ਟਰਵਾਦੀ ਧਰੁਵੀਕਰਨ ਵੱਲ ਵਧਦਾ ਨਜ਼ਰ ਆ ਰਿਹਾ ਹੈ।

ਸੰਸਦ ਵਿੱਚ ਵਿਰੋਧੀ ਧਿਰ ਚਿੱਤ ਹੋ ਰਹੀ ਹੈ, ਉਸਦਾ ਮਹੱਤਵ ਹੀ ਕੋਈ ਨਹੀਂ ਰਿਹਾ, ਭਾਜਪਾ ਦੀ ਥ੍ਰੀ ਨਾਟ ਥ੍ਰੀ ਦੀ ਗਿਣਤੀ (303 ਲੋਕ ਸਭਾ ਮੈਂਬਰ) ਵਿਰੋਧੀ ਆਵਾਜ਼ ਨੂੰ ਲਗਾਤਾਰ ਦਬਾਉਂਦੀ ਹੈ ਅਤੇ ਮਨ ਚਾਹੇ ਬਿੱਲ ਪਾਸ ਕਰਵਾ ਰਹੀ ਹੈ। ਜਿਵੇਂ ਕਿ ਉਸਨੇ ਸੂਚਨਾ ਦਾ ਅਧਿਕਾਰ ਕਾਨੂੰਨ 'ਚ ਸੋਧ ਕਰਕੇ, ਇਸ ਨੂੰ ਕਮਜ਼ੋਰ ਕਰਨਾ ਅਤੇ ਐਨ.ਆਈ.ਏ. ਨੂੰ ਲੋੜੋਂ ਵੱਧ ਅਧਿਕਾਰ ਦੇਣਾ ਆਦਿ ਬਿੱਲ ਲੋਕ ਸਭਾ, ਰਾਜ ਸਭਾ 'ਚ ਪਾਸ ਕਰਵਾ ਲਏ ਗਏ।

ਲੋਕ ਸਭਾ 'ਚ ਬਹੁਮਤ ਪ੍ਰਾਪਤ ਕਰਨ ਉਪਰੰਤ, ਰਾਜ ਸਭਾ 'ਚ ਬਹੁਮਤ ਪ੍ਰਾਪਤ ਕਰਨ ਲਈ ਭਾਜਪਾ ਵਲੋਂ ਹਰ ਹੀਲਾ ਵਰਤਿਆ ਜਾ ਰਿਹਾ ਹੈ। ਵਿਰੋਧੀ ਧਿਰ ਦੇ ਰਾਜ ਸਭਾ ਮੈਂਬਰਾਂ ਤੋਂ ਅਸਤੀਫ਼ਾ ਦੁਆਕੇ, ਉਹਨਾ ਨੂੰ ਆਪਣੀ ਪਾਰਟੀ 'ਚ ਸ਼ਾਮਲ ਕਰਕੇ, ਉਸੇ ਸੀਟ ਉਤੇ ਆਪਣੇ ਸ਼ਾਸ਼ਤ ਸੂਬਿਆਂ ਤੋਂ ਉਮੀਦਵਾਰ ਬਣਾਕੇ ਮੁੜ ਆਪਣੀ ਧਿਰ 'ਚ ਸ਼ਾਮਲ ਕੀਤਾ ਜਾ ਰਿਹਾ ਹੈ।

ਵਿਰੋਧੀ ਧਿਰ ਦੀਆਂ ਸੂਬਿਆਂ ਵਿਚਲੀਆਂ ਸਰਕਾਰਾਂ ਤੋੜ ਕੇ ਉਹਨਾ ਦੇ ਵਿਧਾਇਕ ਸਾਮ-ਦਾਮ-ਦੰਡ ਦੇ ਫਾਰਮੂਲੇ ਨਾਲ ਭਾਜਪਾ 'ਚ ਸ਼ਾਮਲ ਕੀਤੇ ਜਾ ਰਹੇ ਹਨ ਅਤੇ ਆਪਣੀਆਂ ਸਰਕਾਰਾਂ ਉਥੇ ਸਥਾਪਿਤ ਕੀਤੀਆਂ ਜਾ ਰਹੀਆਂ ਹਨ। ਭਾਜਪਾ ਵਲੋਂ ਅਪਣਾਈ 'ਫੁਟ ਪਾਉ ਤੇ ਰਾਜ ਕਰੋ' ਦੀ ਨੀਤੀ ਤਹਿਤ ਕਰਨਾਟਕ ਵਿੱਚ ਕਾਂਗਰਸ ਜੀ.ਡੀ.ਐਸ. ਸਰਕਾਰ, ਵਿਧਾਇਕਾਂ ਦੀ ਤੋੜ-ਫੋੜ ਕਰਕੇ ਡੇਗ ਦਿੱਤੀ ਗਈ। ਭਾਜਪਾ ਸਮੂਹਿਕ ਰੂਪ ਵਿੱਚ ਜਾਂ ਇੱਕਾ-ਦੁਕਾ ਵਿਰੋਧੀ ਵਿਧਾਇਕਾਂ/ ਸਾਂਸਦਾਂ ਨੂੰ ਆਪੋ-ਆਪਣੀਆਂ ਪਾਰਟੀਆਂ ਤੋਂ ਅੱਲਗ ਕਰਨ ਦੇ ਰਸਤੇ 'ਤੇ ਹੈ। ਗੋਆ ਵਿੱਚ ਕਾਂਗਰਸ ਦੇ 15 ਵਿਧਾਇਕਾਂ ਵਿੱਚ 10 ਵਿਧਾਇਕ (ਦੋ ਤਿਹਾਈ) ਭਾਜਪਾ 'ਚ ਸ਼ਾਮਲ ਹੋ ਗਏ। ਤ੍ਰਿਮੂਲ ਕਾਂਗਰਸ, ਤੇਲਗੂ ਦੇਸ਼ਮ, ਅਤੇ ਰਾਸ਼ਟਰਵਾਦੀ ਕਾਂਗਰਸ ਦੇ ਵਿਧਾਇਕ ਭਾਜਪਾ ਦੇ ਖੇਮੇ 'ਚ ਚਲੇ ਗਏ। ਸਮਾਜਵਾਦੀ ਪਾਰਟੀ ਦੇ ਨੀਰਜ ਸ਼ੇਖਰ, ਕਾਂਗਰਸ ਦੇ ਸੰਜੇ ਸਿੰਘ, ਰਾਜ ਸਭਾ ਤੋਂ ਅਸਤੀਫ਼ੇ ਦੇ ਗਏ। ਭਾਜਪਾ 'ਚ ਸ਼ਾਮਲ ਹੋ ਗਏ। ਉਹ ਦੋਵੇਂ ਭਾਜਪਾ ਟਿਕਟ 'ਤੇ ਲੜਣਗੇ ਅਤੇ ਭਾਜਪਾ ਦੀ ਰਾਜ ਸਭਾ 'ਚ ਗਿਣਤੀ ਵਧਾਉਣਗੇ।

ਇੰਜ ਭਾਜਪਾ ਦੀ ਸਰਕਾਰ ਆਪਣੇ ਬੁਨਿਆਦੀ ਨਿਸ਼ਾਨੇ ਦੀ ਪ੍ਰਾਪਤੀ ਲਈ ਹਰ ਹਰਬਾ ਵਰਤ ਰਹੀ ਹੈ, ਕਿਉਂਕਿ ਭਾਜਪਾ ਸਿਰਫ਼ ਕਾਂਗਰਸ ਮੁਕਤ ਭਾਰਤ ਦੀ ਗੱਲ ਹੀ ਨਹੀਂ ਕਰਦੀ, ਸਗੋਂ ਆਪਣੇ ਵਿਰੋਧ ਵਿੱਚ ਉਠੀ ਹਰ ਆਵਾਜ਼ ਨੂੰ ਚੁੱਪ ਕਰਵਾਉਣ ਦਾ ਰਾਸਤਾ ਫੜਕੇ" "ਇੱਕਲੇ ਚਲੋ" ਦੀ ਰਾਜਨੀਤੀ ਉਤੇ ਕੰਮ ਕਰ ਰਹੀ ਹੈ। ਬੰਗਾਲ ਵਿੱਚ ਤ੍ਰਿਮੂਲ ਕਾਂਗਰਸ, ਪੰਜਾਬ, ਰਾਜਸਥਾਨ, ਮੱਧ ਪ੍ਰਦੇਸ਼ ਵਿੱਚੋਂ ਕਾਂਗਰਸ ਦੇ ਰਾਜ ਦਾ ਖ਼ਾਤਮਾ ਤਾਂ ਉਸਦੇ ਅਜੰਡੇ ਉਤੇ ਹੈ ਹੀ, ਪਰ ਪੰਜਾਬ ਵਿੱਚ ਆਉਣ ਵਾਲੀ ਚੋਣ ਤੱਕ ਉਹ ਸ਼੍ਰੋਮਣੀ ਅਕਾਲੀ ਦਲ ( ਬਾਦਲ) ਨਾਲੋਂ ਤੋੜ-ਵਿਛੋੜਾ ਕਰਕੇ, ਚਰਚਾ ਹੈ ਕਿ ਸਿੱਖ ਚਿਹਰਿਆਂ ਨੂੰ ਅਗੇ ਲਿਆਕੇ, ਉਹ ਪੰਜਾਬ 'ਚ ਆਪਣਾ ਮੁੱਖ ਮੰਤਰੀ ਬਣਾਕੇ ਰਾਜ ਕਰਨ ਦੀ ਚਾਹਵਾਨ ਵੀ ਹੈ।

ਇਹੋ ਕਾਰਨ ਹੈ ਕਿ ਉਸ ਵਲੋਂ ਪੰਜਾਬ 'ਚ ਵੱਡੀ ਪੱਧਰ 'ਤੇ ਮੈਂਬਰਸ਼ਿਪ ਭਰਤੀ ਕੀਤੀ ਜਾ ਰਹੀ ਹੈ ਅਤੇ ਅਕਾਲੀਆਂ ਨਾਲੋਂ ਤੋੜ-ਵਿਛੋੜਾ ਕਰਨ ਲਈ ਹੁਣੇ ਤੋਂ ਹੀ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਅੱਧੀਆਂ ਸੀਟਾਂ ਉਤੇ ਦਾਵੇਦਾਰੀ ਪੇਸ਼ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਇਸੇ ਸਾਲ ਹੋਣ ਵਾਲੀਆਂ ਹਰਿਆਣਾ, ਮਹਾਂਰਾਸ਼ਟਰ ਅਤੇ ਅਗਲੇ ਸਾਲ 'ਚ ਸ਼ੁਰੂ ਹੋਣ ਵਾਲੀਆਂ ਝਾਰਖੰਡ ਅਤੇ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਭਾਜਪਾ ਹਰ ਹੀਲੇ ਜਿੱਤਣ ਲਈ ਯਤਨਸ਼ੀਲ ਰਹੇਗੀ।

ਸਾਲ 1990 ਦੇ ਦਹਾਕੇ 'ਚ ਕੇਂਦਰ ਵਿੱਚ ਭਾਜਪਾ ਦਾ ਉਭਾਰ ਹੈਰਾਨ ਕਰਨ ਵਾਲਾ ਸੀ, ਜਿਸਨੇ ਇਹ ਦਸ ਦਿੱਤਾ ਸੀ ਕਿ ਕਾਂਗਰਸ ਦਾ ਪਸ਼ਟ ਬਦਲ ਭਾਜਪਾ ਹੀ ਹੈ। ਭਾਜਪਾ ਦੇ ਬਾਜਪਾਈ ਦੇ ਕਾਰਜਕਾਲ ਨੂੰ ਲੋਕ ਕਾਂਗਰਸੀਕਰਨ ਅਤੇ ਉਦਾਰੀਕਰਨ ਦਾ ਦੌਰ ਕਹਿੰਦੇ ਸਨ। ਪਰ 2014 ਤੇ 2019 'ਚ ਭਾਜਪਾ ਦੀ ਜਿੱਤ ਅਤੇ ਵੋਟ ਬੈਂਕ 'ਚ ਵਾਧੇ ਨੇ ਬਹੁਤੇ ਲੋਕਾਂ ਨੂੰ ਹੈਰਾਨ-ਪ੍ਰੇਸ਼ਾਨ ਕੀਤਾ ਹੈ। ਜਿਵੇਂ 1975 ਦੀ ਇੰਦਰਾ ਗਾਂਧੀ ਵਲੋਂ ਦੇਸ਼ ਉਤੇ ਥੋਪੀ ਐਮਰਜੈਂਸੀ ਸਮੇਂ ਲੋਕ ਬੇਬਸ ਮਹਿਸੂਸ ਕਰ ਰਹੇ ਸਨ, ਅਤੇ ਵਿਰੋਧੀ ਧਿਰ ਨੂੰ ਇੰਦਰਾ ਗਾਂਧੀ ਦੀ ਕਾਰਜਸ਼ੈਲੀ ਨੇ ਆਤੁਰ ਬਣਾ ਦਿੱਤਾ ਸੀ, ਇਵੇਂ ਹੀ ਲੋਕ ਹਿੱਤਾਂ ਤੋਂ ਉਲਟ ਜਾਕੇ ਤਾਬੜ ਤੋੜ ਲਏ ਗਏ ਭਾਜਪਾ ਦੀ ਸਰਕਾਰ ਦੇ ਫੈਸਲਿਆਂ ਨੇ ਲੋਕਾਂ ਨੂੰ ਨਿਰਾਸ਼ ਕੀਤਾ ਹੈ। ਰਿਜ਼ਰਵੇਸ਼ਨ ਸਬੰਧੀ ਸੰਘ ਪਰਿਵਾਰ ਦੇ ਮੁੱਖੀ ਵਲੋਂ ਬਹਿਸ ਦਾ ਸੱਦਾ, ਤੁਗਲਕਾਬਾਦ ਵਿੱਚ ਗੁਰੂ ਰਵਿਦਾਸ ਦੇ ਪੁਰਾਤਨ ਮੰਦਰ ਦਾ ਢਾਇਆ ਜਾਣਾ, 370 ਧਾਰਾ ਦਾ ਕਸ਼ਮੀਰ ਵਿਚੋਂ ਖ਼ਾਤਮਾ ਕਰਨਾ, ਆਮਦਨ ਕਰ ਵਿਭਾਗ ਈ.ਡੀ. ਅਤੇ ਸੀ.ਬੀ ਆਈ. ਦੀ ਵਿਰੋਧੀ ਧਿਰ ਦੇ ਆਗੂਆਂ ਨੂੰ ਦਬਾਉਣ ਲਈ ਵਰਤੋਂ ਕਰਨਾ, ਸੂਚਨਾ ਦੇ ਅਧਿਕਾਰ ਨੂੰ ਪੇਤਲਾ ਕਰਕੇ ਉਸਦਾ ਸਰਕਾਰੀਕਰਨ ਕਰਨਾ ਅਤੇ ਐਨ.ਆਈ. ਏ. ਨੂੰ ਲੋੜੋਂ ਵੱਧ ਅਧਿਕਾਰ ਦੇਣਾ (ਜਿਸ ਅਧੀਨ ਕਿਸੇ ਨੂੰ ਵੀ ਅੱਤਵਾਦੀ ਕਰਾਰ ਦਿੱਤਾ ਜਾ ਸਕਦਾ ਹੈ), ਦੇਸ਼ ਵਿੱਚ ਐਮਰਜੈਂਸੀ ਦੇ ਸਮੇਂ ਦੀ ਯਾਦ ਦੁਆਉਂਦਾ ਹੈ। ਜਿਸ ਢੰਗ ਨਾਲ ਕੌਮੀ ਪ੍ਰੈਸ ਦੀ ਵਰਤੋਂ ਸਰਕਾਰ ਵਲੋਂ ਨਿਰੰਤਰ ਸੱਚ ਨੂੰ ਝੂਠ ਨੂੰ ਸੱਚ ਬਨਾਉਣ ਲਈ ਅਤੇ ਵਿਰੋਧੀ ਆਵਾਜ਼ਾਂ ਨੂੰ ਬੰਦ ਕਰਨ ਲਈ ਕੀਤੀ ਜਾ ਰਹੀ ਹੈ, ਉਹ ਆਮ ਲੋਕਾਂ ਵਿੱਚ ਨਿਰਾਸ਼ਾ ਅਤੇ ਅਸੰਤੋਸ਼ ਪੈਦਾ ਕਰ ਰਹੀ ਹੈ। ਭਾਜਪਾ ਲੋਕਾਂ ਦੇ ਇਸ ਅਸੰਤੋਸ਼ ਤੋਂ ਬੇਖ਼ਬਰ ਆਪਣੇ ਬੁਨਿਆਦੀ ਨਿਸ਼ਾਨੇ ਵੱਲ ਕਦਮ ਤਾਲ ਕਰਦੀ ਅੱਗੇ ਵਧਦੀ ਜਾ ਰਹੀ ਹੈ।

ਵਿਰੋਧੀ ਧਿਰ ਬੇਬਸੀ ਦੇ ਆਲਮ ਵਿੱਚ, ਲੋਕਾਂ ਨਾਲੋਂ ਟੁੱਟੀ, ਉਹਨਾ ਦੀਆਂ ਮੁਸੀਬਤਾਂ ਤੋਂ ਅੱਖਾਂ ਫੇਰਕੇ ਨਿਸਲ ਹੋਈ ਬੈਠੀ ਹੈ। ਰਾਸ਼ਟਰਵਾਦੀ ਧਰੁਵੀਕਰਨ ਵੱਲ ਝੁਕਦੀ ਵਰਤਮਾਨ ਰਾਜਨੀਤੀ ਵਿੱਚ, ਜਦੋਂ ਸੰਸਦ ਵਿੱਚ ਵਿਰੋਧੀ ਧਿਰ ਆਪਣੀ ਗੱਲ ਰੱਖਣ 'ਚ ਫੇਲ੍ਹ ਹੋ ਚੁੱਕੀ ਹੈ ਅਤੇ ਉਸਦੇ ਕਹੇ ਦਾ ਕੋਈ ਮਤਲਬ ਹੀ ਨਹੀਂ ਰਹਿ ਗਿਆ ਤਾਂ ਲੋਕਾਂ ਕੋਲ ਸੜਕਾਂ ਤੇ ਆਕੇ ਆਪਣੀ ਆਵਾਜ਼ ਸਰਕਾਰ ਤੱਕ ਪਹੁੰਚਾਉਣਾ ਹੀ ਬਦਲ ਹੈ। ਬਿਨ੍ਹਾਂ ਸ਼ੱਕ ਸਰਕਾਰ ਨੂੰ ਲੋਕਾਂ ਦੀ ਇਹ ਆਵਾਜ਼ ਪਸੰਦ ਨਹੀਂ ਹੋਏਗੀ।

-----

# ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੀ ਮੀਟਿੰਗ ਡੇਰਾ ਚੱਕ ਹਕੀਮ ਫਗਵਾੜਾ ਵਿਖੇ ਹੋਈ

**ਫਗਵਾੜਾ-** ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੀ ਮੀਟਿੰਗ ਡੇਰਾ ਚੱਕ ਹਕੀਮ ਫਗਵਾੜਾ ਵਿਖੇ ਹੋਈ ਜਿਸ ਵਿੱਚ ਬਹੁਜਨ ਫਰੰਟ ਪੰਜਾਬ ਦਾ ਗਠਨ ਕੀਤਾ ਗਿਆ ਅਤੇ ਸਘੰਰਸ਼ ਦੀ ਰੂਪ ਰੇਖਾ ਤਿਆਰ ਕੀਤੀ ਗਈ ਸੋਮ ਪ੍ਰਕਾਸ਼ ਭਾਜਪਾ ਮੰਤਰੀ ਦਾ 28 ਅਗਸਤ ਨੂੰ ਹਰਸਿਮਰਤ ਕੌਰ ਬਾਦਲ ਦਾ 31 ਅਗਸਤ ਨੂੰ ਹਰਦੀਪ ਸਿੰਘ ਪੁਰੀ ਅਤੇ ਸ੍ਵੇਤ ਮਾਲਕ ਭਾਜਪਾ ਪ੍ਰਧਾਨ ਦਾ ਘਿਰਾਓ ਕਰਨ ਦਾ ਪਰੋਗਰਾਮ ਦਿਤਾ ਗਿਆ 28 ਅਗਸਤ ਨੂੰ ਡੇਰਾ ਚਕ ਹਕੀਮ ਫਗਵਾੜਾ ਵਿਖੇ ਸਵੇਰੇ 10 ਵਜੇ ਪਹੁੰਚ ਕੇ ਸਘੰਰਸ਼ ਨੂੰ ਸਫਲ ਬਣਾਉ 31 ਅਗਸਤ ਨੂੰ ਬਠਿੰਡਾ ਵਿਖੇ ਪਹੁੰਚ ਕੇ ਹਰਸਿਮਰਤ ਕੌਰ ਬਾਦਲ ਦਾ ਘਿਰਾਓ ਕਰਨ ਲਈ ਪਹੁੰਚ ਕੇ ਸਫਲ ਬਣਾਓ ਹਰਦੀਪ ਸਿੰਘ ਪੁਰੀ ਅਤੇ ਸ੍ਵੇਤ ਮਾਲਕ ਭਾਜਪਾ ਪ੍ਰਧਾਨ ਦਾ ਘਿਰਾਓ ਕਰਨ ਦੀ ਤਰੀਕ ਬਠਿੰਡਾ ਵਿਖੇ ਅਨਾਊਂਸਮੈਂਟ ਕੀਤੀ ਜਾਵੇਗੀ ਜੀ 2 ਸਤੰਬਰ ਤੋਂ 7 ਸਤੰਬਰ ਤੱਕ ਪੰਜਾਬ ਦੇ ਡੀ ਸੀ ਦਫਤਰਾਂ ਤੇ ਜਥੇ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਭੁਖ ਹੜਤਾਲ ਕਰਨਗੇ ਸਾਰੇ ਸਾਧੂ ਸੰਤ ਸਮਾਜ ਨੇ ਰਵਿਦਾਸੀਆ ਬਹੁਜਨ ਸਮਾਜ ਨੂੰ ਇਕਜੁੱਟ ਹੋ ਕੇ ਸਘੰਰਸ਼ ਕਰਨ ਦੀ ਅਪੀਲ ਕੀਤੀ।

# ਪੰਜਾਬ ਅੰਦਰ ਟੁੱਟੀਆਂ ਸੜਕਾਂ ਤੋਂ ਕਦੋਂ ਨਿਜਾਤ ਮਿਲੇਗੀ



ਮੇਜਰ ਸਿੰਘ ਨਾਭਾ
91-94635-53962

ਦੇਸ਼ ਆਜ਼ਾਦ ਹੋਇਆਂ ਸੱਤ ਦਹਾਕੇ ਤੋਂ ਵੱਧ ਸਮਾਂ ਹੋ ਗਿਆ ਅਜੇ ਤੱਕ ਦੇਸ਼ ਅੰਦਰ ਸੜਕਾਂ ਦੀ ਹਾਲਤ ਖਸਤਾ ਰੂਪ 'ਚ ਹੀ ਨਜ਼ਰ ਆ ਰਹੀ ਹੈ।ਪਰ ਦੇਸ਼ ਅੰਦਰ ਤਕਨੀਕੀ ਪੱਖੋਂ ਤਰੱਕੀ ਕਰਨ ਕਾਰਣ ਚਾਰ ਪਹੀਆ ਵਾਹਨਾਂ ਦੇ ਮਾਡਲ ਐਨੇ ਆਧੁਨਿਕ ਆ ਗਏ ਜਿਨ੍ਹਾਂ ਦੀ ਰਫਤਾਰ ਬਹੁਤ ਤੇਜ਼ ਹੈ ਪਰ ਇਨ੍ਹਾਂ ਦੇ ਚਲਣ ਲਈ ਯੋਗ ਸੜਕਾਂ ਦੀ ਘਾਟ ਹੈ,ਜਿਸ ਕਾਰਨ ਨਿੱਤ ਹੀ ਸੜਕਾਂ ਤੇ ਦੁਰਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਪੰਜਾਬ ਦੀ ਗੱਲ ਕਰੀਏ ਤਾਂ ਰਾਜ ਸਰਕਾਰਾਂ ਵਿਕਾਸ ਦੀ ਗੱਲ ਤਾਂ ਕਰਦੀਆ ਆ ਰਹੀਆਂ ਹਨ ਪਰ ਰਾਜ ਅੰਦਰ ਸ਼ਹਿਰਾਂ ਨੂੰ ਟੋਲ ਪਲਾਜ਼ਿਆਂ ਵਾਲੀਆ ਸੜਕਾਂ ਨਾਲ ਜੋੜ ਕੇ ਸਰਕਾਰ ਨੇ ਪ੍ਰਮੁੱਖ ਸੜਕਾਂ ਬਣਾਉਣ, ਮੁਰੰਮਤ ਕਰਨ ਆਦਿ ਦੇ ਕੰਮ ਦੀ ਜ਼ਿੰਮੇਵਾਰੀ ਤੋਂ ਕਿਨਾਰਾ ਕਰ ਲਿਆ ਹੈ।ਇਨ੍ਹਾਂ ਨਵੀਆਂ ਬਣੀਆਂ ਸੜਕਾਂ ਦੇ ਆਲੇ ਦੁਆਲੇ ਕੱਚੀ ਥਾਂ ਦੀ ਕੋਈ ਇਕਸਾਰਤਾ ਨਹੀਂ ਦਿੱਸਦੀ,ਨਾ ਹੀ ਅਵਾਰਾ ਡੰਗਰਾਂ ਤੋਂ ਬਚਾਅ ਲਈ ਉਚਿੱਤ ਵਾੜ/ ਜੰਗਲੇ ਦਾ ਹੀ ਪੂਰਾ ਪ੍ਰਬੰਧ ਹੈ।ਸੜਕਾਂ ਤੇ ਰੋਜ਼ਾਨਾ ਅਨੇਕਾਂ ਹੀ ਜਾਨਵਰ ਵਾਹਨਾਂ ਨਾਲ ਟਕਰਾ ਕੇ ਮਰ ਜਾਂਦੇ ਹਨ ਜਿਨ੍ਹਾਂ ਨੂੰ ਚੁੱਕਣ ਦਾ ਕੋਈ ਪ੍ਰਬੰਧ ਨਹੀਂ ਜੋ ਕਿ ਗਲ ਸੜ੍ਹਕੇ ਬਦਬੂ ਫੈਲਾ ਕੇ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ। ਅਸੀਂ ਰੀਸਾਂ ਬਾਹਰਲੇ ਦੇਸ਼ਾਂ ਦੀਆਂ ਜਰੂਰ ਕਰ ਲੈਣੇ ਹਾਂ। ਅਜੇ ਇਨ੍ਹਾਂ ਟੋਲ ਸੜਕਾਂ ਵਿੱਚ ਆਉਂਦੇ ਸ਼ਹਿਰਾਂ 'ਚੋਂ ਲੰਘਣ ਲਈ ਸਾਰੇ ਥਾਵਾਂ ਤੇ ਪੁੱਲ ਨਹੀਂ ਬਣੇ, ਜਿਥੇ ਲੰਬਾ ਸਮਾਂ ਜਾਮ ਵਿੱਚ ਖੜ੍ਹਨਾ ਪੈਂਦਾ ਹੈ, ਪਰ ਟੋਲ ਪਹਿਲਾਂ ਹੀ ਸ਼ੁਰੂ ਕਰ ਦਿੱਤੇ ਜਾਂਦੇ ਹਨ। ਟੋਲ ਸੜਕਾਂ ਦਾ ਟੁੱਟਣਾ ਆਮ ਵਰਤਾਰਾ ਹੈ ਸੋ ਰੋਜ਼ਾਨਾ ਸਬੰਧਤ ਕੰਪਨੀ ਵਲੋਂ ਸੜਕਾਂ ਦੀ ਚੈਕਿੰਗ ਹੋਣੀ ਚਾਹੀਦੀ ਹੈ ਜਿਥੇ ਕਿਤੇ ਕੋਈ ਸੜਕ ਟੁੱਟਣ ਦੀ ਸੰਭਾਵਨਾ ਹੋਵੇ ਤੁਰੰਤ ਉਥੇ ਮੁਰੰਮਤ ਕੀਤੀ ਜਾਵੇ ਤਾਂ ਜੋ ਵੱਡਾ ਟੋਆ ਨਾ ਪਵੇ, ਮੀਂਹ ਪੈਣ ਤੋਂ ਬਾਅਦ ਆਮ ਕਮਜੋਰ ਥਾਵਾਂ ਤੋਂ ਸੜਕ ਟੁੱਟ ਕੇ ਟੋਏ ਪੈ ਜਾਂਦੇ ਹਨ ਪਰ ਇਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੰਦਾ ਜਿਸ ਕਾਰਣ ਕਈ ਵਾਰ ਹਾਦਸੇ ਵਾਪਰ ਜਾਂਦੇ ਹਨ ਤੇ ਲੋਕ ਇਸ ਨੂੰ ਵੀ ਕੁਦਰਤ ਦਾ



ਭਾਣਾ ਮੰਨ ਲੈਂਦੇ ਹਨ। ਇਸੇ ਤਰ੍ਹਾਂ ਸੜਕਾਂ ਦੇ ਕਿਨਾਰਿਆਂ ਤੇ ਖੜ੍ਹੇ ਦਰਖਤਾਂ ਜਾਂ ਝਾੜੀਆਂ ਦੀਆਂ ਟਾਹਣੀਆਂ ਖਾਸ ਕਰਕੇ ਬਰਸਾਤ ਦੇ ਦਿਨਾਂ ਵਿੱਚ ਦੋ ਪਹੀਆ ਵਾਹਨਾਂ ਲਈ ਕਈ ਵਾਰੀ ਦੁਰਘਟਨਾ ਵਾਪਰਨ ਦਾ ਕਾਰਨ ਬਣਦੀਆਂ ਹਨ । ਸੜਕ ਉੱਪਰ ਕੋਈ ਵੀ ਟਾਹਣੀ ਨੇੜੇ ਨਹੀਂ ਹੋਣੀ ਚਾਹੀਦੀ ਤਾਂ ਜੋ ਟਰੈਫਿਕ ਨਿਰਵਿਘਨ ਚਲਦੀ ਰਹੇ।

ਮੇਨ ਸੜਕਾਂ ਤੇ ਉੱਚਿਤ ਥਾਵਾਂ ਤੇ ਚਿੱਟੀਆਂ, ਪੀਲੀਆਂ, ਕਾਲੀਆਂ ਪੱਟੀਆਂ ਦੇ ਨਿਸ਼ਾਨ ਅਧੂਰੇ ਪਏ ਰਹਿੰਦੇ ਹਨ, ਜੋ ਦੁਰਘਟਨਾਵਾਂ ਨੂੰ ਸੱਦਾ ਦਿੰਦੇ ਹਨ। ਉੱਚਿਤ ਥਾਵਾਂ ਤੇ ਉਨ੍ਹਾਂ ਨੂੰ ਦਰਸਾਉਣ ਲਈ ਸਾਈਨ ਬੋਰਡ ਲਾਏ ਜਾਣੇ ਚਾਹੀਦੇ ਹਨ ਤਾਂ ਜੋ ਕੋਈ ਗਲਤ ਥਾਂ ਜਾਂ ਰਸਤੇ ਤੇ ਨਾ ਜਾ ਸਕੇ। ਇਸ ਤਰ੍ਹਾਂ ਕਈ ਵਾਰੀ ਸਮੇਂ ਦੀ ਬਰਬਾਦੀ ਹੁੰਦੀ ਹੈ। ਪਿੰਡਾਂ ਦੀਆਂ ਲਿੰਕ ਸੜਕਾਂ ਦਾ ਮਾੜਾ ਹਾਲ ਹੈ । ਪਿੰਡਾਂ ਦੀਆਂ ਫਿਰਨੀਆਂ ਦੁਆਲੇ ਪਾਣੀ ਪਿਛਲੇ ਸਮਿਆਂ ਤੋਂ ਖੜ੍ਹਦਾ ਆ ਰਿਹਾ ਹੈ, ਸੜਕਾਂ ਉੱਚੀਆਂ ਕਰ ਦਿੱਤੀਆਂ ਜਾਦੀਆਂ ਹਨ ਪਰ ਪਾਣੀ ਦੀ ਨਿਕਾਸੀ ਦਾ ਉੱਚਿਤ ਪ੍ਰਬੰਧ ਨਾ ਹੋਣ ਕਾਰਨ ਥੋੜ੍ਹੇ ਸਾਲਾਂ ਬਾਅਦ ਫਿਰ ਪਾਣੀ ਖੜ੍ਹਣ ਲੱਗ ਜਾਂਦਾ ਹੈ। ਇਹ ਸਮੱਸਿਆ ਤਕਰੀਬਨ ਸਾਰੇ ਪਿੰਡਾਂ ਦੀ ਹੀ ਹੈ। ਪਿੰਡਾਂ ਦੀਆਂ ਗਲੀਆ ਨਾਲੀਆਂ ਦਾ ਪਾਣੀ ਖਪਤ ਕਰਨ ਲਈ ਸਰਕਾਰ ਵਲੋਂ ਪਿੰਡਾਂ ਨੂੰ ਵਧੀਆ ਸਿਸਟਮ ਦੇ ਕੇ ਇਸ ਪਾਣੀ ਦੀ ਖੇਤਾਂ ਲਈ ਸਿੰਜਾਈ ਕਰਨ ਲਈ ਮਸੀਨਰੀ ਉਪਲੱਭਦ ਕਰਾਈ ਜਾਵੇ, ਜਿਸ ਨਾਲ ਇਹ ਮਸਲਾ ਹੱਲ ਅਤੇ ਆਮਦਨ ਦਾ ਸਾਧਨ ਵੀ ਬਣ ਸਕਦਾ ਹੈ। ਸਾਨੂੰ ਆਪਣੀ ਸੋਚ ਨੂੰ ਬਦਲਣ ਅਤੇ ਜਾਗਰੂਕ ਹੋਣ ਦੀ ਲੋੜ ਹੈ ਤਾਂ ਕਿ ਅਸੀਂ 'ਚਲੋ ਆਪਾਂ ਕੀ ਲੈਣਾ' ਦੀ ਬਜਾਇ ਬਣਦੀਆਂ ਸਹੂਲਤਾਂ ਲੈਣ ਲਈ ਅੱਗੇ ਆਈਏ ਕਿਉਂਕਿ ਅਸੀਂ ਟੈਕਸ ਦੇ ਰਹੇ ਹਾਂ, ਜੇ ਪੂਰੀਆਂ ਸਹੂਲਤਾਂ ਨਹੀਂ ਤਾਂ ਟੈਕਸ ਕਾਹਦਾ। ਜੇ ਹਰ ਰੋਜ਼ ਟੈਕਸ ਦਿੰਦੇ ਹਾਂ ਤਾਂ ਹਰ ਰੋਜ਼ ਸੜਕ ਤੋਂ ਲੰਘਣ ਲਈ ਸੜਕ ਵੀ ਸਾਫ ਅਤੇ ਰੁਕਾਵਟ ਰਹਿਤ ਹੋਣੀ ਚਾਹੀਦੀ ਹੈ। ਸਰਕਾਰ ਨੇ ਜਦੋਂ ਆਪ ਇਨ੍ਹਾਂ ਸੜਕਾਂ ਤੇ ਕੋਈ ਪੈਸਾ ਨਹੀਂ ਖਰਚਣਾ ਤਾਂ ਇਨ੍ਹਾਂ ਪ੍ਰਾਈਵੇਟ ਠੇਕੇਦਾਰਾਂ ਤੋਂ ਅਜੇ ਤਾਂ ਲੱਗਦਾ ਨਹੀਂ ਪੰਜਾਬ ਅੰਦਰ ਸੜਕਾਂ ਦੀ ਦਸ਼ਾ ਸੁਧਰ ਜਾਣ ਦਾ ਸਮਾਂ ਵੀ ਆਵੇਗਾ। ਲਿੰਕ ਸੜਕਾਂ ਦਾ ਵੀ ਮਾੜਾ ਹਾਲ ਹੈ ਜਦੋਂ ਇਹ ਬਿਲਕੁਲ ਖਸਤਾ ਹੋ ਜਾਂਦੀਆਂ ਹਨ ਤਾਂ ਵੀ ਮਹਿਕਮੇ ਵਾਲੇ ਸਾਰ ਨਹੀਂ ਲੈਂਦੇ ਨੇ । ਟੈਕਸ ਦੇਣੇ ਔਖੇ ਨਹੀਂ ਲੱਗਦੇ ਜੇਕਰ ਉਹ ਸਰਕਾਰ ਕੋਲ ਜਾਣ ਪਰ ਇਹ ਪ੍ਰਾਈਵੇਟ ਕੰਪਨੀਆਂ ਕੋਲ ਕਰੋੜਾਂ ਰੁਪਏ ਪੰਜਾਬ ਤੋਂ ਬਾਹਰ ਰੋਜ਼ਾਨਾ ਜਾ ਰਿਹਾ ਹੈ,ਜੋ ਕਿ ਪੰਜਾਬ ਦੇ ਵਿਕਾਸ ਲਈ ਘਾਟਾ ਪਾ ਰਿਹਾ ਹੈ। ਸੋ ਸਰਕਾਰ ਨੂੰ ਇਨ੍ਹਾਂ ਸੜਕਾਂ ਦੀਆਂ ਬਣਦੀਆਂ ਸਹੂਲਤਾਂ ਦੇਣ ਦੀ ਜ਼ਿੰਮੇਵਾਰੀ ਨੂੰ ਪਹਿਲ ਦੇ ਆਧਾਰ ਤੇ ਸੜਕਾਂ ਬਣਾਉਣ ਵਾਲੀਆਂ ਕੰਪਨੀਆਂ /ਠੇਕੇਦਾਰਾਂ ਤੋਂ ਕਰਵਾਉਣਾ ਚਾਹੀਦਾ ਹੈ।

## ਅੱਗ 'ਤੇ ਪਾਉਂਦੇ ਤੇਲ!

ਆਈ ਚਲਦੀ ਰੀਤ ਇਹ ਹਾਕਮਾਂ ਦੀ
ਫੁੱਟ ਪਾਇ ਕੇ ਰਾਜ ਚਲਾਉਣ ਵਾਲੀ।

ਪੁੱਠ ਚਾੜ੍ਹ ਕੇ ਜੋਸ਼ ਦੀ 'ਬਹੁਤਿਆਂ' ਨੂੰ
ਘੱਟ ਗਿਣਤੀਆਂ ਲਈ ਡਰਾਉਣ ਵਾਲੀ।

'ਧਾਰਾ' ਝੱਟ ਕਾਨੂੰਨ ਦੀ ਪਾਸ ਹੁੰਦੀ
ਉਠਦੀ ਨਾਬਰੀ ਫੱਟ ਦਬਾਉਣ ਵਾਲੀ।

ਉਚੀ 'ਰਾਗਣੀ' ਹੋਰ ਹੀ ਗਾਈ ਜਾਂਦੀ
ਅਸਲੀ ਮੁੱਦਿਆਂ ਤਾਈਂ ਭੁਲਾਉਣ ਵਾਲੀ।

ਡੌਂਡੀ ਪਿੱਟ ਵਿਕਾਸ ਤੇ ਸ਼ਾਂਤੀ ਦੀ
ਕਰੇ ਜ਼ੁਲਮ ਦੇ ਜ਼ਖਮ ਲੁਕਾਉਣ ਲੱਗਦੇ।

ਭਾਂਬੜ ਬਾਲਦੇ ਅੱਗ ਦੇ ਆਪ ਪਹਿਲੇ
ਮਗਰੋਂ ਤੇਲ ਦੇ ਨਾਲ ਬੁਝਾਉਣ ਲੱਗਦੇ।



– ਤਰਲੋਚਨ ਸਿੰਘ 'ਦੁਪਾਲਪੁਰ'
001-408-915-1268

# ਕਵੀ ਈਸ਼ਰ ਸਿੰਘ 'ਮੋਮਨ' ਨਾਲ ਇਕ ਖਾਸ ਮੁਲਾਕਾਤ

ਉਤਰੀ ਅਮਰੀਕਾ ਨਿਵਾਸੀ ਈਸ਼ਰ ਸਿੰਘ 'ਮੋਮਨ' ਸਾਹਿਤ ਵਿਚ ਇਕ ਜਾਣਿਆ ਨਾਂ ਹੈ। ਜੋ ਕਵਿਤਾ ਲਿਖਣ ਦੇ ਨਾਲ ਨਾਲ ਮੰਚ ਕਵੀ ਹੈ। ਜਿਸਨੇ ਕਾਵਿ ਪੁਸਤਕਾਂ ਲਿਖਣ ਦੇ ਨਾਲ-ਨਾਲ ਪੂਰੇ ਭਾਰਤ ਤੇ ਫਿਰ ਅਮਰੀਕਾ ਵਿਚ ਕਵਿਤਾਵਾਂ ਪੜ੍ਹੀਆਂ ਹਨ।



ਸੰਨ 1995 ਤੋਂ ਮੋਮਨ ਜੀ ਦੀ ਕਵਿਤਾ ਸੁਣ-ਦਿਆਂ ਮੁਲਾਕਾਤਾਂ ਹੁੰਦੀਆਂ ਰਹੀਆਂ। ਦਿਲੀ ਸਾਂਝ ਅਤੇ ਨੇੜਤਾ ਵੀ ਬਣ ਗਈ। ਫੋਨ ਤੇ ਗੱਲਬਾਤ ਹੁੰਦੀ ਰਹਿੰਦੀ। ਪਰ ਨਿੱਠ-ਬੈਠ ਕੇ 93 ਸਾਲਾ ਸ਼ਾਇਰ ਮੋਮਨ ਜੀ ਨਾਲ ਗੱਲਬਾਤ ਦਾ ਮੌਕਾ ਨਹੀਂ ਮਿ-ਲਿਆ। ਆਪਣੇ ਸਾਥੀ ਜਸਦੀਪ ਸਿੰਘ ਫਰੀਮਾਂਟ ਨਾਲ 'ਮੋਮਨ' ਜੀ ਦੇ ਗ੍ਰਹਿ ਵਿਚ ਉਚੇਚੇ ਤੌਰ 'ਤੇ ਜਾ ਕੇ ਜੋ ਗੱਲਬਾਤ ਹੋਈ, ਦਾ ਵੇਰਵਾ ਹੈ:

ਮੋਮਨ ਜੀ ਦਾ ਜਨਮ 17 ਜੁਲਾਈ 1926 ਨੂੰ ਪਿਤਾ ਕਰਤਾਰ ਸਿੰਘ ਮਾਤਾ ਧੰਨ ਕੌਰ ਦੇ ਗ੍ਰਹਿ ਪਿੰਡ ਲੰ-ਗੋੜੀਆ (ਨਵਾਂ ਸ਼ਹਿਰ- ਜਲੰਧਰ) ਵਿਖੇ ਹੋਇਆ। ਸਕੂਲ ਦੀ ਪੜ੍ਹਾਈ ਪਿੰਡ ਜਾਡਲਾ ਵਿਚ ਕੀਤੀ। ਪੰਜਾਬੀ, ਉਰਦੂ ਅਤੇ ਫਾਰਸੀ ਦਾ ਗਿਆਨ ਹੈ। ਜੋਤੀ ਹੈਂਡਲੂਮ ਦਿੱਲੀ ਵਿਖੇ 1957 ਤੋਂ ਲੱਗਭੱਗ 30 ਸਾਲ ਨੌਕਰੀ ਕੀਤੀ। ਕਵੀ ਦਰਬਾਰਾਂ ਦੀ ਸ਼ਾਨ ਬਣੇ ਰਹੇ। ਆਪਣੇ ਸਮਕਾਲੀ ਸ਼ਾਇਰਾਂ ਦਾ ਨਿੱਘਾ ਸਾਥ ਮਾਣਿਆ, ਜਿਵੇਂ ਕਿ ਰਾਜ ਕਵੀ ਇੰਦਰਜੀਤ ਸਿੰਘ ਤੁਲਸੀ, ਆਜ਼ਾਦ ਜਲੰਧਰੀ, ਗਿਆਨੀ ਪ੍ਰੀਤਮ ਸਿੰਘ, ਬਰਕਤ ਪੰਜਾਬੀ, ਬਲਵੰਤ ਸਿੰਘ ਨਿਰਵੈਰ, ਜਗਜੀਤ ਸਿੰਘ ਨਾਜ਼ਕ, ਹਰਬੰਸ ਸਿੰਘ ਹੀਰਾ, ਬਲਵੰਤ ਸਿੰਘ ਕਾਫ਼ਰ, ਪ੍ਰੀਤਮ ਸਿੰਘ ਕਾਸਦ, ਗੁਰਮੀਤ ਸਿੰਘ ਕਮਲ, ਹਰਬੰਸ ਸਿੰਘ ਚਮਕ ਆਦਿ।

ਭਾਰਤ ਦੇ ਹਰ ਸ਼ਹਿਰ ਦੇ ਵੱਡੇ ਮੰਚ ਤੋਂ ਕਵਿਤਾ ਕਹੀ, ਜਿਵੇਂ ਕਿ ਗਾਜੀਆਬਾਦ, ਰਾਏਬਰੇਲੀ, ਬੰਬਈ, ਕਲਕੱਤਾ, ਲਖਨਊ, ਪੂਨਾ, ਕਾਨਪੁਰ, ਕਸ਼ਮੀਰ, ਪੰਜਾਬ ਆਦਿ । ਮੋਮਨ ਜੀ ਦੀਆਂ ਕੁਝ ਕਾਵਿ ਵੰਨਗੀਆਂ ਪੇਸ਼ ਹਨ-

'ਬੰਗਲਾ ਸਾਹਿਬ' ਕਵਿਤਾ ਸ਼ਾਇਰੀ ਦੇ ਨਿਖਾਰ ਵਿਚ ਸੁੰਦਰ ਸ਼ੇਅਰ ਪੜ੍ਹੇ-

ਸ਼ਰਧਾ ਦੀ ਝੋਲੀ ਭਰਦੀ ਹੈ, ਫਲ ਖਿੜਦੇ ਨੇ ਸੰਤਾਨਾਂ ਦੇ।
ਸਾਹਿਬਾਂ ਦੇ ਸੋਹਣੇ ਬੰਗਲੇ 'ਚੋਂ ਸੁਖ ਮਿਲਦੇ ਦੋਹਾਂ ਜਹਾਨਾਂ ਦੇ
ਬੰਗਲੇ ਦੀ ਕੁੱਲ ਇਮਾਰਤ ਤੇ ਸਿਮਰਨ ਦਾ ਲੱਗਾ ਗਾਰਾ ਏ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖੀ ਸ਼ਰਧਾ ਦੀ ਰਚਨਾ ਹੈ-

ਇਹ ਸੇਵਾ ਸਿਮਰਨ ਤੇ ਸਤਿਕਾਰ 'ਚੋਂ ਨਿਕਲੀ ਹੈ
ਇਹ ਸ਼ਰਮ ਸਿਆਸਤ ਦੇ ਸ਼ਿੰਗਾਰ 'ਚੋਂ ਨਿਕਲੀ ਹੈ
ਬੇਗਿਣਤ ਸ਼ਹੀਦਾਂ ਦੀ ਇਹ ਡਾਰ 'ਚੋਂ ਨਿਕਲੀ ਹੈ
ਬੇਗਿਣਤ ਜਲਾਦਾਂ ਦੇ ਇਹ ਵਾਰ 'ਚੋਂ ਨਿਕਲੀ ਹੈ
ਇਹ ਸਿੱਖੀ ਧਰਤੀ ਤੇ ਅਸਮਾਨ 'ਚੋਂ ਨਿਕਲੀ ਹੈ
ਇਹ 'ਮੋਮਨ' ਸ਼ਾਹੀ ਦੇ ਇਮਾਨ 'ਚੋਂ ਨਿਕਲੀ ਹੈ।

'ਮੋਮਨ' ਜੀ ਨੇ ਸੰਨ 1984 ਵਿਚ ਯੂਬਾ ਸਿਟੀ (ਅਮ-ਰੀਕਾ) ਪ੍ਰਵਾਸ ਕੀਤਾ। ਜ਼ਿੰਦਗੀ ਦੇ ਦੁੱਖ-ਸੁੱਖ ਹੰਢਾਏ। ਆਪਣੇ ਬੇਟੇ ਅਤੇ ਪਰਿਵਾਰ ਨਾਲ ਖੁਸ਼ਹਾਲ ਜੀਵਨ ਜੀਅ ਰਹੇ ਹਨ। ਉਮਰ ਦਾ ਤਕਾਜ਼ਾ ਹੈ ਕੁਝ ਸਰੀਰਕ ਮੁਸ਼ਕਿਲਾਂ ਤਾਂ ਆ ਹੀ ਜਾਂਦੀਆਂ ਹਨ। ਜਿਸ ਨਾਲ ਆਉਣ-ਜਾਣ ਘੱਟ ਗਿਆ ਹੈ। ਲਿਖਣ ਦੀ ਕਲਾ ਵੀ ਮੱਧਮ ਹੈ। ਫਿਰ ਵੀ ਤੁਰ-ਫਿਰ ਕੇ ਚੰਗੀ ਸਿਹਤ ਤੇ ਹੌਸਲੇ ਬੁਲੰਦ ਹਨ। ਮੰਚ ਕਵੀ ਦੀ ਆਵਾਜ਼ ਕਾਇਮ ਹੈ। ਅਖੀਰੀ ਉਮਰ ਵਾਲਿਆਂ ਲਈ ਇਸ਼ਾਰਾ ਹੈ, ਕਹਿੰਦੇ ਹਨ:

ਬੜੀ ਮਾਲਾ ਫੇਰੀ ਬੜਾ ਮੰਨ ਨੂੰ ਧੋਇਆ
ਮੈਂ ਹਰ ਸਵਾਸ ਮਣਕੇ ਦੇ ਵਾਂਗ ਪ੍ਰੋਇਆ
ਧੂੰਏ ਵੀ ਤਾਏ ਬੜੇ ਯੋਗ ਸਾਧੇ
ਮੇਰੇ ਮਨ ਵਿਚ ਤੇਰਾ ਬਸੇਰਾ ਨਾ ਹੋਇਆ।

ਮੋਮਨ ਜੀ ਦੀ ਲੰਮੀ ਉਮਰ ਦੀ ਦੁਆ ਅਤੇ ਇਕ ਯਾਦਗਾਰੀ ਤਸਵੀਰ ਨਾਲ ਵਿਦਾ ਲਈ।

# ਸੁਪ੍ਰਸਿੱਧ ਲੇਖਿਕਾ ਸੁਰਜੀਤ ਦੇ ਕਹਾਣੀ ਸੰਗ੍ਰਹਿ 'ਪਾਰਲੇ ਪੁਲ਼' 'ਤੇ ਚਰਚਾ ਰੌਚਿਕ ਅਤੇ ਪ੍ਰਭਾਵਸ਼ਾਲੀ ਰਹੀ

**ਨਿਊਵਾਰਕ (ਬਿਊਰੋ)-** ਬੀਤੇ ਐਤਵਾਰ ਨੂੰ ਮਹਿਰਾਨ ਰੈਸਟੋਰੈਂਟ , ਨਿਊਵਾਰਕ ਕੈਲੀ ਫੋਰਨੀਆ ਵਿਖੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫੋਰਨੀਆ ਦੀ ਮਹੀਨੇਵਾਰ ਸਾਹਿਤਕ ਇਕੱਤਰਤਾ ਇਕ ਵਿਸ਼ੇਸ਼ ਅਤੇ ਮਹੱਤਵਪੂਰਨ ਸਾਹਿਤਕ ਮਿਲਣੀ ਹੋ ਨਿੱਬੜੀ। ਕੈਨੇਡਾ ਤੋਂ ਲੇਖਿਕਾ ਸੁਰਜੀਤ ਕੌਰ ਅਤੇ ਉਹਨਾਂ ਦੇ ਸ਼ਰੀਕੇ ਹਯਾਤ ਸ. ਪਿਆਰਾ ਸਿੰਘ ਕੁੱਦੋਵਾਲ ਨੂੰ ਸਮਰਪਿਤ ਹੋਈ ਇਹ ਸਾਹਿਤਕ ਬੈਠਕ ਇਕ ਯਾਦਗਾਰੀ ਮਿਲਣੀ ਸਾਬਤ ਹੋਈ। ਇਸ ਬੈਠਕ ਦਾ ਮਨੋਰਥ ਇਸ ਵਿਚ ਨਿਹੱਤ ਸੀ ਕਿ ਸੁਰਜੀਤ ਕੌਰ ਦੀ ਕਾਵਿ ਪ੍ਰਤਿਭਾ ਦੇ ਨਾਲ ਨਾਲ ਉਹਨਾਂ ਦੀ ਵਾਰਤਕ ਪ੍ਰਤਿਭਾ ਉਹਨਾਂ ਵਲੋਂ ਨਵ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ, 'ਪਾਰਲੇ ਪੁ.ਲ' ਦੀਆਂ ਅੰਕਿਤ ਦਸ ਕਹਾਣੀਆਂ ਪ੍ਰਤੀ ਹਾਜ਼ਰ ਲੇਖਕਾਂ ਦੁਆਰਾ ਵਿਸ਼ਲੇਸ਼ਣ ਸੀ। ਬੈਠਕ ਦਾ ਆਰੰਭ ਵਿਪਸਾ ਦੇ ਪ੍ਰਧਾਨ ਸੁਰਿੰਦਰ ਸੀਰਤ ਨੇ ਸੁਰਜੀਤ ਕੌਰ, ਪਿਆਰਾ ਸਿੰਘ ਕੁੱਦੋਵਾਲ ਅਤੇ ਹਾਜ਼ਰ ਲੇਖਕਾਂ ਨੂੰ ਜੀ ਆਇਆਂ ਆਖਦਿਆਂ, ਬੈਠਕ ਦਾ ਕੁੰਜੀਵਤ ਸਾਰਤੱਤ ਪ੍ਰਸਤੁਤ ਕੀਤਾ ਅਤੇ ਨਾਲ ਹੀ ਪਿਆਰਾ ਸਿੰਘ ਕੁੱਦੋਵਾਲ ਨੂੰ ਬੈਠਕ ਦੀ ਪ੍ਰਧਾਨਗੀ ਲਈ, ਸੁਰਜੀਤ ਕੌਰ ਨੂੰ ਵਿਸ਼ੇਸ਼ ਮਹਿਮਾਨ ਵਜੋਂ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਕਮਲ ਦੇਵ ਪਾਲ ਨੂੰ ਵਿਪਸਾ ਵਲੋਂ ਪ੍ਰਧਾਨਗੀ ਮੰਡਲ ਵਿਚ ਸ਼ੁਸ਼ੋਭਿਤ ਹੋਣ ਲਈ ਆਦਰ-ਪੂਰਵਕ ਸੱਦਾ ਦਿੱਤਾ। ਇਸ ਮਗਰੋਂ ਵਿਪਸਾ ਦੀ ਜਨਰਲ ਸਕੱਤਰ ਲਾਜ ਨੀਲਮ ਸੈਣੀ ਨੇ ਬੈਠਕ ਦੀ ਕਾਰਵਾਈ ਆਰੰਭ ਕੀਤੀ। ਉਹਨਾਂ ਨੇ ਸੁਰਜੀਤ ਕੌਰ ਦੀ ਪਲੇਠੀ ਕਹਾਣੀ ਪੁਸਤਕ, 'ਪਾਰਲੇ ਪੁਲ਼' ਨੂੰ ਪਰਵਾਸੀ ਵਾਰਤਕ ਦੇ ਸੰਬੰਧ ਵਿਚ ਇਕ ਸਲਾਹੁਣਯੋਗ ਦੇਣ ਵਜੋਂ ਸਵੀਕਾਰਦਿਆਂ ਸਭ ਤੋਂ ਪਹਿਲਾਂ ਅਮਰਜੀਤ ਕੌਰ ਪੰਨੂੰ ਨੂੰ ਕਹਾਣੀਆਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸੱਦਾ ਦਿਤਾ। ਉਹਨਾਂ ਅਨੁਸਾਰ ਇਹ ਕਹਾਣੀਆਂ ਪਾਠਕ ਨਾਲ ਇੱਕ ਭਾਵਨਾਤਮਕ ਸਾਂਝ ਪੈਦਾ ਕਰਦੀਆਂ ਹਨ ਅਤੇ ਪਾਠਕ ਨੂੰ ਤੇ ਉਸ ਦੀਆਂ ਭਾਵਨਾਵਾਂ ਨੂੰ ਆਪਣੇ ਨਾਲ ਲੈ ਤੁਰਦੀਆਂ ਹਨ। ਕਹਾਣੀ ਉਹੀ ਸਫਲ ਹੁੰਦੀ ਹੈ ਜੋ ਪਾਠਕ ਨੂੰ ਉਂਗਲੀ ਲਾ ਆਪਣੇ ਨਾਲ ਲੈ ਤੁਰੇ। ਉਸ ਨੇ ਪਹਿਲੀ ਕਹਾਣੀ ਦੀਆਂ ਕਈ ਨਿੱਕੀਆਂ ਨਿੱਕੀਆਂ ਘਟਨਾਵਾਂ ਨੂੰ ਲੈ ਕੇ ਬਹੁਤ ਭਾਵਪੂਰਨ ਗੱਲ ਕੀਤੀ। ਲਾਜ ਨੀਲਮ ਨੇ ਵੀ ਇਹੀ ਕਿਹਾ ਕਿ ਕਹਾਣੀ ਦੀ ਪਰਿਭਾਸ਼ਾ ਅਨੁਸਾਰ ਸੁਰਜੀਤ ਦੀਆਂ ਕਹਾਣੀਆਂ ਖਰੀਆਂ ਉੱਤਰਦੀਆਂ ਹਨ। ਉਸ ਤੋਂ ਬਾਅਦ ਗੁਲਸ਼ਨ ਦਿਆਲ ਨੇ ਤਿੰਨ ਕਹਾਣੀਆਂ ਜੋ ਉਸ ਨੇ ਪੜ੍ਹੀਆਂ ਹੋਈਆਂ ਸਨ ਉਹਨਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਸ ਅਨੁਸਾਰ ਪਹਿਲੀ ਕਹਾਣੀ ਯਥਾਰਥ ਦੇ ਬਹੁਤ ਨੇੜੇ ਹੈ ਤੇ ਇੱਕ ਸ਼ਕਤੀਸ਼ਾਲੀ ਕਹਾਣੀ ਹੈ- ਦੂਜੀ ਕਹਾਣੀ ਵੀ ਇੱਕ ਜ਼ਬਰਦਸਤ ਕਹਾਣੀ ਹੈ ਤੇ ਇਹ ਇੱਕ ਸੱਚੀ ਘਟਨਾ ਨਾਲ ਸਬੰਧ ਰੱਖਦੀ ਹੈ - ਇਸ ਕਹਾਣੀ ਦਾ ਅਖੀਰ ਭਾਵੇਂ ਇਸ ਦਾ ਕੋਈ ਜੁਆਬ ਜਾਂ ਹੱਲ ਨਹੀਂ ਦੇ ਸਕਿਆ ਪਰ ਇਹ ਕਹਾਣੀ ਇਸ ਲਈ ਜ਼ਬਰਦਸਤ ਤੇ ਇੱਕ ਸਫਲ ਕਹਾਣੀ ਹੈ ਕਿ ਉਹ ਪਾਠਕ ਦੇ ਮਨ ਵਿੱਚ ਹਜ਼ਾਰਾਂ ਸੁਆਲ ਖੜ੍ਹੇ ਕਰਦੀ ਹੈ ਤੇ ਪਾਠਕ ਨੂੰ ਇੱਕ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦੀ ਹੈ ਕਿ ਸਾਡੇ ਸਮਾਜ ਦੇ ਅੱਗੇ, ਬਲਕਿ ਦੁਨੀਆ ਅੱਗੇ ਬਹੁਤ ਸੁਆਲ ਖੜ੍ਹੇ ਹਨ ਇਸ ਵੇਲੇ ਜਿਸ ਦੇ ਹੱਲ ਅਸੀਂ ਲੱਭਣੇ ਹਨ। ਤੀਜੀ ਕਹਾਣੀ ਜੁਗਨੂੰ ਦਾ ਵੀ ਇੱਕ ਸਮਾਜਿਕ ਸੱਚ ਹੈ ਜਿਸ ਨੂੰ ਸੁਰਜੀਤ ਨੇ ਬਹੁਤ ਸੁਹਣੀ ਤਰ੍ਹਾਂ ਬਿਆਨ ਕੀਤਾ ਹੈ। ਇਸ ਤੋਂ ਬਾਅਦ ਲਾਜ ਨੀਲਮ ਸੈਣੀ ਜੀ ਨੇ ਭਾਰਤ ਤੋਂ ਪ੍ਰਸਿੱਧ ਕਹਾਣੀਕਾਰ ਜਸਵੀਰ ਰਾਣਾ ਜੀ ਦਾ 'ਵਟਸ ਐਪ' ਰਾਹੀਂ ਭੇਜਿਆ ਸੰਦੇਸ਼ ਸੁਣਾਇਆ - ਇਹ ਇੱਕ ਲੰਮਾ ਵਿਸ਼ਲੇਸ਼ਣ ਸੀ ਤੇ ਉਨ੍ਹਾਂ ਨੇ ਬੇਹੱਦ ਖੂਬਸੂਰਤੀ ਨਾਲ ਇਸ ਨੂੰ ਬਿਆਨ ਕੀਤਾ - ਇਹ ਉਨ੍ਹਾਂ ਨੇ ਪਹਿਲੀ ਕਹਾਣੀ ਬਾਰੇ ਸੀ ਜਿਸ ਵਿੱਚ ਇੱਕ ਕੁੱਤੇ ਨੂੰ ਲੈ ਕੇ ਤੇ ਅਮਰੀਕਾ ਵਿੱਚ 911 ਦੇ ਹਾਦਸੇ ਨੂੰ ਲੈ ਕੇ ਤੇ ਹੋਰ ਵੀ ਅਜਿਹੀਆਂ ਅਮਰੀਕੀ ਜ਼ਿੰਦਗੀ ਨੂੰ ਲੈ ਕੇ ਗੁੰਦਿਆ ਹੋਇਆ ਸੀ। ਵੱਖ ਵੱਖ ਦਿਸ਼ਾਵਾਂ ਨੂੰ ਅਮਰੀਕਾ ਦੀ ਜ਼ਿੰਦਗੀ ਨੂੰ ਇੱਕ ਵੱਡੇ ਹਾਦਸੇ ਨਾਲ ਪਰੋ ਤੇ ਕਿਵੇਂ ਇਨਸਾਨ ਦਾ ਆਪਣਾ ਮਨ ਸੌ ਰੰਗ ਬਦਲਦਾ ਹੈ - ਇਸ ਸਾਰੇ ਦਾ ਬਿਆਨ ਬਹੁਤ ਸੁਹਣਾ ਹੈ। ਇਸ ਤੋਂ ਬਾਅਦ ਸੁਖਵਿੰਦਰ ਕੰਬੋਜ ਨੇ ਆਪਣੇ ਵਿਚਾਰ ਦੱਸੇ- ਉਨ੍ਹਾਂ ਨੇ ਜਸਵੀਰ ਰਾਣਾ ਜੀ ਦੇ ਵਿਸ਼-ਲੇਸ਼ਣ ਨੂੰ ਸਲਾਹਿਆ ਤੇ ਕੰਬੋਜ ਨੇ ਜਿਸ ਕਹਾਣੀ ਨੂੰ ਚੁਣਿਆ ਉਹ ਇੱਕ ਐਮਰਜੈਂਸੀ ਰੂਮ ਨਾਲ ਸਬੰਧਿਤ ਸੀ। ਉਨ੍ਹਾਂ ਨੇ ਕਿਹਾ ਕਿ ਬਿਮਾਰ ਸਰੀਰ ਲਈ ਤਾਂ ਹਸਪਤਾਲ ਦਾ ਐਮਰੈਂਸੀ ਰੂਮ ਹੈ ਪਰ ਬਿਮਾਰ ਸਮਾਜ ਲਈ ਕੀ ਹੋ ਸਕਦਾ ਹੈ? ਉਨ੍ਹਾਂ ਦਾ ਸੁਆਲ ਸੀ ਕਿ ਬੰਦਾ ਬੰਦੇ ਦੇ ਹਰ ਦੁੱਖ ਵਿੱਚ ਸ਼ਾਮਿਲ ਹੁੰਦਾ ਹੈ ਤੇ ਉਹ ਦੂਜੇ ਦੇ ਦੁੱਖ ਦਾ ਇਲਾਜ ਵੀ ਕਰਦਾ ਹੈ ਪਰ ਇਸ ਦੇ ਬਾਵਜੂਦ ਅਖੀਰ ਵਿੱਚ ਇਨਸਾਨ ਇੱਕਲਾ ਕਿਉਂ ਹੋ ਜਾਂਦਾ ਹੈ? ਉਨ੍ਹਾਂ ਨੇ ਸੁਰਜੀਤ ਦੀਆਂ ਕਹਾਣੀਆਂ ਨੂੰ ਬਹੁਤ ਭਾਵਪੂਰਨ ਕਿਹਾ ਜਿਨ੍ਹਾਂ ਵਿੱਚ ਸਮਾਜ ਦੀ ਗੱਲ ਕੀਤੀ ਗਈ ਹੈ -ਇਨਸਾਨੀਅਤ ਦੀ ਗੱਲ ਕੀਤੀ ਗਈ ਹੈ। ਉਸ ਤੋਂ ਬਾਅਦ ਸੁਰਿੰਦਰ ਸੀਰਤ ਨੇ ਸੁਰਜੀਤ ਜੀ ਦੀ ਕਿਤਾਬ ਤੇ ਲੇਖਣੀ ਤੇ ਬੋਲਿਆ। ਉਨ੍ਹਾਂ ਕਿਹਾ ਕਿ ਸੁਰਜੀਤ ਇੱਕ ਗੰਭੀਰ, ਚਿੰਤਨਸ਼ੀਲ, ਤੇ ਸਾਊ ਸ਼ਖ਼ਸੀਅਤ ਦੀ ਲੇਖਿਕਾ ਹੈ। ਉਨ੍ਹਾਂ ਨੇ ਸੁਰਜੀਤ ਜੀ ਦੀਆਂ ਸਾਰੀਆਂ ਕਹਾਣੀਆਂ ਪੜ੍ਹੀਆਂ ਹਨ। ਉਹਨਾਂ ਅਨੁਸਰ ਪੁਸਤਕ ਦੀ ਪਹਿਲੀ ਕਹਾਣੀ ਇਸ ਵਿਚਲੇ ਮਨੋਵਿਗਿਆਨਕ ਕਥਾਰਸਿਸ ਦੁਆਰਾ ਸਟਰੀਮ ਆਫ ਕਾਨਸ਼ਸ ਦੀ ਇਕ ਉੱਚੇ ਸਤਰ ਦੀ ਕਹਾਣੀ ਹੈ ਜਿਸ ਵਿਚ ਆਤਮ ਗਿਲਟ, ਮਨੁੱਖੀ ਸੰਵੇਦਨਾ, ਮਾਸੂਮੀਅਤ ਦਾ ਵੱਡੀਆਂ ਤਾਕਤਾਂ ਦੁਆਰਾ ਕਤਲੇਆਮ, ਅਜੋਕੇ ਯੁੱਗ ਵਿਚ ਰਿਸ਼ਤਿਆਂ ਦੀ ਟੁੱਟ ਭੱਜ ਦੁਆਰਾ 'ਪੈਟ-ਲਵ ਦਾ ਵਧਦਾ ਜਾ ਰਿਹਾ ਸੰਕਲਪ ਅਤੇ ਓਹਨਾਂ ਪ੍ਰਤੀ ਸੰਵਾਦ ਇਸ ਕਹਾਣੀ ਦਾ ਪਾਠ ਬਹੁਤ ਰੌਚਿਕਤਾ ਪ੍ਰਦਾਨ ਕਰਦਾ ਹੈ।







ਇਸ ਕਹਾਣੀ ਦੇ ਸੰਦਰਭ ਵਿਚ ਹਵਾਲਾ ਦੇ ਕੇ ਉਨ੍ਹਾਂ ਨੇ ਕਿਹਾ ਕਿ ਹਾਲੇ ਤੱਕ ਬਾਹਰੀ ਗਿਣਤੀ ਵਿੱਚ ਹੁੰਦਿਆਂ ਵੀ ਇੱਥੋਂ ਦੀ ਸਿੱਖ ਸਮੁਦਾਇ ਅਮਰੀਕਾ ਵਿੱਚ ਆਪਣੀ ਪਛਾਣ ਨਹੀਂ ਬਣਾ ਸਕੀ ਅਤੇ ਸੁੰਗੜ ਕੇ ਗੁਰੂ ਘਰਾਂ ਤੱਕ ਹੀ ਸੀਮਤ ਹੈ। ਸੀਰਤ ਨੇ ਇਸ ਦੀ ਦੂਜੀ ਕਹਣੀ ਨੂੰ ਇਸ ਪੁਸਤਕ ਦੀ ਦੇਣ ਵਜੋਂ ਸਵੀਕਾਰਿਆ ਅਤੇ ਕਹਾਣੀ ਜੁਗਨੂੰ ਨੂੰ ਅਜੋਕੇ ਸਮੇਂ ਦੇ ਕੈਨਵਾਸ ਨਾਲ ਜੋੜ ਕੇ ਇਸ ਦੇ ਹਾਣ ਲਾਭ ਪ੍ਰਤੀ ਜਾਗ੍ਰਿਤ ਕਰਵਾਇਆ। ਉਪਰੰਤ ਲਾਜ ਨੀਲਮ ਸੈਣੀ ਨੇ ਕਿਤਾਬ ਦੇ ਮੁੱਖ ਬੰਦ ਨੂੰ ਲੈ ਕੇ ਜੋ ਕਿ ਡਾ. ਮੋਹਨ ਤਿਆਗੀ ਜੀ ਨੇ ਲਿਖਿਆ ਹੈ। ਉਸ ਵਿਚੋਂ ਕੁਝ ਸਤਰਾਂ ਪੜ੍ਹੀਆਂ ਜਿੰਨਾਂ ਦੁਆਰਾ ਲੇਖਿਕਾ ਦੀ ਵਾਰਤਕ ਪ੍ਰਤਿਭਾ ਤੇ ਚਾਨਣ ਪੈਂਦਾ ਹੈ। ਇਸ ਉਪਰੰਤ ਲੇਖਿਕਾ ਸੁਰਜੀਤ ਜੀ ਨਾਲ ਰੂ ਬ ਰੂ ਹੋਇਆ। ਉਹਨਾਂ ਦੱਸਿਆ ਕਿ 1995 ਵਿਚ ਜਦੋਂ ਉਹ ਅਮਕੀਕਾ ਪਰਿਵਾਰ ਸਣੇ ਆਏ ਤਾਂ ਇੱਥੇ ਬੇ ਏਰੀਏ ਵਿਖੇ ਪੰਜਾਬੀ ਸਾਹਿਤ ਸਭਾ ਕੈਲੀਫੋਰਨਆ ਨਾਲ ਜੁੜਨ ਦਾ ਅਵਸਰ ਪ੍ਰਾਪਤ ਹੋਇਆ ਜਿਸ ਨਾਲ ਉਹਨਾਂ ਦੀ ਲਿਖਣ ਦੀ ਜਗਿਆਸਾ ਮੁੜ ਸੁਰਜੀਤ ਹੋ ਗਈ ਅਤੇ ਅੱਜ ਉਹ ਜੋ ਕੁਝ ਵੀ ਸਾਹਿਤਕ ਜਗਤ ਵਿਚ ਦੇਣ ਦੇ ਸਮਰੱਥ ਹਨ ਇਸੇ ਸਭਾ ਦੀ ਦੇਣ ਕਾਰਨ ਹੈ। ਉਹਨਾਂ ਨੇ ਸਾਰਿਆਂ ਦਾ ਬਹੁਤ ਧੰਨਵਾਦ ਕੀਤਾ ਅਤੇ ਇਸ ਦੀ ਪੁਸ਼ਟੀ ਵੀ ਕੀਤੀ ਕਿ ਉਹ ਭਾਵੇਂ ਹੁਣ ਇੱਥੇ ਨਹੀਂ ਰਹਿੰਦੀ ਪਰ ਉਹ ਹਾਲੇ ਵੀ ਅਮਰੀਕਾ ਨੂੰ ਆਪਣੀ ਕਰਮ ਭੂਮੀ ਮੰਨਦੀ ਹੈ। ਇਸ ਤੋਂ ਬਾਅਦ ਵਿਪਸਾ ਵਲੋਂ ਉਹਨਾਂ ਦਾ ਸਵਾਗਤ ਇਕ ਸਨਮਾਨ ਪੱਤਰ ਤੇ ਸ਼ਾਲ ਨਾਲ ਕੀਤਾ ਗਿਆ। ਤਾਰਾ ਸਾਗਰ ਜੀ ਨੇ ਸੁਰਜੀਤ ਜੀ ਤੇ ਪਿਆਰਾ ਸਿੰਘ ਜੀ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕੀਤਾ ਅਤੇ ਪਿਆਰਾ ਸਿੰਘ ਕੁੱਦੋਵਾਲ ਨੂੰ ਵਿਪਸਾ ਵਲੋਂ ਵਿਪਸਾ ਲੇਖਕਾਂ ਦੀਆਂ ਪ੍ਰਾਪਤ ਪੁਸਤਕਾਂ ਦਾ ਇਕ ਸੈੱਟ ਭੇਂਟ ਕੀਤਾ ਗਿਆ।

ਦੁਪਹਿਰ ਦੇ ਖਾਣੇ ਤੋਂ ਬਾਅਦ ਇੱਕ ਛੋਟਾ ਜਿਹਾ ਕਵੀ ਦਰਬਾਰ ਹੋਇਆ। ਜਿਸ ਵਿਚ ਬੀਬੀ ਸੁਰਜੀਤ ਕੌਰ, ਮਾਸਟਰ ਰਿੰਕੂ, ਕਮਲ ਦੇਵ ਪਾਲ , ਲਾਜ ਨੀਲਮ ਸੈਣੀ, ਤਾਰਾ ਾਗਰ, ਕੁਲਵਿੰਦਰ ਅਤੇ ਪਿਆਰਾ ਸਿੰਘ ਕੁੱਦੋਵਾਲ ਨੇ ਰਚਨਾਵਾਂ ਦਾ ਮਹੌਲ ਬੰਨ੍ਹ ਦਿਤਾ। ਪਿਆਰਾ ਜਿੰਘ ਕੁੱਦੋਵਾਲ ਨੇ ਜਿੱਥੇ ਆਪਣੀ ਕਮਾਲ ਦੀ ਤਰੰਨਮ ਵਿਚ ਗ਼ਜ਼ਲ ਪੇਸ਼ ਕੀਤੀ ਉੱਥੇ ਨਾਲ ਹੀ ਕੈਨੇਡਾ ਵਿਖੇ ਸਾਹਿਤਕ ਸਰਗਰਮੀਆਂ ਤੋਂ ਜਾਣੂੰ ਕਰਵਾਇਆ। ਉਹਨਾਂ ਨੇ ਵੀ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਪ੍ਰਤੀ ਆਪਣੀਆਂ ਸਰਗਰਮੀਆਂ ਦੀਆਂ ਸਿਮਰਤੀਆ ਨੂੰ ਸਾਂਝਾ ਕੀਤਾ (ਆਪ ਪਸਸਕ ਦੇ ਦੋ ਵੇਰ ਪ੍ਰਧਾਨ ਰਹਿ ਚੁੱਕੇ ਹਨ) ਅਤੇ ਵਿਪਸਾ ਦਾ ਧੰਨਵਾਦ ਕਰਦੇ ਹੋਏ ਇਸ ਬੈਠਕ ਦਾ ਮੁਲਾਂਕਣ ਕੀਤਾ। ਬੈਠਕ ਵਿੱਚ ਹਾਜ਼ਰ ਹੋਣ ਵਾਲੇ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਵਿਚ ਮਾਸਟਰ ਰਿੰਕੂ, ਅਸ਼ੋਕ ਤਾਂਗੜੀ, ਕਮਲ ਦੇਵ ਪਾਲ, ਕਿਹਰ ਸਿੰਘ , ਸੁਰਜੀਤ ਕੌਰ ਸੈਕਰਾਮੈਂਟੋ, ਮਨਜੀਤ ਪਲਾਹੀ, ਅਮਰਜੀਤ ਪੰਨੂੰ, ਸੁਰਿੰਦਰ ਸੀਰਤ, ਤਾਰਾ ਸਿੰਘ ਸਾਗਰ, ਸੁਖਵਿੰਦਰ ਕੰਬੋਜ, ਕੁਲਵਿੰਦਰ, ਸੁਰਜੀਤ ਕੌਰ, ਪਿਆਰਾ ਸਿੰਘ ਕੁੱਦੋਵਾਲ, ਸੁਖਪਾਲ ਸੰਘੇੜਾ ਅਤੇ ਪ੍ਰੋ. ਬਲਜਿੰਦਰ ਸਿੰਘ ਸ਼ਾਮਿਲ ਸਨ।




# Buying or Selling any Business? Call Now 916-271-5404

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**




**Indian Restaurant**
**For Sale In Stockton**
**All Equipment & Fixtures Included**
**Listing Price: $149,900**




**2 Bedroom, 2 Bathroom**
**Sqft: 1280*, Lot Size: 3920***
**Listing Price: $295,000**
**Sacramento, CA**




**Smoke Shop for Sale in Sacramento**
**Monthly Gross Sales: $50K**
**Listing Price: $89,000**




**Gas Station, Liquor Store,**
**Deli, & Laundromat!**
**In Contra Costa County, CA**
**Listing Price: $1,200,000**




**Auto Repair & Lube Shop**
**Lot Size: 2000, Rent is ONLY $1500/mo.**
**Listing Price to $139,000**
**Sacramento, CA**




**Liquor Store for Sale in Santa Clara**
**Monthly Gross Sale: $90K**
**Listing Price: $649,000 plus Inventory**




**3 Bedroom, 3 Bathroom**
**Sqft: 1567*, Lot Size: 2448***
**Listing Price: $325,000**
**Sacramento, CA**




**5 Bedroom, 4 Bathroom**
**Sqft: 3006, Lot Size: 8276***
**Listing Price: $599,000**
**Sacramento, CA**




**Subway**
**for Sale in Sacramento**
**Listing Price: $224,900**




**Indian Restaurant**
**for Sale in Sacramento**
**Listing Price: $149,000**




**Liquor Store for Sale in Sacramento**
**Monthly Gross Sale: 80K**
**Down Payment: 350K (Seller will carry Rest)**
**Listing Price: $499,000 plus Inventory**




**Coffee Shop for Sale**
**Monthly Gross Sales: $25,000**
**Listing Price: $150,000**




**4 Bedroom, 3 Bathroom**
**Sqft: 2476*, Lot Size: 6617***
**Listing Price: $549,900 Elk Grove, CA**




**5 Bedroom, 4 Bathroom**
**Sqft: 2725*, Lot Size: 5249***
**Listing Price: $489,000 Elk Grove, CA**




**3 Bedroom, 2 Bathroom**
**Sqft: 1675*, Lot Size: 4792***
**Listing Price: $398,000 Sacramento, CA**




**BERKSHIRE HATHAWAY**
**Home Services**
**Elite Real Estate**

# OFFICE: 7412 ELSIE AVE., SACRAMENTO, CA 95828

# ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ (ਯੂ.ਐਸ.ਏ.)

ਜ਼ਖਮੀ ਪਾਣੀ ਬਿਨ ਮੱਛੀਆਂ ਵਾਂਗ ਤੜਫੇ, ਨਾਲੇ ਖ਼ੂਨ ਦੇ ਹੋਏ ਰਵਾਲ ਏਥੇ।

## ਜੱਲ੍ਹਿਆਂਵਾਲੇ ਬਾਗ ਦੇ ਖ਼ੂਨੀ ਘਾਣ ਦੀ ਦਾਸਤਾਂ ਬਿਆਨ ਕਰਦਾ

# "ਮੇਲਾ ਗਦਰੀ ਬਾਬਿਆਂ ਦਾ"

## ਐਤਵਾਰ, 1 ਸਤੰਬਰ 2019, ਦੁਪਹਿਰ 12 ਵਜੇ ਤੋਂ ਰਾਤ 8 ਵਜੇ ਤੱਕ

**ਸਥਾਨ: ਐਸ. ਈ. ਐਸ. ਹਾਲ, 10428 ਈਸਟ ਸਟਾਕਟਨ ਬੁਲੇਵਾਰਡ, ਐਲਕ ਗਰੂਵ, ਸੈਕਰਾਮੈਂਟੋ, ਕੈਲੀਫੋਰਨੀਆ 95624**






ਡਾ. ਸਤਿਆਪਾਲ



ਸ਼ਹੀਦ ਊਧਮ ਸਿੰਘ ਸੁਨਾਮ



ਡਾ. ਸੈਫੂਦੀਨ ਕਿਚਲੂ

*"ਹੋਏ 'ਜ਼ਮਜ਼ਮ' ਤੇ 'ਗੰਗਾ' ਇਕ ਥਾਂ 'ਕੱਠੇ, ਰਲਿਆ ਖ਼ੂਨ ਹਿੰਦੂ-ਮੁਸਲਮਾਨ ਏਥੇ।" -ਬਾਬੂ ਫਿਰੋਜ਼ਦੀਨ ਸ਼ਰਫ*

ਸਤਿਕਾਰਯੋਗ ਭੈਣੋ ਤੇ ਭਰਾਓ,

ਅੰਮ੍ਰਿਤਸਰ ਦੀ ਪਵਿਤਰ ਧਰਤੀ 'ਤੇ ਜੱਲ੍ਹਿਆਂਵਾਲੇ ਬਾਗ ਵਿਚ ਬਰਤਾਨਵੀ ਸਾਮਰਾਜ ਦੇ ਬੁੱਚੜ ਜਨਰਲ ਡਾਇਰ ਵਲੋਂ ਨਚਾਏ ਮੌਤ ਦੇ ਤਾਂਡਵ ਨਾਚ ਨੂੰ ਅੱਜ ਸੌ ਵਰ੍ਹੇ ਤੋਂ ਉਪਰ ਹੋ ਗਿਆ ਹੈ। ਵਿਸਾਖੀ ਵਾਲੇ ਦਿਨ, 13 ਅਪਰੈਲ 1919 ਨੂੰ ਰੌਲਟ ਐਕਟ ਦੇ ਖਿਲਾਫ ਪੁਰ ਅਮਨ ਰੋਸ ਪ੍ਰਗਟ ਕਰਨ ਲਈ ਇਕੱਠੇ ਹੋਏ ਲੋਕਾਂ 'ਤੇ ਮੌਤ ਦਾ ਇਹ ਕਹਿਰ ਟੁੱਟਿਆ ਸੀ। ਉਥੇ ਲਹੂ ਦੇ ਛੱਪੜ ਤੇ ਲਾਸ਼ਾਂ ਦੇ ਢੇਰ ਲੱਗੇ। ਜ਼ਖਮੀਆਂ ਦੀਆਂ ਚੀਕਾਂ, ਕੂਕਾਂ ਰਾਤ ਭਰ ਅੰਗਰੇਜ਼ੀ ਸਰਕਾਰ ਦੇ ਕੀਰਨੇ ਪਾਉਂਦੀਆਂ ਰਹੀਆਂ। ਕੂਚਾ ਕੋੜੀਆਂ ਵਾਲਾ ਹਾਲੇ ਵੀ ਗਰਭਵਤੀ ਔਰਤਾਂ ਦੇ ਢਿੱਡ ਭਾਰ ਰਿੜ੍ਹ ਕੇ ਲੰਘਣ ਦੀ ਗਵਾਹੀ ਭਰਦਾ ਹੈ।

ਆਓ! ਬਰਤਾਨਵੀ ਸਰਕਾਰ ਤੋਂ ਇਸ ਘਿਣਾਉਣੇ ਪਾਪ ਦੀ ਮੁਆਫੀ ਮੰਗਵਾਉਣ ਲਈ ਜੋਰਦਾਰ ਅਵਾਜ਼ ਬੁਲੰਦ ਕਰੀਏ। ਜੱਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਇਹ ਹੀ ਸੱਚੀ ਸ਼ਰਧਾਂਜਲੀ ਹੋਵੇਗੀ। ਤੁਹਾਡੇ ਭਰਵੇਂ ਹੁੰਗਾਰੇ ਦੀ ਆਸ ਨਾਲ।

### ਪਹੁੰਚ ਰਹੀਆਂ ਸ਼ਖ਼ਸੀਅਤਾਂ

ਬੀਬੀ ਮਾਲਵਿੰਦਰ ਕੌਰ, ਬੀਬੀ ਕਰਨੈਲ ਕੌਰ ਈਸੜੂ
ਦਲਵਿੰਦਰ ਸਿੰਘ ਧੂਤ, ਕਿਰਪਾਲ ਸਿੰਘ ਸੰਧੂ
ਜਗਦੀਸ਼ ਖੰਗੂੜਾ (ਬਾਬਾ ਕਰਤਾਰ ਸਿੰਘ ਦੁੱਕੀ ਦਾ ਪੋਤਾ) ਅਤੇ ਨਾਮਧਾਰੀ ਸੰਗਤ

### ਸਭਿਆਚਾਰਕ ਪ੍ਰੋਗਰਾਮ

ਢਾਡੀ ਜਥਾ, ਪੰਮੀ ਮਾਨ, ਜੀਵਨ ਰੱਤੂ, ਪੂਨਮ ਮਲਹੋਤਰਾ ਤੇ ਹੋਰ
ਭੰਗੜੇ ਤੇ ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ

### ਗਾਇਕ



ਗਿੱਲ ਹਰਦੀਪ



ਮੱਖਣ ਬਰਾੜ

**ਗਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ; ਖਾਣਾ, ਪਾਰਕਿੰਗ ਤੇ ਦਾਖਲਾ ਮੁਫਤ**

ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਫੋਨ: 916-420-2390
ਸਕੱਤਰ ਗਿਆਨ ਸਿੰਘ ਬਿਲਗਾ ਫੋਨ: 661-397-7330
ਖਜ਼ਾਨਚੀ ਜਗਜੀਤ ਸਿੰਘ ਗਿੱਲ ਫੋਨ: 209-985-1552
ਸਤਵਿੰਦਰ ਸਿੰਘ ਰਾਣਾ ਫੋਨ: 559-514-9777

ਰੁਪਿੰਦਰ ਸਿੰਘ ਸੰਘਾ, ਫੋਨ: 530-682-7810 ਬਲਵੰਤ ਬਾਂਕਾ, ਫੋਨ: 916-271-4216 ਸੁਰਿੰਦਰ ਸਿੰਘ ਗਿੱਲ, ਫੋਨ: 209-594-5602

**ਪ੍ਰਬੰਧਕ:** ਸੁਮਿੱਤਰ ਸਿੰਘ ਉਪਲ, ਜਰਨੈਲ ਸਿੰਘ ਸਰਪੰਚ, ਕਸ਼ਮੀਰ ਸਿੰਘ ਕਾਂਗਣਾ, ਪਿੰਦਰ ਸੰਘਾ, ਮਲਕੀਅਤ ਬੈਂਸ, ਮਾਸਟਰ ਬਲਬੀਰ ਸਿੰਘ ਬੇਕਰਜ਼ਫੀਲਡ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਭਾਗ ਸਿੰਘ ਰੱਕੜ, ਪਰਮਪ੍ਰੀਤ ਬਿੰਦਰਾ (ਅਟਾਰਨੀ ਐਟ ਲਾਅ), ਹਰਪ੍ਰੀਤ ਗਿੱਲ, ਕੇਵਲ ਬੋਲੀਨਾ, ਡਾ. ਹਰਪ੍ਰੀਤ ਕੰਦੋਲਾ, ਡਾ. ਗੁਰਪ੍ਰੀਤ ਗਿੱਲ, ਅਭੀਜੀਤ ਖੁਲਰ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ, ਸਰਬਜੀਤ ਸੂਹਰ, ਸੁਖਦੀਪ ਸੋਹਲ, ਅੰਮ੍ਰਿਤਪਾਲ ਭਠਲਾਵਾ, ਸਤਵਿੰਦਰ ਸਿੰਘ ਰਾਣਾ, ਮਨਦੀਪ ਸਿੰਘ।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੌਰਕਾਲ ਸਿਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਪਿਆਰਾ ਸਿੰਘ ਗੋਸਲ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਸਤਵੀਰ ਸਿੰਘ ਖਪਰਾ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੋਲਡਨ ਸਟੇਟ ਇੰਕ, ਪਰਮਜੀਤ ਸਿੰਘ ਬਿੰਦ, ਭਾਖੜੀ ਲਾਅ ਫਰਮ, ਸਾਬੀ ਸਿੰਘ ਟਰੱਕਿੰਗ, ਸੋਢੀ ਸਵਾਜਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ. ਜੇ. ਜੀ. ਐਸ. ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਥਾਂਦੀ, ਚੜ੍ਹਦਾ ਪੰਜਾਬ ਕਲੱਬ-ਸੈਕਰਾਮੈਂਟੋ, ਕੇਵਲ ਸਿੰਘ ਸਿੱਧੂ, ਜਸਮੇਲ ਸਿੰਘ ਚਿੱਟੀ (5 ਸਟਾਰ ਟੋਇੰਗ), ਹਰਨੇਕ ਸਿੰਘ, ਯੂ ਐਸ ਏ ਸਟਾਰ ਵਨ ਗੈਸੋਲੀਨ, ਧਾਮੀ ਬ੍ਰਦਰਜ਼, ਸੁੱਚਾ ਰਾਮ ਭਾਰਟਾ, ਪ੍ਰਿਤਪਾਲ ਸਿੰਘ ਭੋਗਲ; ਨਾਮਧਾਰੀ ਸੰਗਤ।

Video & Photography: Shiara Singh Dhindsa, Omni Video 661-703-6664, www.omnivideousa.com